ਤੇ ਦਾਰੂ



ਰ ਸਿੰਘ ਫ਼ਤਹਿਪੁਰੀ

ਦੁਖ ਤੇ ਦਾਰੂ

ਸਾਡਾ ਜਾਮ ਭਰੀਣ ਨਾ ਦਿੰਦੇ
ਭਰ ਲਈਏ ਤਾਂ ਪੀਣ ਨਾ ਦਿੰਦੇ।
ਜੀਵਨ ਦਾ ਨਹੀਂ ਚੱਜ ਜਿਨ੍ਹਾਂ ਨੂੰ
ਉਹੀ ਸਾਨੂੰ ਜੀਣ ਨਾ ਦਿੰਦੇ।

–ਅਵਾਰਾ

ਲੇਖਕ ਦੀਆਂ ਹੋਰ ਰਚਨਾਵਾਂ

ਕਾਵਿ-ਸੰਗ੍ਰਹਿ :
- ਲੁੱਟੇ ਗਏ

ਨਿਬੰਧ :
- ਖਰੀਆਂ ਖਰੀਆਂ
- ਸੱਚੀਆਂ ਸੱਚੀਆਂ
- ਮੇਰਾ ਕੁਫ਼ਰਿਸਤਾਨ
- ਮੇਰੇ ਵਤਨ ਦੇ ਲੋਕੋ

ਰੇਖਾ ਚਿਤਰ :
- ਮੇਰੇ ਪਿੰਡ ਦਾ ਸ਼ੁਗਲਸਤਾਨ
- ਮੇਰੇ ਪਿੰਡ ਦੇ ਭੱਦਰ ਪੁਰਸ਼
- ਮਜਾਜਣਾਂ ਮੇਰੇ ਪਿੰਡ ਦੀਆਂ
- ਗੁਰੂ ਘੰਟਾਲ ਮੇਰੇ ਪਿੰਡ ਦੇ

ਦੁਖ ਤੇ ਦਾਰੂ

(ਦੁਖ ਨਿਵਾਰਨ—ਸ਼ੇਰਨੀ ਦਾ ਦੁੱਧ)

ਬਲਵਿੰਦਰ ਸਿੰਘ ਫਤਹਿਪੁਰੀ

ਲੋਕ ਸਾਹਿਤ ਪ੍ਰਕਾਸ਼ਨ
ਅੰਮ੍ਰਿਤਸਰ

Dukh Te Daroo (Punjabi)

by

Balwinder Singh Fatehpuri

Ph : 98146 19342

Published By :

Kulwant Singh Suri

Lok Sahitya Prakashan

186, Green Avenue, Amritsar-143 001

Punjab (India)

Ph : 0183-2504784

ISBN : 81-7168-052-6

ਸੰਸਕਰਣ : 2009

ਮੁੱਲ : 275/-

ਛਾਪਕ :

ਪ੍ਰਿੰਟਵੈੱਲ, ਅੰਮ੍ਰਿਤਸਰ

ਸਮਰਪਣ

ਦੁਨੀਆ ਦੇ ਕਰੋੜਾਂ ਦੁਖੀਆਂ ਨੂੰ, ਜਿਨ੍ਹਾਂ ਦੇ ਦੁਖ ਦਰਦ ਹਰਨ ਲਈ ਕਿਸੇ ਸਮੇਂ ਮਹਾਤਮਾ ਬੁੱਧ ਨੇ 'ਮੱਧ ਮਾਰਗ' ਦੀ ਇਕ ਪੁੜੀ ਦਿੱਤੀ ਸੀ। ਬੇਸ਼ੁਮਾਰ ਬੰਦਿਆਂ ਨੇ ਇਹ ਮਾਰਗ ਅਪਣਾ ਕੇ ਇਸ ਪੁੜੀ ਦੀ ਅਜਮਾਇਸ਼ ਕੀਤੀ। ਦੁਖ ਮਿਟਦੇ ਵੀ ਰਹੇ ਤੇ ਇਹ ਪੁੜੀ ਪ੍ਰਚਲਤ ਵੀ ਹੁੰਦੀ ਗਈ। ਕਈ ਮੁਲਕਾਂ ਵਿਚ ਇਹ ਪੁੜੀ ਸ਼ਾਹੀ ਔਸ਼ਧੀ ਦਾ ਦਰਜਾ ਵੀ ਮਾਣਦੀ ਰਹੀ। ਪਰੰਤੂ ਅੱਜ ਇਹ ਪੁੜੀ ਪੂਰੀ ਤਰ੍ਹਾਂ ਕਾਟ ਨਹੀਂ ਕਰ ਰਹੀ। ਕੇਵਲ ਕਾਗ਼ਜ਼ ਦੀ ਪੁੜੀ ਬਣ ਕੇ ਰਹਿ ਗਈ ਹੈ। ਅਜੋਕੇ ਤਣਾਉ ਭਰੇ ਪੇਚੀਦਾ ਤੇ ਗੁੰਝਲਦਾਰ ਜੀਵਨ ਵਿਚ ਅਜਿਹੀਆਂ ਪੁੜੀਆਂ ਪ੍ਰਸੰਗਕ ਨਹੀਂ ਰਹੀਆਂ। ਵਰਤਮਾਨ ਸਮੇਂ ਵਿਚ ਮਨੋਵਿਗਿਆਨਕਾਂ ਤੇ ਡਾਕਟਰਾਂ ਨੇ ਜਗਤ ਜਲੰਦੇ ਦੇ ਦੁਖ ਹਰਨ ਲਈ ਦਾਰੂ ਦੀ ਪੁੜੀ ਦੀ ਸਿਫਾਰਸ਼ ਕੀਤੀ ਹੈ। ਇਸ ਨਵੀਨ ਪੁੜੀ ਨੇ ਚਮਤਕਾਰੀ ਨਤੀਜਿਆਂ ਨੂੰ ਜਨਮ ਦਿੱਤਾ ਹੈ। ਉਮੀਦ ਹੈ ਕਿ ਇਹ ਤਲਿਸਮੀ ਦਰਦਮੰਦੀ ਪੁੜੀ, ਮਾਨਵਤਾ ਦੇ ਕਸ਼ਟ ਤੇ ਕਲੇਸ਼ ਕੱਟਣ ਅਤੇ ਅਜੋਕੇ ਪੱਤਝੜੀ ਜ਼ੀਵਨ ਵਿਚ ਬਹਾਰਾਂ ਲਿਆਉਣ ਵਿਚ ਕਾਫੀ ਹੱਦ ਤਕ ਸਫ਼ਲ ਹੋਵੇਗੀ। ਅਕਾਲ ਸਹਾਇ।

ਧੰਨਵਾਦ

ਮੈਂ ਸਵਰਗੀ ਦਰਸ਼ਨ ਸਿੰਘ ਅਵਾਰਾ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਰੁਬਾਈਆਂ ਨੇ ਮੇਰੇ ਵਿਚਾਰਾਂ ਨੂੰ ਸਾਫ਼ ਸਪੱਸ਼ਟ ਕਰਨ ਵਿਚ ਮੇਰੀ ਮਦਦ ਕੀਤੀ ਹੈ। ਸ੍ਰ. ਕੁਲਵੰਤ ਸਿੰਘ ਸੂਰੀ ਜੀ ਵੀ ਮੇਰੇ ਧੰਨਵਾਦ ਦੇ ਪਾਤਰ ਹਨ ਜਿਨ੍ਹਾਂ ਦੀ ਪ੍ਰੇਰਨਾ ਤੇ ਸਹਿਯੋਗ ਨੇ ਇਸ ਪੁਸਤਕ ਨੂੰ ਮੌਜੂਦਾ ਰੂਪ ਵਿਚ ਪੇਸ਼ ਕਰਨ ਵਿਚ ਮੇਰੀ ਭਰਪੂਰ ਸਹਾਇਤਾ ਕੀਤੀ ਹੈ।

ਵਾਹ ਉਏ ਦਾਤਿਆ !

ਇਕ ਮੰਗਤਾ ਸਵੇਰ ਤੋਂ ਕਈ ਘੰਟੇ ਲਗਾਤਾਰ ਮੰਦਰ ਦੇ ਬਾਹਰ ਭਿਖਿਆ ਲਈ ਠੂਠਾ ਲੈ ਕੇ ਬੈਠਾ ਰਿਹਾ। ਕਿਸੇ ਭਗਤ ਨੇ ਖ਼ੈਰ ਨਾ ਪਾਈ। ਜੀ ਭਿਆਣਾ ਹੋ ਕੇ ਉਹ ਉਠਿਆ ਤੇ ਸ਼ਾਮ ਨੂੰ ਇਕ ਮੈਅਖ਼ਾਨੇ ਦੇ ਬਾਹਰ ਠੂਠਾ ਲੈ ਕੇ ਜਾ ਬੈਠਾ ਮਿਹਰਾਂ ਦੀ ਬਾਰਿਸ਼ ਹੋਈ। ਵੇਖਦਿਆਂ ਵੇਖਦਿਆਂ ਉਸ ਦਾ ਠੂਠਾ ਨੋਟਾਂ ਨਾਲ ਲੱਦਿਆ ਗਿਆ। ਲਹਿਰਾਂ ਬਹਿਰਾਂ ਹੋ ਗਈਆਂ। ਖ਼ੁਸ਼ੀ ਦੇ ਆਲਮ ਵਿਚ ਉਹ ਉਠਿਆ ਅਤੇ ਮੈਅਖ਼ਾਨੇ ਵੱਲ ਸਿਰ ਝੁਕਾ ਕੇ ਬੋਲਿਆ, "ਵਾਹ ਉਏ ਦਾਤਿਆ! ਰਹਿੰਦਾ ਤੂੰ ਕਿਤੇ ਵੇਂ ਤੇ ਸਿਰਨਾਵਾਂ ਕਿਸੇ ਹੋਰ ਜਗ੍ਹਾ ਦਾ ਦੇ ਛੱਡਿਆ ਈ।"

•

ਗੰਗਾ ਬ੍ਰਾਹਮਣੀ ਕੀ ਜਾਣੇਂ !

ਜੋ ਆਨੰਦ ਇਕ ਸਾਧਾਰਨ ਮਨੁੱਖ ਨੂੰ ਦਿਨ ਭਰ ਦੀ ਮਾਨਸਿਕ ਤੇ ਜਿਸਮਾਨੀ ਮੁਸ਼ੱਕਤ ਉਪਰੰਤ ਤਰਕਾਲਾਂ ਪੈਣ ਸਮੇਂ ਦੋ ਘੁੱਟ ਸੋਮਰਸ ਸੇਵਨ ਕਰਨ ਤੋਂ ਬਾਅਦ ਆਉਂਦਾ ਹੈ, ਉਸਦਾ ਕਿਆਸ ਕੋਈ ਸਿਰ ਸੜਿਆ ਬ੍ਰਾਹਮਣ, ਉਪਦੇਸ਼ਕ ਜਾਂ ਮੁੱਲਾ ਮੁਹਾਫ਼ਿਜ਼ ਨਹੀਂ ਲਗਾ ਸਕਦਾ। ਦੁਨੀਆ ਭਰ ਦੀਆਂ ਰਹਿਮਤਾਂ ਤੇ ਨਿਆਮਤਾਂ ਇਸ ਦੇ ਪਾਸਕੂ ਵੀ ਨਹੀਂ। ਕੇਵਲ ਕੋਈ ਮਹਿਕੋਸ਼ ਹੀ ਇਸ ਜੱਨਤ ਦੀ ਥਾਹ ਪਾ ਸਕਦਾ ਹੈ।

•

ਤਰਤੀਬ

ਜੀਵਨ ਲੀਲਾ

ਨਾਂ	:	ਬਲਵਿੰਦਰ ਸਿੰਘ ਫਤਹਿਪੁਰੀ
ਦਾਦਾ	:	ਸ: ਗੁਰਦਿੱਤ ਸਿੰਘ ਠੇਕੇਦਾਰ
ਦਾਦੀ	:	ਸ੍ਰੀਮਤੀ ਚੰਦ ਕੌਰ
ਪਿਤਾ	:	ਸ: ਬਿਸ਼ਨ ਸਿੰਘ ਆੜ੍ਹਤੀ
ਮਾਤਾ	:	ਸ੍ਰੀਮਤੀ ਨਰਾਇਣ ਕੌਰ
ਜਨਮ ਅਸਥਾਨ	:	ਸਾਂਗਲਾ ਹਿੱਲ, ਸ਼ੇਖ਼ੂਪੁਰਾ (ਪਾਕਿਸਤਾਨ)
ਜਨਮ ਤਰੀਕ	:	2 ਨਵੰਬਰ 1944
ਪਿਤਾ ਦਾ ਦੇਹਾਂਤ	:	7 ਅਪਰੈਲ 1982
ਵਿਦਿਆ	:	**ਦਸਵੀਂ**—ਖਾਲਸਾ ਹਾਈ ਸਕੂਲ, ਨਵਾਂ ਪਿੰਡ ਬੀ.ਏ.—ਡੀ.ਏ.ਵੀ. ਕਾਲਜ, ਅੰਮ੍ਰਿਤਸਰ ਐੱਮ.ਏ. (ਅੰਗਰੇਜ਼ੀ, ਫ਼ਿਲਾਸਫ਼ੀ, ਪੰਜਾਬੀ, ਇਤਿਹਾਸ)
ਕਿੱਤਾ	:	ਅਧਿਆਪਨ
ਕਾਰਜ ਖੇਤਰ	:	ਮੁੱਖ ਅਧਿਆਪਕ ਸ੍ਰੀ ਨਨਕਾਣਾ ਸਾਹਿਬ, ਐੱਸ.ਬੀ.ਐੱਸ. ਹਾਈ ਸਕੂਲ ਫਤਹਿਪੁਰ ਰਾਜਪੂਤਾਂ (ਅੰਮ੍ਰਿਤਸਰ)
ਜੀਵਨ ਸਾਥੀ	:	ਸ੍ਰੀਮਤੀ ਰਤਨਜੀਤ ਕੌਰ ਥਿੰਦ (ਮੁੱਖ ਅਧਿਆਪਿਕਾ, ਪਦ ਮੁਕਤ)
ਗ੍ਰਹਿਸਥ ਪ੍ਰਵੇਸ਼	:	14 ਦਸੰਬਰ 1969
ਵੇਲਾਂ	:	ਡਾ. ਅਮਰਦੀਪ ਸਿੰਘ ਥਿੰਦ, ਪੀ.ਸੀ.ਐੱਸ. (ਅ) ਤਹਿਸੀਲਦਾਰ-I, ਕਾਰਜਕਾਰੀ ਮਜਿਸਟ੍ਰੇਟ ਡਾ. ਗਗਨਦੀਪ ਸਿੰਘ ਥਿੰਦ, ਐੱਮ.ਐੱਸ.ਐੱਮ.ਸੀ.ਐੱਚ (S), ਪਲਾਸਟਿਕ ਸਰਜਰੀ

ਦਾਰੂ ਦੀ ਦੁਨੀਆ

- ਇਕ ਟਰੱਕ ਡਰਾਈਵਰ ਦੀ ਗੱਡੀ ਕਿਸੇ ਹੋਰ ਗੱਡੀ ਨਾਲ ਜਾ ਵੱਜੀ ਤੇ ਡਰਾਈਵਰ ਤੇ ਗੱਡੀ ਦਾ ਡਾਹਢਾ ਨੁਕਸਾਨ ਹੋਇਆ। ਇਕ ਗਵਾਂਢਣ ਸੁਣ ਕੇ ਅਫ਼ਸੋਸ ਕਰਨ ਆਈ ਤੇ ਕਹਿਣ ਲੱਗੀ—"ਉਸ ਵਕਤ ਕਿਧਰੇ ਭਾ ਜੀ ਨੇ ਦਾਰੂ ਤਾਂ ਨਹੀਂ ਸੀ ਪੀਤੀ ਹੋਈ ?" ਸੁਣ ਕੇ ਡਰਾਈਵਰ ਦੀ ਘਰ ਵਾਲੀ ਬੋਲੀ—"ਭੈਣੇ ! ਇਹ ਦੁਰਘਟਨਾ ਤਦ ਹੀ ਹੋਈ ਕਿਉਂਕਿ ਉਸ ਦਿਨ ਮੇਰੇ ਘਰ ਵਾਲੇ ਦਾ ਨਾਗਾ ਸੀ।"
- ਇਕ ਸੁੱਘੜ ਸਿਆਣੀ ਸਵਾਤੀ ਨੇ ਆਪਣੀ ਸਹੇਲੀ ਨੂੰ ਕਿਹਾ—"ਭੈਣ ਜੀ ! ਮੈਂ ਪਛਾਣ ਜਾਂਦੀ ਹਾਂ ਕਿ ਮੇਰੇ ਘਰ ਵਾਲੇ ਨੇ ਅੱਜ ਕਿਹੜੀ ਸ਼ਰਾਬ ਪੀਤੀ ਏ।" "ਉਹ ਕਿਵੇਂ" ਗਵਾਂਢਣ ਨੇ ਉਤਸੁਕਤਾ ਜਤਾਈ। ਗਵਾਂਢਣ ਨੇ ਵੇਰਵਾ ਕੱਢਦਿਆਂ ਆਖਿਆ—"ਜਿਸ ਦਿਨ ਉਹਨੇ ਅੰਗਰੇਜ਼ੀ ਪੀਤੀ ਹੋਵੇ ਤਾਂ ਉਹ ਮੇਰੇ ਨਾਲ ਬੜੀਆਂ ਮਿੱਠੀਆਂ-ਮਿੱਠੀਆਂ ਗੱਲਾਂ ਕਰਦੇ ਨੇ। ਜਿਸ ਦਿਨ ਦੇਸੀ ਠੇਕੇ ਦੀ ਪੀ ਕੇ ਆਏ ਹੋਣ ਉਸ ਦਿਨ ਆ ਕੇ ਨਿੱਕੇ ਮੋਟੇ ਤਾਹਨੇ ਮਿਹਣੇ ਦੇਣੇ ਲੱਗ ਪੈਂਦੇ ਨੇ ਤੇ ਜਿਸ ਦਿਨ ਰੂੜੀ ਮਾਰਕਾ ਲਾਹਣ ਪੀ ਕੇ ਆਏ ਹੋਣ, ਉਸ ਦਿਨ ਆਉਂਦਿਆਂ ਹੀ ਦੂਰੋਂ ਕੁੱਤੀਏ ਬਿੱਲੀਏ ਕਰਨ ਡਹਿ ਪੈਂਦੇ ਨੇ ਤੇ ਕੋਈ ਗੱਲ ਸਿਰੇ ਨਹੀਂ ਲਾਉਂਦੇ। ਮੂਲੋਂ ਹੀ...।"
- ਇਕ ਦਿਨ ਇਕ ਅੱਸੀ ਸਾਲ ਦਾ ਬਜ਼ੁਰਗ ਇਕ ਨਾਮੀ ਡਾਕਟਰ ਕੋਲ ਗਿਆ ਤੇ ਕਹਿਣ ਲੱਗਾ—"ਡਾਕਟਰ ਜੀ ! ਮੈਂ ਦਿਨੋ ਦਿਨ ਨਿਘਰਦਾ ਜਾ ਰਿਹਾ ਵਾਂ। ਕੋਈ ਐਸੀ ਗਿਜ਼ਾ ਦੱਸੋ ਜਿਸ ਨਾਲ ਮੈਂ ਲੰਮੀ ਉਮਰ ਭੋਗ ਸਕਾਂ।" ਡਾਕਟਰ ਨੇ ਪੁੱਛਿਆ—"ਬਜ਼ੁਰਗੋ ਸ਼ਰਾਬ ਪੀਂਦੇ ਜੇ ? ਮੀਟ ਮੁਰਗਾ ਖਾਂਦੇ ਜੇ ? ਮੁਜਰਿਆਂ ਮਹਿਫ਼ਲਾਂ 'ਚ ਜਾਂਦੇ ਜੇ ?" ਬਜ਼ੁਰਗ ਨੇ ਹਰ ਗੱਲ ਦਾ ਜਵਾਬ 'ਤੋਬਾ ਜੀ ! ਤੋਬਾ ਜੀ !' ਵਿਚ ਦਿੰਦਿਆਂ ਆਖਿਆ—"ਡਾਕਟਰ ਜੀ ਮਜ਼ਾਕ ਨਾ ਕਰੋ। ਮੇਰਾ ਇਨ੍ਹਾਂ ਚੀਜ਼ਾਂ ਨਾਲ ਦੂਰ ਦਾ ਵੀ ਵਾਸਤਾ ਨਹੀਂ।" ਡਾਕਟਰ ਨੇ ਬੜੀ ਗੰਭੀਰਤਾ ਨਾਲ ਆਖਿਆ—"ਜੇਕਰ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਤੋਬਾ ਕਰਦੇ ਜੇ ਤਾਂ ਬਹੁਤ ਚਿਰ ਜੀਅ ਕੇ ਕੀ ਲੈਣਾ ਜੇ ?" ਬਜ਼ੁਰਗ ਕੰਨ ਵਲ੍ਹੇਟਦਾ ਚਲਾ ਗਿਆ।
- ਇਕ ਮੰਗਤਾ ਮੰਗਦਾ ਮੰਗਦਾ ਇਕ ਦੁਕਾਨ 'ਤੇ ਪਹੁੰਚਾ ਤੇ ਮੰਗਣ ਲੱਗਾ। ਅੱਗੋਂ

ਦੁਕਾਨਦਾਰ ਮੌਜੀ ਠਾਕਰ ਸੀ। ਉਸ ਨੇ ਮੰਗਤੇ ਵੱਲ ਮੂੰਹ ਕਰਕੇ ਆਖਿਆ, "ਤੂੰ ਮੀਟ ਖਾਂਦਾ ਏਂ ? ਦਾਰੂ ਪੀਂਦਾ ਏਂ ? ਗਾਣੇ ਸੁਣਨ ਦਾ ਸ਼ੌਕੀਨ ਏਂ ?" ਮੰਗਤਾ ਕੰਨ ਫੜ ਕੇ ਹਰ ਸਵਾਲ ਦਾ ਜਵਾਬ ਨਾਂਹ ਵਿਚ ਦਈ ਗਿਆ। ਦੁਕਾਨਦਾਰ ਚਹਿ ਕੇ ਉਹਨੂੰ ਆਖਣ ਲੱਗਾ—"ਮੈਂ ਤੈਨੂੰ ਕਸਮ ਨਾਲ ਪੰਜਾਹ ਦਾ ਨੋਟ ਦਿਆਂਗਾ। ਪਹਿਲਾਂ ਤੂੰ ਮੇਰੇ ਨਾਲ ਮੇਰੇ ਘਰ ਚੱਲ। ਮੈਂ ਆਪਣੀ ਘਰ ਵਾਲੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਦਾਰੂ, ਮੀਟ ਮੁਰਗਾ ਨਹੀਂ ਖਾਂਦਾ, ਉਹ ਉੜਕ ਇਹ ਹਾਲ ਹੁੰਦਾ ਈ।"

- ਇਕ ਭਿਖਾਰੀ ਇਕ ਮਸ਼ਹੂਰ ਮੰਦਰ ਅੱਗੇ ਠੂਠਾ ਲੈ ਕੇ ਬੈਠਾ ਰਿਹਾ ਤੇ ਭਜਨ ਗਾਉਂਦਾ ਰਿਹਾ। ਸਾਰੀ ਦਿਹਾੜੀ ਬੈਠ ਕੇ ਵੀ ਉਸ ਨੂੰ ਤਿੰਨ ਚਾਰ ਰੁਪਏ ਭਿਖਿਆ ਨਸੀਬ ਹੋਈ। ਉਹ ਅਖ਼ੀਰ ਖਿਝ ਕੇ ਉੱਠ ਪਿਆ ਤੇ ਇਕ ਨਾਮੀ ਅਹਾਤੇ ਦੇ ਬਾਹਰ ਠੂਠਾ ਲੈ ਕੇ ਜਾ ਬੈਠਾ। ਉਹ ਫਿਰ ਭਜਨ ਗਾਉਣ ਲੱਗਾ। ਵੇਖਦਿਆਂ ਵੇਖਦਿਆਂ ਉਸ ਉਪਰ ਮਿਹਰ ਦੀ ਵਰਖਾ ਹੋਈ ਤੇ ਉਸਦਾ ਠੂਠਾ ਨੋਟਾਂ ਨਾਲ ਲੱਦਿਆ ਗਿਆ। ਉਹ ਬਾਗੋ ਬਾਗ ਹੋ ਗਿਆ। ਨੋਟਾਂ ਨੂੰ ਸਾਂਭਦਾ ਹੋਇਆ ਉਹ ਮੈਅਖ਼ਾਨੇ ਵੱਲ ਮੂੰਹ ਕਰਕੇ ਆਖਣ ਲੱਗਾ, "ਵਾਹ ਉਏ ਦਾਤਿਆ! ਰਹਿਨਾ ਤੂੰ ਕਿਧਰੇ ਵੇਂ ਤੇ ਪਤਾ ਕਿਸੇ ਹੋਰ ਜਗ੍ਹਾ ਦਾ ਦੇ ਛੱਡਿਆ ਈ।"
- ਇਕ ਨੇਕ ਬੰਦਾ ਰਿਕਾਰਡ ਵੇਖ ਕੇ ਧਰਮਰਾਜ ਨੇ ਉਸ ਨੂੰ ਸਵਰਗਾਂ ਵਿਚ ਭੇਜਣ ਦਾ ਫ਼ੁਰਮਾਨ ਛੱਡਿਆ ਤੇ ਆਖਣ ਲੱਗਾ—"ਜਾ ਤੈਨੂੰ ਸਵਰਗ ਨਗਰੀ ਦਿੱਤੀ। ਉਥੇ ਸਭ ਸੋਫੀ, ਪ੍ਰਹੇਜ਼ਗਾਰ ਤੇ ਵੈਸ਼ਨੋ ਵੱਸਦੇ ਨੇ। ਜਾਹ ਜਾ ਕੇ ਐਸ਼ ਕਰ। ਭਜਨ ਕੀਰਤਨ ਸੁਣ ਤੇ ਜੀਵਨ ਸਫ਼ਲਾ ਕਰ।" ਉਹਨੇ ਧਰਮਰਾਜ ਨੂੰ ਵਿਚੋਂ ਹੀ ਟੋਕਦਿਆਂ ਆਖਿਆ—"ਮਹਾਰਾਜ! ਮੈਨੂੰ ਸਵਰਗ ਭੇਜ ਕੇ ਮਰਵਾਉਣਾ ਜੇ। ਮੈਨੂੰ ਨਰਕ ਹੀ ਚੰਗਾ, ਜਿਥੇ ਮੇਰੇ ਲੰਗੋਟੀਏ ਵੱਸਦੇ ਨੇ। ਆਪਾਂ ਸ਼ਬਦ ਕੀਰਤਨ ਸੁਣ ਕੇ ਲੈਣਾ ਕੀ ਏ ? ਮੈਨੂੰ ਮੇਰੇ ਸੰਗੀਆਂ ਸਾਥੀਆਂ ਤੋਂ ਵਿਛੋੜ ਕੇ ਤੁਹਾਨੂੰ ਪਾਪ ਲੱਗਣਾ ਜੇ।"
- ਇਕ ਦਾਰੂ ਦਾ ਪ੍ਰੇਮੀ ਖਾ-ਪੀ ਕੇ ਘਰ ਨੂੰ ਪਰਤ ਰਿਹਾ ਸੀ। ਰਾਤ ਵੇਲੇ ਸੜਕ ਖ਼ਾਲੀ ਵੇਖ ਕੇ ਸੜਕ ਦੇ ਵਿਚਾਲੇ ਤੁਰ ਰਿਹਾ ਸੀ। ਚਾਣਚੱਕ ਅੱਗੋਂ ਇਕ ਟਰੱਕ ਆ ਵੱਜਾ ਤੇ ਉਹ ਧੜੰਮ ਕਰਕੇ ਚੌਫ਼ਾਲ ਡਿੱਗ ਪਿਆ। ਪਿੱਛੋਂ ਕਿਸੇ ਹੋਰ ਗੱਡੀ ਦੀ ਰੌਸ਼ਨੀ ਸਾਹਮਣੇ ਟਰੱਕ 'ਤੇ ਪਈ ਤਾਂ ਟਰੱਕ ਦੇ ਮੱਥੇ 'ਤੇ ਲਿਖਿਆ ਹੋਇਆ ਸੀ 'ਸਤਿਗੁਰ ਤੇਰੀ ਓਟ!' ਉਸਨੇ ਅੱਗੋਂ ਲਿਖਿਆ ਪੜ੍ਹਿਆ ਤੇ ਖ਼ੁਸ਼ੀ ਨਾਲ ਖੀਵਾ ਹੋ ਕੇ ਬੋਲਿਆ— 'ਸਤਿਗੁਰਾ ਤੂੰ ਵੀ ਔਂਟ ਤੇ ਮੈਂ ਵੀ ਔਂਟ। ਅੱਜ ਤੋਂ ਬਣ ਗਏ ਆਪਾਂ ਪੱਕੇ ਸਾਂਢੂ।'

ਹਦਾਇਤਨਾਮਾ—ਸੋਮਰਸ

ਇਹ ਦਾਰੂ ਜਿਸ ਨੂੰ ਧਰਤੀ ਉਪਰ ਸੋਮਰਸ, ਸ਼ਰਾਬ, ਮਹੂਆ, ਮਦਰਾ, ਅਲਕੋਹਲ, ਲਿਕਰ ਤੇ ਸੁਰਾ ਦੇ ਨਾਮ ਨਾਲ ਵੀ ਪੁਕਾਰਿਆ ਜਾਂਦਾ ਹੈ, ਇਸਦੇ ਸ਼ੌਕੀਨ ਇਸ ਤੋਂ ਮੁਗਧ ਹੋ ਕੇ ਇਸ ਨੂੰ ਲਾਡ ਨਾਲ ਅੰਗੂਰ ਦੀ ਬੇਟੀ, ਸ਼ੇਰਨੀ ਦਾ ਦੁੱਧ, ਜਲਪਰੀ, ਜਲਵਤਰੀ ਅਤੇ ਰਾਤ ਦੀ ਰਾਣੀ ਦੇ ਲਕਬਾਂ ਨਾਲ ਯਾਦ ਕਰਦੇ ਹਨ।

ਦਾਰੂ ਇਕ ਦਵਾ ਤੇ ਗਿਜ਼ਾ ਹੈ। ਇਹ ਅੰਮ੍ਰਿਤ ਵੀ ਹੈ, ਜ਼ਹਿਰ ਵੀ। ਇਕ ਵਰ ਵੀ, ਸਰਾਪ ਵੀ। ਇਹ ਖ਼ੁਸ਼ੀਆਂ ਖੇੜਿਆਂ ਦਾ ਚਸ਼ਮਾ ਵੀ ਹੈ ਤੇ ਨਰਕਾਂ ਦਾ ਦੁਆਰ ਵੀ। ਦਾਰੂ ਨਾਲ ਹੀ ਸਿਰਦਰਦ ਹੁੰਦੀ ਹੈ ਤੇ ਹਟਦੀ ਵੀ ਏਸੇ ਨਾਲ ਹੀ ਹੈ। ਪੇਟ ਦਰਦ ਵੀ ਏਸੇ ਨਾਲ ਹੁੰਦੀ ਹੈ ਤੇ ਹਟਦੀ ਵੀ। ਝਗੜੇ ਝਾਂਜੇ ਵੀ ਇਸ ਨਾਲ ਹੀ ਵਾਪਰਦੇ ਹਨ ਤੇ ਸਮਝੌਤੇ ਸਾਂਝਾਂ ਵੀ। ਇਹ ਦੋਸਤ ਵੀ ਹੈ ਤੇ ਦੁਸ਼ਮਣ ਵੀ। ਪਰੀ ਵੀ ਤੇ ਡੈਣ ਵੀ। ਸ਼ੋਅਲਾ ਵੀ ਤੇ ਸ਼ਬਨਮ ਵੀ।

ਇਸ ਨੂੰ ਸ਼ਰਾਰਤੀ ਪਾਣੀ ਵੀ ਕਿਹਾ ਜਾਂਦਾ ਹੈ। ਦਰਅਸਲ ਕੋਈ ਪਾਣੀ ਸ਼ਰਾਰਤੀ ਨਹੀਂ ਹੁੰਦਾ। ਸ਼ਰਾਰਤ ਤਾਂ ਬੰਦੇ ਵਿਚ ਹੁੰਦੀ ਹੈ। ਇਹ ਇਕ ਤਰਲ ਪਦਾਰਥ ਹੈ, ਜੋ ਵੀ ਗੁਣ ਔਗੁਣ ਇਸ ਉਪਰ ਮੜ੍ਹੇ ਜਾਂਦੇ ਹਨ, ਉਹ ਦਰਅਸਲ ਇਸਦਾ ਸੇਵਨ ਕਰਨ ਵਾਲਿਆਂ ਵਿਚ ਮੌਜੂਦ ਹੁੰਦੇ ਹਨ। ਡੈਣ ਜਾਂ ਚੁੜੇਲ ਆਦਮੀ ਦਾ ਹੀ ਵਿਕਰਾਲ ਰੂਪ ਹੈ। ਇਸ ਲਈ ਦਾਰੂ ਨੂੰ ਬੰਦੇ ਦੀ ਕੁਸੰਗਤ ਦਾ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ।

ਦਾਰੂ ਇਕ ਦਵਾਈ ਹੈ। ਇਸ ਨੂੰ ਇਸਤੇਮਾਲ ਕਰਨ ਦੇ ਤੌਰ ਤਰੀਕੇ, ਜਾਮ ਬੁੱਲ੍ਹਾਂ ਨੂੰ ਲਾਉਣ ਤੋਂ ਪਹਿਲਾਂ ਸਮਝਣੇ ਲਾਜ਼ਮੀ ਹਨ। ਜੇਕਰ ਪੀਣ ਵਾਲੇ ਇਨ੍ਹਾਂ ਨਿਯਮਾਂ ਦੀ ਸਹੀ ਪਾਲਣਾ ਕਰਨ ਤਾਂ ਇਹ ਮਨੁੱਖੀ ਜੀਵਨ ਨੂੰ ਜੱਨਤ ਦੇ ਦਰਸ਼ਨ ਕਰਵਾ ਸਕਦੀ ਹੈ। ਜੇਕਰ ਇਸ ਨਾਲ ਮਨਮਰਜ਼ੀ ਤੇ ਜ਼ਿਆਦਤੀ ਕੀਤੀ ਜਾਵੇ ਤਾਂ ਇਹੀ ਜੀਵਨ ਨੂੰ ਕੁੰਭੀ ਨਰਕ ਬਣ ਸਕਦੀ ਹੈ। ਨਿਰਣਾ ਕੇਵਲ ਸਾਡੇ ਵੱਸ ਵਿਚ ਹੈ।

ਸ਼ਰਾਬ ਕੇਵਲ ਸਿਆਣਿਆਂ ਤੇ ਬਹਾਦਰ ਕੌਮਾਂ ਨੇ ਹੀ ਪੀਤੀ ਹੈ। ਪੀਣ ਵਾਲੇ ਬਹੁਤੇ ਖ਼ੁਸ਼ਹਾਲ ਹੀ ਹੁੰਦੇ ਹਨ। ਸ਼ਰਾਬ ਪੀ ਕੇ ਸ਼ਰਾਬੀ ਹੋਣ ਵਾਲੇ ਸ਼ਰਾਬ ਦੀ ਤੌਹੀਨ ਕਰਦੇ ਹਨ। ਸ਼ਰਾਬਾਂ ਨਾਲ ਹੀ ਜਿੱਤਾਂ ਦੇ ਜਸ਼ਨ ਮਨਾਏ ਜਾਂਦੇ ਹਨ। ਇਹ ਦਾਅਵਤਾਂ ਤੇ ਮਹਿਫ਼ਲਾਂ ਦੀ ਜਿੰਦ ਜਾਨ ਹੈ। ਧਰਮ ਤੇ ਸਮਾਜ ਦੀ ਇਸ ਨਾਲ ਸਦੀਆਂ ਪੁਰਾਣੀ ਅਦਾਵਤ ਹੈ। ਅਦਾਵਤਾਂ ਰੱਖਣ ਵਾਲੇ ਖ਼ੁਦ ਚੋਰੀ ਮੱਖਣ ਖਾਂਦੇ ਹਨ। ਕਾਮ, ਮੁਹੱਬਤ

ਤੇ ਦਾਰੂ ਨਾਲ ਜਿਉਂ ਜਿਉਂ ਅਸਾਂ ਦੁਸ਼ਮਣੀ ਮੁੱਲ ਲਈ ਹੈ, ਤਿਉਂ ਤਿਉਂ ਇਸਦੀ ਹਰਮਨ ਪਿਆਰਤਾ ਤੇ ਤਸਕਰੀ ਵਿਚ ਵਾਧਾ ਹੋਇਆ ਹੈ। ਇਸ ਲਈ ਸ਼ੌਕੀਨਾਂ ਨੂੰ ਨਿਮਨਲਿਖਤ ਸਾਵਧਾਨੀਆਂ ਵਰਤਣੀਆਂ ਲਾਜ਼ਮੀ ਹਨ। ਅਣਗਹਿਲੀ ਪ੍ਰਮਾਣੂ ਸ਼ਕਤੀ ਵਾਂਗ ਭਿਆਨਕ ਨਤੀਜਿਆਂ ਨੂੰ ਜਨਮ ਦੇ ਸਕਦੀ ਹੈ।

ਦਾਰੂ ਦਾ ਸ਼ੁਰੂਆਤੀ ਹਾੜਾ ਨਰੋਈ ਸਿਹਤ ਲਈ ਪੀਣਾ ਚਾਹੀਦਾ ਹੈ। ਦੂਜਾ ਹਾੜਾ ਭਾਈਚਾਰਕ ਮਾਹੌਲ ਲਈ। ਤੀਜਾ ਹਾੜਾ ਨਸ਼ੇ ਲਈ ਪੀਤਾ ਜਾਂਦਾ ਹੈ। ਸਭਿਅਕ ਤੇ ਸੂਝਵਾਨ ਲੋਕ ਏਥੇ ਹੀ ਭੋਗ ਪਾ ਦੇਂਦੇ ਹਨ। ਜਨ ਗਨ ਮਨ ਤੇ ਘਰੋ ਘਰੀ। ਜੇਕਰ ਇਸ ਤੋਂ ਮਗਰੋਂ ਵੀ ਕੋਈ ਪੀਂਦਾ ਹੈ ਤਾਂ ਖੱਜਲ ਖਵਾਰੀ ਤੇ ਜ਼ਲਾਲਤ ਉਸਦਾ ਬੜੀ ਤੀਬਰਤਾ ਨਾਲ ਇੰਤਜ਼ਾਰ ਕਰ ਰਹੀ ਹੁੰਦੀ ਹੈ। ਪਹਿਲੇ ਤਿੰਨ ਹਾੜੇ ਪੀਣ ਵਾਲੇ ਖ਼ੁਸ਼ੀਆਂ ਖੇੜਿਆਂ ਸਹਿਤ ਤਮਾਮ ਉਮਰ ਪੀਂਦੇ ਹਨ ਜਦੋਂ ਕਿ ਚੌਥਾ, ਪੰਜਵਾਂ, ਛੇਵਾਂ ਪੀਣ ਵਾਲੇ ਮੁਸੀਬਤਾਂ ਸਹਿਤ ਕੁਝ ਵਰ੍ਹੇ ਹੀ ਪੀਂਦੇ ਹਨ, ਫਿਰ ਠੁੱਸ।

ਜਿਸ ਸ਼ਖ਼ਸ ਦਾ ਸਵੈ ਨਿਯੰਤਰਣ ਕਮਜ਼ੋਰ ਹੋਵੇ ਅਤੇ ਬਰੇਕਾਂ ਫੇਲ੍ਹ ਹੋਣ, ਉਸਨੂੰ ਇਹ ਸ਼ੌਕ ਪਾਲਣਾ ਮਹਿੰਗਾ ਪੈਂਦਾ ਹੈ। ਉਸ ਨੂੰ ਦਾਰੂ ਸੁੱਖ ਦੀ ਜਗ੍ਹਾ ਦੁੱਖ ਵਧੇਰੇ ਦਿੰਦੀ ਹੈ। ਕਮਜ਼ੋਰ ਨਿਯੰਤਰਣ ਵਾਲਾ ਸ਼ਖ਼ਸ ਦਾਰੂ ਕੀ, ਕੁਝ ਵੀ ਖਾਵੇ ਪੀਵੇਗਾ ਤਾਂ ਉਸਨੂੰ ਦੁਸ਼ਵਾਰੀ ਹੋਵੇਗੀ। ਜਿਸ ਸ਼ਖ਼ਸ ਦਾ ਸਰੀਰ ਦਾਰੂ ਨੂੰ ਸਹੀ ਤਰ੍ਹਾਂ ਹਜ਼ਮ ਨਹੀਂ ਕਰ ਸਕਦਾ ਜਾਂ ਜਿਸਦਾ ਸਰੀਰ ਪੀਣ ਨਾਲ ਪੀੜਤ ਹੁੰਦਾ ਹੈ, ਉਸ ਲਈ ਦਾਰੂ ਵਰਜਿਤ ਹੈ। ਇਸ ਹਾਲਤ ਵਿਚ ਸਰੀਰ ਨਾਲ ਨਜਾਇਜ਼ ਤਜਰਬੇ ਨਹੀਂ ਕਰਨੇ ਚਾਹੀਦੇ। ਇਹ ਕਿਰਿਆ ਸਰੀਰ ਦਾ ਸਤਿਆਨਾਸ ਕਰਨ ਵਾਲੀ ਹੈ। ਨਾ ਪਚਣ ਜਾਂ ਹਜ਼ਮ ਹੋਣ ਦਾ ਸੰਕੇਤ ਹੈ ਕਿ ਕੁਦਰਤ ਤੁਹਾਨੂੰ ਦਾਰੂ ਤੋਂ ਦੂਰ ਰੱਖ ਕੇ ਤੁਹਾਡੀ ਤਰਫ਼ਦਾਰੀ ਕਰ ਰਹੀ ਹੁੰਦੀ ਹੈ। ਸਰੀਰ ਨਹੀਂ ਮੰਨਦਾ ਤਾਂ ਮੱਤ ਪੀਓ। ਜਿਸ ਪ੍ਰਾਣੀ ਨੂੰ ਸਰੀਰਕ ਜਾਂ ਮਾਨਸਿਕ ਨੁਕਸ ਹੋਵੇ ਜਾਂ ਉਹ ਜ਼ੇਰੇ ਇਲਾਜ ਹੋਵੇ, ਉਸ ਲਈ ਦਾਰੂ ਦਾ ਥੋੜ੍ਹਾ ਸੇਵਨ ਵੀ ਨੁਕਸਾਨਦੇਹ ਹੈ। ਇਸ ਵਰਗ ਦੇ ਲੋਕ ਜਦੋਂ ਪੀਣੀ ਜਾਰੀ ਰੱਖਦੇ ਹਨ ਤਾਂ ਆਪਣੀ ਸਿਹਤ ਨਾਲ ਖਿਲਵਾੜ ਕਰਦੇ ਹਨ ਜਾਂ ਫਿਰ ਮੌਤ ਨੂੰ ਮਾਸੀ। ਅਰੋਗੀ ਸਰੀਰ ਲਈ ਦਾਰੂ ਜ਼ਹਿਰ ਹੈ। ਪਾਗਲਾਂ ਲਈ ਇਹ ਜ਼ਹਿਰ ਹੈ।

ਦਾਰੂ ਪੀਣ ਵੇਲੇ ਸਭਾ, ਸਥਾਨ ਤੇ ਸਮੇਂ ਦਾ ਵਿਚਾਰ ਕਰਨਾ ਲਾਜ਼ਮੀ ਹੈ। ਜਿਸ ਸਭਾ, ਸੰਗਤ ਜਾਂ ਕੰਪਨੀ ਨਾਲ ਤੁਸੀਂ ਭਲੀਭਾਂਤ ਪ੍ਰੀਚਿਤ ਨਹੀਂ, ਉਨ੍ਹਾਂ ਨਾਲ ਪੀਣ ਦੀ ਖੁੱਲ੍ਹ ਲੈਣਾ ਗੁਸਤਾਖ਼ੀ ਹੈ। ਇਸ ਨਾਲ ਲੜਾਈ ਝਗੜੇ ਤੇ ਕਸ਼ੀਦਗੀ ਪੈਦਾ ਹੋ ਸਕਦੀ ਹੈ। ਹਰ ਸਮੇਂ ਵੀ ਪੀਣੀ ਗ਼ਲਤ ਹੈ। ਪੀਣ ਦਾ ਸਹੀ ਸਮਾਂ ਰਾਤ ਵੇਲਾ ਹੀ ਹੈ। ਅੱਗੋਂ ਪਿੱਛੋਂ ਇਸ ਦਾ ਮਜ਼ਾ ਕਿਰਕਿਰਾ ਹੋ ਸਕਦਾ ਹੈ। ਇਸੇ ਤਰ੍ਹਾਂ ਸਥਾਨ ਦੀ ਅਹਿਮੀਅਤ ਵੀ ਨਜ਼ਰ ਅੰਦਾਜ਼ ਨਹੀਂ ਕੀਤੀ ਜਾ ਸਕਦੀ। ਚੌਕਾਂ ਚੌਰਾਹਿਆਂ ਤੇ ਸੜਕਾਂ ਉਪਰ ਪੀਣ ਨਾਲ ਸਮਾਜਕ ਬਦਮਗਜ਼ੀ ਪੈਦਾ ਹੁੰਦੀ ਹੈ। ਕਾਮ ਵਾਂਗ ਇਸ ਨੂੰ ਪਰਦੇ ਦੀ ਲੋੜ ਹੈ। ਹਮਖ਼ਿਆਲਾਂ ਨਾਲ ਸ਼ਾਮ ਵੇਲੇ ਜੇਕਰ ਘਰ ਦੀ ਚਾਰਦੀਵਾਰੀ ਵਿਚ ਪੀਤੀ ਜਾਵੇ ਤਾਂ ਮਜ਼ਾ ਹੀ ਇਲਾਹੀ ਹੈ।

ਦਾਰੂ ਮੁਫ਼ਤ ਦੀ ਪੀਣੀ ਮੁਨਾਸਿਬ ਨਹੀਂ। ਉਧਾਰ ਪੀਣ ਨਾਲ ਵੀ ਮੁਸ਼ਕਲਾਂ ਪੈਦਾ ਹੁੰਦੀਆਂ ਹਨ। ਸ਼ਰਾਬ, ਜੋ ਕਿ ਗ਼ੈਰ ਭਰੋਸੇਯੋਗ ਵਸੀਲੇ ਤੋਂ ਪ੍ਰਾਪਤ ਕੀਤੀ ਹੋਵੇ ਜਾਂ ਮਿਲਾਵਟ ਵਾਲੀ ਹੋਵੇ, ਹਰਗਿਜ਼ ਨਹੀਂ ਪੀਣੀ ਚਾਹੀਦੀ। ਅਣਜਾਣ ਬੰਦੇ ਕੋਲੋਂ ਪ੍ਰਸਾਦਿ ਵਾਂਗ ਸ਼ਰਾਬ ਲੈ ਕੇ ਪੀਣੀ ਵੀ ਖ਼ਤਰਨਾਕ ਹੋ ਸਕਦੀ ਹੈ।

ਵਿਹਲੜਾਂ ਤੇ ਆਲਸੀਆਂ ਨੂੰ ਸ਼ਰਾਬ ਸੇਵਨ ਨਹੀਂ ਕਰਨੀ ਚਾਹੀਦੀ। ਜਿਹੜੇ ਕੋਈ ਸਰੀਰਕ ਜਾਂ ਦਿਮਾਗੀ ਕੰਮ ਨਹੀਂ ਕਰਦੇ, ਉਨ੍ਹਾਂ ਨੂੰ ਇਸ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਅਮੀਰ ਲੋਕ, ਜਿਨ੍ਹਾਂ ਨੂੰ ਰੋਜ਼ੀ ਰੋਟੀ ਲਈ ਕੱਖ ਭੰਨ ਕੇ ਦੂਹਰਾ ਨਹੀਂ ਕਰਨਾ ਪੈਂਦਾ, ਉਹ ਆਪਣਾ ਵਕਤ ਟਪਾਉਣ ਲਈ ਚੱਤੇ ਪਹਿਰ ਦਾਰੂ ਪੀਵੀ ਜਾਂਦੇ ਹਨ। ਇਨ੍ਹਾਂ ਲੋਕਾਂ ਨੇ ਹੀ ਦਾਰੂ ਨੂੰ ਰੱਜ ਕੇ ਬਦਨਾਮ ਕੀਤਾ ਹੈ। ਝੜੀਆਂ ਲਾਉਣੀਆਂ ਦਾਨਸ਼ਮੰਦਾਂ ਦਾ ਕਰਮ ਨਹੀਂ ਹੈ। ਦਾਰੂ ਨਾਲ ਇਹ ਬਲਾਤਕਾਰ ਹੈ।

ਬੱਚਿਆਂ ਅਤੇ ਵਿਦਿਆਰਥੀਆਂ ਨੂੰ ਦਾਰੂ ਪੀਣ ਦੀ ਮੁਕੰਮਲ ਮਨਾਹੀ ਹੈ। ਦਾਰੂ ਪੀ ਕੇ ਪੜ੍ਹਾਈਆਂ ਨਹੀਂ ਹੁੰਦੀਆਂ ਤੇ ਨਾ ਹੀ ਕੋਈ ਬੌਧਿਕ ਜਾਂ ਰਚਨਾਤਮਕ ਕਾਰਜ ਨੇਪਰੇ ਚੜ੍ਹ ਸਕਦਾ ਹੈ। ਵਿਦਿਆਰਥੀਆਂ ਲਈ ਇਹ ਸਰਾਸਰ ਅੱਯਾਸ਼ੀ ਹੈ, ਜਿਸਦੀ ਹਾਲੇ ਉਨ੍ਹਾਂ ਨੂੰ ਜ਼ਰੂਰਤ ਨਹੀਂ ਹੁੰਦੀ। ਕੇਵਲ ਪੀਣ ਵਾਸਤੇ ਹੀ ਨਹੀਂ ਜੀਊਣਾ ਚਾਹੀਦਾ ਸਗੋਂ ਚੰਗੇਰਾ ਜੀਊਣ ਵਾਸਤੇ ਪੀਣੀ ਚਾਹੀਦੀ ਹੈ। ਦਾਰੂ ਇਕ ਗਿਜ਼ਾ ਹੈ, ਖ਼ੁਰਾਕ ਨਹੀਂ। ਇਸ ਨੂੰ ਪਾਣੀ ਵਾਂਗ ਪੀਣਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ। ਕੇਵਲ ਸੀਮਤ ਮਿਕਦਾਰ।

ਰੂੜੀ ਮਾਰਕਾ ਦੇਸੀ ਦਾਰੂ ਨੂੰ ਵੇਚਣ ਵਾਲਿਆਂ ਬਦਨਾਮ ਕੀਤਾ ਹੈ। ਉਹ ਚਾਰ ਠੀਕਰਾਂ ਦੀ ਖਾਤਰ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ। ਲੱਖਾਂ ਬੇਕਾਰ ਲੋਕਾਂ ਦਾ ਇਹ ਧੰਦਾ ਹੈ। ਇਸ ਦਾਰੂ ਨਾਲ ਲੱਖਾਂ ਲੋਕ ਹਰ ਸਾਲ ਅੱਲ੍ਹਾ ਨੂੰ ਪਿਆਰੇ ਹੋ ਜਾਂਦੇ ਹਨ। ਪਰੰਤੂ ਕਿਸੇ ਵਿਸ਼ੇਸ਼ਗ ਰਾਹੀਂ ਘਰ ਦੀ ਦਾਰੂ ਚੰਗੀਆਂ ਸ਼ਰਾਬਾਂ ਵਿਚੋਂ ਗਿਣੀ ਗਈ ਹੈ। ਕਈ ਵਿਸਕੀ ਛੱਡ ਕੇ ਇਸ ਨੂੰ ਤਰਜੀਹ ਦੇਂਦੇ ਹਨ। ਉੱਬੜ ਤੇ ਅਫਰਾਊ ਬੰਦਿਆਂ ਰਾਹੀਂ ਕੱਢੀ ਘਰ ਦੀ ਦਾਰੂ ਖ਼ਤਰਨਾਕ ਹੁੰਦੀ ਹੈ। ਇਸ ਨੂੰ ਮੂੰਹ ਨਹੀਂ ਲਾਉਣਾ ਚਾਹੀਦਾ। ਦਾਰੂ ਦੇ ਸਰੋਤ ਭਰੋਸੇਯੋਗ ਹੋਣੇ ਚਾਹੀਦੇ ਹਨ।

ਸਾਡੇ ਸਮਾਜ ਦਾ ਰਵੱਈਆ ਦਾਰੂ ਪ੍ਰਤੀ ਸਿਹਤਮੰਦ ਨਹੀਂ। ਲੋਕੀ ਸ਼ਰੇਆਮ ਪੀਣ ਤੋਂ ਪਰਹੇਜ਼ ਕਰਦੇ ਹੋਏ ਚੋਰੀ ਪੀਂਦੇ ਹਨ। ਜਿਸ ਨਾਲ ਉਹ ਪੀਂਦੇ ਨਹੀਂ, ਹੜੱਪ ਜਾਂਦੇ ਹਨ। ਲੋਕ ਸੁੱਕੀ ਪੀਂਦੇ ਹਨ ਤੇ ਨਾਲ ਖਾਣ ਲਈ ਕੁਝ ਨਹੀਂ ਰੱਖਦੇ। ਕੇਵਲ ਲੂਣ ਦੀ ਡਲੀ ਨਾਲ ਪੀਣੀ ਵੀ ਨੁਕਸਾਨਦੇਹ ਹੁੰਦੀ ਹੈ। ਜਲਦੀ ਜਲਦੀ ਪੀਣ ਨਾਲ, ਦਾਰੂ ਸਰੂਰ ਦੀ ਜਗ੍ਹਾ ਝਟਕਾ ਮਾਰਦਾ ਹੈ। ਪੀਣ ਦਾ ਵਕਫਾ ਘੱਟ ਤੋਂ ਘੱਟ ਅੱਧਾ ਘੰਟਾ ਹੋਣਾ ਚਾਹੀਦਾ ਹੈ। ਦਾਰੂ ਹਮੇਸ਼ਾ ਸੋਢੇ ਜਾਂ ਪਾਣੀ ਨਾਲ ਪੀਣੀ ਚਾਹੀਦੀ ਹੈ, ਸੁੱਕੀ ਕਦੇ ਨਹੀਂ। ਜੇਕਰ ਪੈਸੇ ਖਰਚੇ ਹਨ ਤਾਂ ਚੋਰੀ ਕਿਉਂ ਪੀਤੀ ਜਾਵੇ ? ਜਾਮ ਖੜਕਾ ਕੇ ਪੀਓ। ਪ੍ਰਵਾਹ ਨਹੀਂ ਟੁੰਡੇ ਲਾਟ ਦੀ!

• •

ਕਿਉਂ ਦੁਸ਼ਮਣ ਹੈ ਜ਼ਮਾਨਾ ?

ਦਾਰੂ ਕਿਸੇ ਦਾ ਦੁਸ਼ਮਣ ਨਹੀਂ। ਇਹ ਤਾਂ ਦੁਸ਼ਮਣਾਂ ਨੂੰ ਦੋਸਤ ਬਣਾਉਂਦਾ ਹੈ। ਪਰ ਫਿਰ ਵੀ ਦੁਨੀਆ ਵਿਚ ਦਾਰੂ ਦੇ 'ਦੁਸ਼ਮਣਾਂ' ਦੀ ਘਾਟ ਨਹੀਂ। ਇੱਟ ਪੁੱਟਿਆਂ ਦਾਰੂ ਦੇ ਦੁਸ਼ਮਣ ਮਿਲ ਜਾਂਦੇ ਹਨ। ਕਈ ਵਾਰ ਤਾਂ ਇੱਟ ਦੇ ਉਪਰ ਹੀ ਬੈਠੇ ਹੁੰਦੇ ਹਨ। ਜਣਾ ਖਣਾ, ਮਾਝ੍ਹਾ ਗਾਮਾ, ਜਿਸ ਨੂੰ ਖ਼ੁਦ ਮੱਤਾਂ ਦੇਣ ਦੀ ਡਾਹਢੀ ਲੋੜ ਹੁੰਦੀ ਹੈ, ਉਹ ਵੀ ਪ੍ਰਚਾਰਕ ਬਣ ਕੇ ਦਾਰੂ ਦੇ ਪੜਛੇ ਲਾਹ ਰਿਹਾ ਹੁੰਦਾ ਹੈ। ਜਿਸ ਚੀਜ਼ ਦੀ ਵੀ ਦੁਨੀਆ ਵਿਚ ਵਿਰੋਧਤਾ ਹੁੰਦੀ ਹੈ, ਉਹ ਅਲੋਪ ਹੋਣ ਦੀ ਜਗ੍ਹਾ ਉੱਭਰ ਕੇ ਪਰਗਟ ਹੁੰਦੀ ਹੈ ਅਤੇ ਲੋਕਾਂ ਦੀ ਖਿੱਚ ਦਾ ਕੇਂਦਰ ਬਣਦੀ ਹੈ। ਦਾਰੂ ਤੇ ਕਾਮ ਦੀ ਕਿਸਮਤ ਇਕਸਾਰ ਹੈ। ਜਿਉਂ ਜਿਉਂ ਇਨ੍ਹਾਂ ਦੀ ਵਿਰੋਧਤਾ ਹੋਈ ਹੈ, ਤਿਉਂ ਤਿਉਂ ਇਨ੍ਹਾਂ ਨੂੰ ਚਾਹੁਣ ਵਾਲਿਆਂ ਦੀ ਸੰਖਿਆ ਵਧੀ ਹੈ। ਜ਼ਰੂਰ ਕੋਈ ਦਾਰੂ ਵਿਚ ਅਜਿਹਾ ਤਲਿਸਮ ਹੈ, ਜਿਸ ਕਰਕੇ ਦੁਨੀਆ ਵਿਚ ਇਸਦੀ ਭਰਪੂਰ ਚਰਚਾ ਹੋ ਰਹੀ ਹੈ। 'ਦਰਦ ਬੜਤਾ ਗਯਾ ਜਿਉਂ ਜਿਉਂ ਦਵਾ ਕੀ'।

ਦਾਰੂ ਦੇ ਭਾਂਤ ਭਾਂਤ ਵੰਨਗੀਆਂ ਦੇ ਦੋਖੀ ਹਨ। ਉਨ੍ਹਾਂ ਵਿਚੋਂ ਇਕ ਹੈ ਔਰਤ। ਔਰਤ ਨੂੰ ਵਹਿਮ ਹੈ ਕਿ ਮਰਦ ਦਾਰੂ ਨਾਲ ਦੀਵਾਨੇ ਹੋ ਕੇ ਉਸਦੀ ਸਾਰ ਨਹੀਂ ਲੈਂਦੇ। ਦਿਲਜੋਈ ਤੇ ਦਿਲਬਰੀ ਨਹੀਂ ਕਰਦੇ। ਬਹੁਤੀਆਂ ਔਰਤਾਂ ਚਾਹੁੰਦੀਆਂ ਹਨ ਕਿ ਮਰਦ ਉਨ੍ਹਾਂ ਦੇ ਪਿੱਛੇ ਪੂਛ ਹਿਲਾਉਣ ਵਾਲਾ ਪਾਲਤੂ ਹੋਵੇ। ਉਸਦਾ ਪਿਛਲੱਗ ਹੋਵੇ। ਭਾਵੇਂ ਲੋਕਾਂ ਉਹ ਇਹ ਕਹਿੰਦੀ ਫਿਰਦੀ ਹੈ—'ਉਹ ਤਾਂ ਮੇਰਾ ਬੱਬਰ ਸ਼ੇਰ ਹੈ।' ਦਾਰੂ ਦੀ ਸੋਹਬਤ ਕਾਰਨ, ਖ਼ਾਸ ਕਰਕੇ ਜਦੋਂ ਉਸਨੇ ਨਸ਼ੇ ਦੀ ਖ਼ਾਤਰ ਪੀਤੀ ਹੋਵੇ, ਉਸ ਵਿਚ ਕਾਮ ਦਾ ਭੂਤ ਜਾਗ ਪੈਂਦਾ ਹੈ। ਉਹ ਪਰਾਈਆਂ ਔਰਤਾਂ ਬਾਰੇ ਸੋਚਣ ਲੱਗਦਾ ਹੈ ਤੇ ਉਨ੍ਹਾਂ ਨੂੰ ਪਾਉਣ ਤੇ ਪ੍ਰਾਪਤ ਕਰਨ ਦੇ ਉਪਰਾਲੇ ਕਰਦਾ ਹੈ। ਇਹ ਸਥਿਤੀ ਕਿਸੇ ਵੀ ਔਰਤ ਨੂੰ ਪਸੰਦ ਨਹੀਂ ਹੁੰਦੀ। ਪਰੰਤੂ ਹਕੀਕਤ ਇਹ ਹੈ ਕਿ ਜਦੋਂ ਕੋਈ ਮਰਦ ਖ਼ੁਸ਼ੀ ਲਈ ਪੀਂਦਾ ਹੈ ਤਾਂ ਉਸਨੂੰ ਔਰਤ ਪਰੀ ਜਾਂ ਹੂਰ ਪ੍ਰਤੀਤ ਹੁੰਦੀ ਹੈ। ਉਹ ਔਰਤ ਦੇ ਸਾਥ, ਆਪਣੀ ਮਹਿਬੂਬਾ ਦੇ ਸਾਥ ਲਈ ਤੜਪਦਾ ਹੈ। ਔਰਤ ਦੇ ਪਿਆਰ ਵਿਚ ਦੀਵਾਨੇ ਹੋ ਕੇ ਉਸਨੇ ਕਈ 'ਦੀਵਾਨ' ਲਿਖੇ ਹਨ। ਇਸ਼ਕ ਦੀ ਸ਼ਾਇਰੀ ਦੁਨੀਆ ਚਸਕੇ ਲੈ ਕੇ ਸੁਣਾਉਂਦੀ ਤੇ ਗਾਉਂਦੀ ਹੈ। ਮਰਦ ਇਸ਼ਕ ਵਿਚ ਲੀਨ ਹੋ ਕੇ ਗ਼ਜ਼ਲਾਂ ਤੇ ਗੀਤ ਅਲਾਪਦੇ ਹਨ। ਵਿਛੋੜੇ ਤੇ ਬਿਰਹਾ ਦੀ ਸ਼ਾਇਰੀ, ਸ਼ਾਇਰਾਂ ਦਾ ਮਨਭਾਉਂਦਾ ਵਿਸ਼ਾ ਹੈ।

ਜਦੋਂ ਬੰਦਾ ਸਮਾਜ ਵਿਚ ਵਿਚਰਦਾ ਹੈ ਤਾਂ ਉਸਦੇ ਨਿੱਜੀ ਵਿਹਾਰ ਜਾਂ ਸਵਾਰਥ ਕਾਰਨ ਲੋਕ ਉਸਦੇ ਬਰਖਿਲਾਫ਼ ਹੋ ਜਾਂਦੇ ਹਨ। ਜੇਕਰ ਤੁਸੀਂ ਖਰੀਆਂ ਖਰੀਆਂ ਤੇ

ਸੱਚੀਆਂ ਸੱਚੀਆਂ ਸੁਣਾਉਣ ਵਾਲੇ ਹੋਵੋ ਤਾਂ ਲੋਕ ਤੁਹਾਡੇ ਜਾਨੀ ਦੁਸ਼ਮਣ ਬਣ ਜਾਣਗੇ। ਤੁਹਾਨੂੰ ਹਰ ਥਾਂ ਭੰਡਣ ਤੇ ਛੱਟਣਗੇ। ਸੱਚ ਤਾਂ ਹਮੇਸ਼ਾ ਮਿਰਚਾਂ ਵਾਂਗ ਹੁੰਦਾ ਹੈ। ਸੱਚੇ ਬੰਦੇ ਦੀ ਇਹ ਪੱਕੀ ਨਿਸ਼ਾਨੀ ਹੁੰਦੀ ਹੈ ਕਿ ਲੋਕ ਭੂੰਡਾਂ ਦੀ ਖੱਖਰ ਵਾਂਗ ਉਸਦੇ ਗਲ ਪੈ ਜਾਣਗੇ। ਇਸ ਤਰ੍ਹਾਂ ਇਕ ਦਿਨ ਦੁਸ਼ਮਣਾਂ ਨਾਲ ਚਾਰ ਚੁਫ਼ੇਰਿਉਂ ਘਿਰ ਜਾਓਗੇ। ਅਖ਼ੀਰ ਤੁਹਾਡੇ ਨਿਕਲਣ ਦਾ ਕੋਈ ਰਸਤਾ ਬਾਕੀ ਨਹੀਂ ਰਹਿੰਦਾ। ਅਜਿਹੀ ਸਥਿਤੀ ਵਿਚ ਜਦੋਂ ਦੁਨੀਆ ਭਰ ਦੇ ਸਾਰੇ ਦਰਵਾਜ਼ੇ ਤੁਹਾਡੇ ਲਈ ਬੰਦ ਹੋ ਜਾਣ ਤਾਂ ਲਾਚਾਰੀ ਤੇ ਮਾਯੂਸੀ ਵਿਚ ਜੇਕਰ ਤੁਸੀਂ ਦਾਰੂ ਦੀ ਓਟ ਲੈ ਲਵੋ ਤਾਂ ਕੋਈ ਖੋਤਾ ਕੋਠੇ ਨਹੀਂ ਚੜ੍ਹ ਜਾਂਦਾ। ਦਾਰੂ ਦੇ ਪ੍ਰਭਾਵ ਨਾਲ ਤੁਹਾਡੇ ਦਿਲ ਉਪਰ ਦੁਸ਼ਮਣਾਂ ਦੀ ਪਕੜ ਧੀਰੇ ਧੀਰੇ ਢਿੱਲੀ ਹੋ ਜਾਂਦੀ ਹੈ। ਤੁਸੀਂ ਜੱਗ ਦੀ ਵਿਰੋਧਤਾ ਦੇ ਬਾਵਜੂਦ ਘਬਰਾਉਂਦੇ ਨਹੀਂ। ਪਹਾੜਾਂ ਨਾਲ ਮੱਥਾ ਲਾਉਣ ਲਈ ਤਤਪਰ ਹੋ ਜਾਂਦੇ ਹੋ।

ਦਾਰੂ ਦਾ ਇਕ ਹੋਰ ਦੁਸ਼ਮਣ ਹੈ ਧਰਮ। ਧਾਰਮਿਕ ਪੁਸਤਕਾਂ ਤੇ ਲੋਕ ਦਾਰੂ ਦੀ ਦਿਨ ਰਾਤ ਨਿੰਦਿਆ ਚੁਗਲੀ ਕਰਦੇ ਨਹੀਂ ਥੱਕਦੇ। ਇਹ ਲੋਕ ਬੋਤਲ ਨੂੰ ਦੂਰੋਂ ਵੇਖ ਕੇ ਹੀ ਕੱਪੜਿਆਂ ਤੋਂ ਬਾਹਰ ਹੋ ਜਾਂਦੇ ਹਨ। ਸ਼ਾਇਦ ਇਨ੍ਹਾਂ ਨੂੰ ਦਾਰੂ ਨਾਲ ਅਲਰਜ਼ੀ ਹੁੰਦੀ ਹੈ। ਇਹ ਬਿਨ੍ਹਾਂ ਕਿਸੇ ਵਜ੍ਹਾ ਦੇ ਦਾਰੂ ਵਿਰੁੱਧ ਮੋਰਚਾ ਲਾ ਲੈਂਦੇ ਹਨ। ਇਹੀ ਲੋਕ ਦਾਰੂ ਨੂੰ ਪਾਪ ਦਾ ਖੂਹ ਤੇ ਇਖਲਾਕ ਦਾ ਜਨਾਜ਼ਾ ਕਹਿੰਦੇ ਹਨ। ਇਨ੍ਹਾਂ ਨੇ ਵਿਚਾਰੇ ਦਾਰੂ ਉਪਰ ਦੁਨੀਆ ਭਰ ਦੇ ਔਗੁਣ ਤੇ ਖਾਮੀਆਂ ਠੋਸ ਦਿੱਤੀਆਂ ਹਨ। ਪੂਰਬੀ ਦੁਨੀਆ ਦਾਰੂ ਦੇ ਦੋਖੀਆਂ ਨਾਲ ਭਰੀ ਪਈ ਹੈ। ਹਾਲਾਂਕਿ ਦਾਰੂ ਕਿਸੇ ਨੂੰ ਵੀ ਆਪਣਾ ਦੁਸ਼ਮਣ ਨਹੀਂ ਸਮਝਦਾ। ਧਰਮ ਵੀ ਤਾਂ ਵਿਚੇ ਆ ਜਾਂਦਾ ਹੈ। ਦਾਦੂ ਪੰਥੀਏ ਜਾਂ ਚਾਰਵਾਕੀਏ ਦਾਰੂ ਦੀ ਵਿਰੋਧਤਾ ਨਹੀਂ ਕਰਦੇ ਪਰ ਭਾਰਤ ਵਿਚ ਇਨ੍ਹਾਂ ਫਿਰਕਿਆਂ ਦੀ ਨਫਰੀ ਨਗੂਣੀ ਹੋਣ ਕਰਕੇ ਇਨ੍ਹਾਂ ਦੀ ਵੁੱਕਤ ਨਹੀਂ।

ਲੋਕ 'ਘਰ ਦੀ ਦਾਰੂ' ਦੇ ਵੀ ਦੁਸ਼ਮਣ ਹਨ। ਇਹ ਦੁਸ਼ਮਣੀ ਨਿਰਮੂਲ ਤੇ ਵਿਅਰਥ ਹੈ। ਪੁਲਸ ਵਾਲੇ ਘਰ ਦੀ ਦਾਰੂ ਦੇ ਦੋਖੀ ਹਨ। ਭਾਵੇਂ ਕਿ ਉਹ ਘਰ ਦੀ ਕੱਢੀ ਹੀ ਚੁਸਕੀਆਂ ਲੈ ਲੈ ਪੀਂਦੇ ਹਨ। ਇਹ ਲੋਕ ਇਕ ਪਾਸੇ ਦਾਰੂ ਦੀਆਂ ਭੱਠੀਆਂ ਫੜਦੇ ਹਨ ਅਤੇ ਮੂੰਹ ਮੰਗੇ ਦਾਮ ਵਸੂਲਦੇ ਹਨ। ਇਸੇ ਤਰ੍ਹਾਂ ਦਾਰੂ ਦਾ ਕਾਰੋਬਾਰ ਕਰਨ ਵਾਲੇ ਠੇਕੇਦਾਰ ਵੀ ਘਰ ਦੀ ਕੱਢੀ ਦੇ ਦੁਸ਼ਮਣ ਹਨ। ਭਾਵੇਂ ਇਹ ਲੋਕ ਘਰ ਦੀ ਕੱਢੀ ਉਚੇਚੀ ਮੰਗਵਾ ਕੇ ਪੀਣ ਦੇ ਸ਼ੌਕੀਨ ਹੁੰਦੇ ਹਨ। ਘਰ ਦਾ ਭੇਤੀ ਲੰਕਾ ਢਾਵੇ। ਦੂਜੇ ਪਾਸੇ ਜੈਨੀ, ਬੋਧੀ, ਰਾਧਾ ਸਵਾਮੀਏ ਤੇ ਨਾਮਧਾਰੀਏ ਤੇ ਸਮੁੱਚੀ ਮੁਸਲਮ ਦੁਨੀਆ ਦਾਰੂ ਦਾ ਬੀਜ ਨਾਸ ਕਰਨ ਬਾਰੇ ਯਤਨਸ਼ੀਲ ਹਨ। ਇਹ ਸਾਰੇ ਧਰਮਾਂ ਦੇ ਬਹੁਤੇ ਪੈਰੋਕਾਰ ਭਾਵੇਂ ਅੰਦਰਖਾਤੇ ਖਾਂਦੇ ਪੀਂਦੇ ਤੇ ਮੌਜਾਂ ਮਾਣਦੇ ਹਨ ਪਰ ਸਾਹਮਣੇ ਪੀਣ ਵੇਲੇ ਇਨ੍ਹਾਂ ਨੂੰ ਸੱਪ ਸੁੰਘ ਜਾਂਦਾ ਹੈ। ਇਹ ਲੋਕ ਦਾਰੂ ਦੀ ਬੋਤਲ ਵੇਖ ਕੇ ਖਿਝ ਕੇ ਥੁੱਕਦੇ ਹਨ। ਇਨ੍ਹਾਂ ਧਰਮਾਂ ਦੀ ਦਾਰੂ ਵਿਰੋਧਤਾ ਬਿਲਕੁਲ ਨਜਾਇਜ਼ ਤੇ ਮਨੁੱਖੀ ਅਧਿਕਾਰਾਂ ਉਪਰ ਖੁੱਲ੍ਹਮ ਖੁੱਲ੍ਹਾ ਛਾਪਾ ਹੈ।

ਦਾਰੂ ਨਾਲ ਦੁਸ਼ਮਣੀ ਬਹੁਤਾ ਚਿਰ ਨਹੀਂ ਨਿਭਦੀ ਕਿਉਂਕਿ ਇਹ ਹਮੇਸ਼ਾ ਹੀ

ਇਕਤਰਫ਼ਾ ਹੁੰਦੀ ਹੈ। ਦਾਰੂ ਨੂੰ ਭਾਵੇਂ ਧਰਮ ਸਮਾਜਕ ਅਦਾਰੇ ਤੇ ਵਿਅਕਤੀ ਨਫ਼ਰਤ ਦੀਆਂ ਨਜ਼ਰਾਂ ਨਾਲ ਵੇਖਦੇ ਹਨ ਪਰ ਦਾਰੂ ਹਮੇਸ਼ਾ ਉਨ੍ਹਾਂ ਨੂੰ ਮੋਹ ਭਰੀਆਂ ਨਜ਼ਰਾਂ ਨਾਲ ਤੱਕਦਾ ਹੈ। ਇਹ ਤਾਂ ਦੁਸ਼ਮਣਾਂ ਨੂੰ ਵੀ ਗਲੇ ਲਗਾਉਣ ਲਈ ਤਰਸਦਾ ਤੇ ਵਿਲਕਦਾ ਰਹਿੰਦਾ ਹੈ। ਇਸ ਲਈ ਇਹ ਦੁਸ਼ਮਣੀ ਨਕਲੀ ਤੇ ਨਗੂਣੀ ਹੈ। ਇਹ ਲੋਕ ਹੌਲੀ-ਹੌਲੀ ਆਪੇ ਦਾਰੂ ਵਿਰੁੱਧ ਮੂੰਹ ਮਾਰਨਾ ਤਿਆਗ ਦੇਂਦੇ ਹਨ। ਦਾਰੂ ਆਪਣੇ ਦੁਸ਼ਮਣਾਂ ਨੂੰ ਕਦੀ ਵੰਗਾਰਦਾ ਨਹੀਂ। ਕਦੀ ਮੈਦਾਨ ਵਿਚ ਨਹੀਂ ਡੱਟਦਾ। ਇਸੇ ਲਈ ਦਾਰੂ ਦੇ ਇਹ ਦੁਸ਼ਮਣ ਅੰਦਰ ਖਾਤੇ ਦਾਰੂ ਨਾਲ ਪੀਂਘਾਂ ਪਾਈ ਰੱਖਦੇ ਹਨ। ਦੋਵੇਂ ਹੱਥੀਂ ਲੱਡੂ। ਇਹੀ ਕਾਰਨ ਹੈ ਕਿ ਅਜਿਹੇ ਦੋਸਤਨੁਮਾ ਦੁਸ਼ਮਣਾਂ ਦਾ ਦਾਰੂ ਦੀ ਸਿਹਤ 'ਤੇ ਧੇਲਾ ਅਸਰ ਨਹੀਂ।

ਵੈਸੇ ਤਾਂ ਤੰਦਰੁਸਤ ਆਦਮੀ ਅਕਸਰ ਦਾਰੂ ਦੇ ਦੋਸਤ ਹੁੰਦੇ ਹਨ। ਇਹ ਅਰੋਗ ਵਿਅਕਤੀ ਦਾਰੂ ਵਿਰੁੱਧ ਘੱਟ ਹੀ ਬਿਆਨਬਾਜ਼ੀ ਕਰਦੇ ਹਨ। ਪਰੰਤੂ ਜਿਨ੍ਹਾਂ 'ਮਹਾਂਪੁਰਸ਼ਾਂ' ਨੂੰ ਇਹ ਦਾਰੂ ਪਚਦੀ ਨਹੀਂ, ਉਹ ਹੌਲੀ-ਹੌਲੀ ਸ਼ਰਮੋ-ਬੇਸ਼ਰਮੀ ਦਾਰੂ ਦੀ ਨਿਖੇਧੀ ਕਰਨ ਲੱਗ ਪੈਂਦੇ ਹਨ। ਹੱਥ ਨਾ ਅਪੜੇ ਥੂਹ ਕੌੜੀ। ਉੱਠਿਆ ਜਾਵੇ ਨਾ ਫਿਟੇ ਮੂੰਹ ਗੋਡਿਆਂ ਦਾ। ਇਹ ਵਿਰੋਧਤਾ ਗ਼ੈਰ ਮਨੁੱਖੀ ਤੇ ਗ਼ੈਰ ਇਖਲਾਕੀ ਹੈ। ਜਦੋਂ ਪਚਦੀ ਸੀ, ਉਸ ਵਕਤ ਤਾਂ ਦਾਰੂ ਅੰਮ੍ਰਿਤ ਸੀ। ਅੱਜ ਪਚਦੀ ਨਹੀਂ ਤੇ ਡਾਕਟਰ ਨੇ ਮਨ੍ਹਾ ਕੀਤੀ ਹੈ ਤਾਂ ਇਹ ਜ਼ਹਿਰ ਕਿਵੇਂ ਹੋ ਗਈ ? ਇਸ ਦੁਸ਼ਮਣੀ ਦਾ ਕੋਈ ਆਧਾਰ ਨਹੀਂ।

ਇਹ ਅਸੀਂ ਵੇਖਿਆ ਹੈ ਕਿ ਦਾਰੂ ਦੇ ਦੁਸ਼ਮਣਾਂ ਵਿਚ ਕੋਈ ਦਮ ਨਹੀਂ। ਖਾਹਮਖਾਹ, ਵੇਖੋ ਵੇਖੀ ਤੇ ਰੀਸੋ ਰੀਸੀ ਦਾਰੂ ਦੀ ਨਜਾਇਜ਼ ਵਿਰੋਧਤਾ ਹੋ ਰਹੀ ਹੈ। ਪਤਨੀਆਂ ਆਪਣੇ ਸੌੜੇ ਸਵਾਰਥਾ ਖ਼ਾਤਰ ਦਾਰੂ ਨੂੰ ਭੰਡਦੀਆਂ ਹਨ। ਧਰਮ ਵਾਲੇ ਵੀ ਦਾਰੂ ਦੀ ਵਿਰੋਧਤਾ ਆਪਣੇ ਧਰਮ ਨੂੰ ਪਾਕ ਪਵਿੱਤਰ ਦੱਸਣ ਲਈ ਕਰਦੇ ਹਨ। ਜਿਹੜਾ ਕਿ ਮੂਲੋਂ ਹੀ ਨਿਰਮੂਲ ਹੈ। ਇਸੇ ਤਰ੍ਹਾਂ ਸਰੀਰਕ ਜਾਂ ਮਾਨਸਿਕ ਤੌਰ 'ਤੇ ਬਿਮਾਰ ਲੋਕ ਦਾਰੂ ਦੇ ਅਜਾਈਂ ਹੀ ਵੈਰੀ ਬਣ ਬੈਠੇ ਹਨ। ਕਸੂਰ ਉਨ੍ਹਾਂ ਦੇ ਸਰੀਰ ਦਾ ਹੈ, ਦਾਰੂ ਦਾ ਕਤੱਈ ਨਹੀਂ। ਡਿੱਗੀ ਖੋਤੀ ਤੋਂ ਤਾਂ ਗੁੱਸਾ ਘੁਮਿਆਰ 'ਤੇ। ਇਹੀ ਕਾਰਨ ਹੈ ਕਿ ਇਸ ਜਗਤ ਵਿਚ ਜਿਉਂ ਜਿਉਂ ਇਸ ਦਾਰੂ ਦੀ ਵਿਰੋਧਤਾ ਹੋ ਰਹੀ ਹੈ, ਤਿਉਂ ਤਿਉਂ ਦਾਰੂ ਹਰਮਨ ਪਿਆਰਾ ਹੁੰਦਾ ਜਾ ਰਿਹਾ ਹੈ। ਸੋ ਹੱਥ ਰੱਸਾ ਸਿਰੇ 'ਤੇ ਗੰਢ। ਮੁੱਕਦੀ ਗੱਲ ਇਹ ਹੈ ਕਿ ਸ਼ਰਾਬ ਪੀ ਕੇ ਸ਼ਰਾਬੀ ਹੋਣ ਵਾਲੇ ਸ਼ਰਾਬ ਦੀ ਤੌਹੀਨ ਕਰਦੇ ਹਨ। ਇਹੀ ਇਸਦੇ ਸਭ ਤੋਂ ਵੱਡੇ ਦੁਸ਼ਮਣ ਹਨ।

ਪੰਡਤ ਮੁੱਲਾਂ ਦੀ ਗੱਲ ਛੱਡ ਦੇ
ਇਸ ਕੰਨ ਸੁਣ ਕੇ ਉਸ ਕੰਨ ਕੱਢ ਕੇ।
ਵਸਣ ਵਾਲੇ ਗਜਦੇ ਨਹੀਓਂ
ਭੌਂਕਣ ਵਾਲੇ ਕਦੀ ਨਹੀਂ ਵੱਢਦੇ।

• •

ਦਾਰੂ ਤੇ ਦੌਲਤਖਾਨੇ

ਦਾਰੂ ਪੀਣ ਵਾਲੇ ਸੁਖ ਨਾਲ ਕਦੀ ਵੀ ਗ਼ਰੀਬ ਨਹੀਂ ਹੁੰਦੇ। ਗ਼ਰੀਬ ਹੋਣ ਉਨ੍ਹਾਂ ਦੇ ਦੁਸ਼ਮਣ। ਦਾਰੂ ਪੀ ਕੇ ਬੰਦਾ ਧੱਕੇ ਨਾਲ ਹੀ ਦਿਲ ਦਾ ਬਾਦਸ਼ਾਹ ਬਣ ਜਾਂਦਾ ਹੈ। ਕੌਣ ਨਹੀਂ ਅਮੀਰ ਹੋਣਾ ਚਾਹੁੰਦਾ ? ਜਦੋਂ ਤੁਸੀਂ ਘੁੱਟ ਪੀ ਕੇ ਆਪਣੇ ਆਪ ਨੂੰ ਸ਼ਾਹਜ਼ਾਦਾ ਖ਼ੁਰਮ ਸਮਝਣ ਲੱਗੋ ਤਾਂ ਸਮਝੋ ਤੁਹਾਡੀ ਲਾਟਰੀ ਨਿਕਲ ਆਈ। ਦੁਨੀਆ ਭਰ ਦੀਆਂ ਸਲਤਨਤਾਂ ਜਦੋਂ ਤੁਹਾਡੇ ਕਦਮਾਂ ਵਿਚ ਢੇਰੀ ਹੋ ਜਾਣ ਤਾਂ ਸਮਝੋ ਤੁਹਾਡੀਆਂ ਪੌਂ ਬਾਰਾਂ। ਫਿਰ ਕੀ ਲੋੜ ਹੈ ਮਾੜ ਧਾੜ ਕਰਨ ਦੀ। ਠੱਗੀਆਂ ਠੋਰੀਆਂ ਮਾਰਨ ਦੀ ਤੇ ਮਾਇਆ ਦੇ ਅੰਧਾ-ਧੁੰਦ ਅੰਬਾਰ ਲਗਾਉਣ ਦੀ। ਕਹਿੰਦੇ ਨੇ ਮਾਇਆ ਪਾਪਾਂ ਨਾਲ ਇਕੱਤਰ ਹੁੰਦੀ ਹੈ ਪਰ ਜੇਕਰ ਬਿਨਾਂ ਕੀਤਿਆਂ ਹੀ ਮਾਇਆ ਤੁਹਾਡੀ ਬਾਂਦੀ ਬਣ ਬੈਠੇ ਅਤੇ ਤੁਸੀਂ ਫਿਰਾਖਦਿਲੀ ਦੇ ਆਲਮ ਵਿਚ ਲੋਕਾਂ ਨੂੰ ਖ਼ੁਸ਼ੀਆਂ ਖੇੜੇ ਵੰਡਦੇ ਫਿਰੋ ਤਾਂ ਯਕੀਨ ਕਰ ਜਾਣਿਓ ਕਿ ਤੁਹਾਡੀ ਚਾਰੇ ਚੱਕ ਜਗੀਰ ਹੈ। ਹਿੰਗ ਲੱਗੇ ਨਾ ਫਟਕੜੀ।

ਜਦੋਂ ਤੁਸੀਂ ਮਾਲਾ-ਮਾਲ ਹੋਣ ਦੇ ਵਿਚਾਰ ਨਾਲ ਘਰ ਬਾਹਰ, ਦੀਨ ਮਜ਼੍ਹਬ ਤੇ ਯਾਰ ਯਰਾਨੇ ਛੱਡ ਕੇ ਦਿਨ ਰਾਤ ਤੇ ਲਹੂ ਪਸੀਨਾ ਇਕ ਕਰ ਦਿੰਦੇ ਹੋ ਅਤੇ ਤੁਹਾਡੀ ਨੀਂਦਰ ਵੀ ਉੱਡ ਪੁੱਡ ਜਾਂਦੀ ਹੈ। ਮੰਜ਼ਲ ਤਾਂ ਨਜ਼ਰ ਆ ਜਾਂਦੀ ਹੈ ਪਰ ਰਾਹੀ ਥੱਕ ਕੇ ਚੂਰ ਹੋ ਜਾਂਦਾ ਹੈ। ਨਾ ਉਹ ਜਿੱਤਿਆਂ 'ਚੋਂ, ਨਾ ਹਾਰਿਆਂ 'ਚੋਂ। ਜੇਬਾਂ ਤੇ ਬੈਂਕ ਖਾਤੇ ਤਾਂ ਭਰਪੂਰ ਹੋ ਜਾਂਦੇ ਹਨ ਪਰ ਦਿਲ ਦਾ ਸਕੂਨ ਪਰ ਲਾ ਕੇ ਉੱਡ ਜਾਂਦਾ ਹੈ। ਤੁਸੀਂ ਰਾਤਾਂ ਜਾਗ ਕੇ ਕੱਟਦੇ ਹੋ—ਤਾਰਾ ਗਿਣ ਗਿਣ ਕੇ। ਦੌਲਤ ਤਾਂ ਮਿਲ ਗਈ ਪਰ ਦਿਲ ਦੀ ਦੌਲਤ ਗ਼ਾਇਬ ਹੋ ਗਈ। ਤੁਹਾਨੂੰ ਸਮਝ ਨਹੀਂ ਆਉਂਦੀ, ਕਿਧਰ ਜਾਵਾਂ ਕੀ ਕਰਾਂ। ਬਾਜੀ ਜਿੱਤ ਕੇ ਵੀ ਤੁਸੀਂ ਜੇਤੂ ਕਰਾਰ ਨਹੀਂ ਦਿੱਤੇ ਗਏ।ਅਜਿਹੀਆਂ ਮਦਹੋਸ਼ ਮੰਜ਼ਿਲਾਂ ਵੇਲੇ ਦਾਰੂ ਹ਼ੀ ਤੁਹਾਡੀ ਬਾਂਹ ਫੜਦਾ ਹੈ। ਤੁਸੀਂ ਸਾਰਾ ਦਿਨ ਦੌਲਤ ਵੀ ਇਕੱਠੀ ਕਰਦੇ ਹੋ ਤੇ ਰਾਤ ਵੇਲੇ ਦਾਰੂ ਦੇ ਦਰ ਦਸਤਕ ਦੇ ਕੇ ਮਜ਼ੇ ਨਾਲ ਰਾਤ ਕੱਟਦੇ ਹੋ। ਇਸ ਤਰ੍ਹਾਂ ਤੁਹਾਡੇ ਦੋਵੇਂ ਹੱਥੀਂ ਲੱਡੂ ਹੋ ਜਾਂਦੇ ਹਨ।

ਅਮੀਰ ਤਾਂ ਸਾਰੀ ਲੋਕਾਈ ਹੋਣਾ ਚਾਹੁੰਦੀ ਹੈ ਪਰ ਹੁੰਦਾ ਟਾਵਾਂ-ਟਾਵਾਂ ਹੀ ਹੈ। ਬਾਕੀ ਤਾਂ ਧੰਨ ਦੇ ਸੁਪਨੇ ਲੈਂਦੇ ਹੀ ਜਹਾਨ ਤੋਂ ਲੱਦ ਜਾਂਦੇ ਹਨ। ਇਹ ਸੁਪਨੇ ਸਾਕਾਰ ਜਾਂ ਤਾਂ ਧੰਨ ਦੀ ਪ੍ਰਾਪਤੀ ਨਾਲ ਹੁੰਦੇ ਹਨ ਜਾਂ ਫਿਰ ਆਪਣਾ ਦ੍ਰਿਸ਼ਟੀਕੋਣ ਬਦਲਣ ਨਾਲ। ਹਮਾਤੜ ਲੋਕ, ਫ਼ਿਲਮੀ ਨਜ਼ਾਰੇ ਵੇਖ ਕੇ ਜਾਂ ਧਾਰਮਕ ਲੋਕਾਂ ਦੇ ਸਬਜ਼-ਬਾਗ ਵੇਖ ਕੇ ਆਪਣ ਆਪ ਨੂੰ ਦੌਲਤਮੰਦ ਤਸੱਵਰ ਕਰਨ ਲੱਗ ਪੈਂਦੇ ਹਨ। ਰਹਿੰਦੀ ਖੂੰਹਦੀ

ਕਸਰ ਦਾਰੂ ਕੱਢ ਦਿੰਦਾ ਹੈ। ਇਹ ਪ੍ਰਾਪਤੀ ਭਾਵੇਂ ਅਸਥਾਈ ਤੇ ਵਕਤੀ ਹੁੰਦੀ ਹੈ ਪਰ ਇਸਦੇ ਹੁੱਲੇ ਹੁਲਾਰੇ ਕਈ ਕਈ ਦਿਨ ਆਉਂਦੇ ਰਹਿੰਦੇ ਹਨ। ਐਵੇਂ ਬੇਕਾਰ ਬੈਠ ਕੇ ਝੂਰਨ, ਹੰਝੂ ਕੇਰਨ ਅਤੇ ਔਸੀਆਂ ਭਰਨ ਨਾਲੋਂ ਤਾਂ ਇਹ 'ਪ੍ਰਾਪਤੀ' ਕਈ ਗੁਣਾਂ ਸੁਹਾਵਣੀ ਤੇ ਬਿਹਤਰ ਹੈ।

ਦਾਰੂ ਵੀ ਇਕ ਦੌਲਤ ਹੈ। ਇਹਦੇ ਨਾਲ ਲੱਗਣ ਵਾਲਿਆਂ ਦੇ ਵੀ ਵਾਰੇ ਨਿਆਰੇ ਹੋ ਜਾਂਦੇ ਹਨ। ਦਾਰੂ ਦੇ ਤਾਜਿਰ ਲਕਸ਼ਮੀ ਮਾਈ ਨੂੰ ਖਿੱਚ-ਖਿੱਚ ਕੇ ਖ਼ਜ਼ਾਨੇ ਭਰਪੂਰ ਕਰਦੇ ਹਨ। ਦਾਰੂ ਲਕਸ਼ਮੀ ਦਾ ਪੁਜਾਰੀ ਹੈ। ਇਹ ਪੂਜਾ ਤੇ ਅਰਾਧਨਾ ਮੂੰਹ-ਮੰਗੀਆਂ ਮੁਰਾਦਾਂ ਘਰ ਢੋਂਹਦੀ ਹੈ। ਦਾਰੂ ਦੇ ਸੌਦਾਗਰ ਏਨੇ ਸਮਰੱਥ ਹੋ ਜਾਂਦੇ ਹਨ ਕਿ ਕਈ-ਕਈ ਵਿਧਾਇਕ ਤੇ ਸਾਂਸਦ ਉਨ੍ਹਾਂ ਦੀਆਂ ਜੇਬਾਂ ਵਿਚ ਪਨਾਹ ਲੈਂਦੇ ਹਨ। ਸਰਕਾਰਾਂ ਇਨ੍ਹਾਂ ਦੇ ਰਿਮੋਟ ਨਾਲ ਚੱਲਣ ਲੱਗੀਆਂ ਹਨ। ਵਿਧਾਇਕਾਂ ਦੀਆਂ ਸਰਦਾਰੀਆਂ ਤਾਂ ਸੀਮਤ ਸਮੇਂ ਵਾਸਤੇ ਹੁੰਦੀਆਂ ਹਨ ਪਰ ਇਨ੍ਹਾਂ ਦਾਰੂ ਦੇ ਸਮਰਾਟਾਂ ਦੇ ਸਿੰਘਾਸਣ ਕਦਾਚਿਤ ਨਹੀਂ ਡੋਲਦੇ। ਸਦਾ ਬਹਾਰ ਰਹਿੰਦੇ ਹਨ। ਜੁਗੋ ਜੁਗ ਅਟੱਲ।

ਦਾਰੂ ਗਰੀਬ ਦੀ ਦੌਲਤ ਹੈ। ਗਰੀਬਾਂ ਦੇ ਘਰ ਭਾਵੇਂ ਭੰਗ ਭੁੱਜਦੀ ਹੋਵੇ, ਕੁੱਤੇ ਭੌਂਕਦੇ ਹੋਣ ਜਾਂ ਉੱਲੂ ਬੋਲਦੇ ਹੋਣ, ਦਾਰੂ ਦੇ ਦਰ ਆ ਕੇ ਉਹ ਰਾਤੋ ਰਾਤ ਮਾਲਾਮਾਲ ਹੋ ਜਾਂਦੇ ਹਨ। ਦਾਰੂ ਉਨ੍ਹਾਂ ਨੂੰ ਇਸ ਬੇਦਰਦ ਦੁਨੀਆ ਵਿਚ ਭਟਕਣ, ਥਿਰਕਣ ਜਾਂ ਡੋਲ੍ਹਣ ਨਹੀਂ ਦਿੰਦਾ। ਦਿਨ ਭਰ ਦੀ ਮਿਹਨਤ ਮੁਸ਼ੱਕਤ ਕਰਕੇ ਜਦੋਂ ਕੋਈ ਗਰੀਬ-ਜ਼ਾਦਾ ਦਾਰੂ ਦੇ ਕੁੱਛੜ ਬੈਠ ਜਾਂਦਾ ਹੈ ਤਾਂ ਸੱਭੇ ਦੁੱਖ ਨਵਿਰਤ ਹੋ ਜਾਂਦੇ ਹਨ। ਉਹ ਥੁੜਾਂ, ਕਮੀਆਂ ਅਤੇ ਲਾਚਾਰੀਆਂ ਦੀਆਂ ਹੱਦਾਂ ਪਾਰ ਕਰਕੇ ਬਹੁਲਤਾ, ਸੰਤੁਸ਼ਟੀ ਤੇ ਖ਼ੁਸ਼ਹਾਲੀ ਦੀਆਂ ਸਲਤਨਤਾਂ ਵਿਚ ਜਾ ਡੇਰਾ ਲਾਉਂਦਾ ਹੈ। ਦੂਜੇ ਪੈੱਗ ਨਾਲ ਉਹ ਇਕ ਟਿੱਲੇ 'ਤੇ ਜਾ ਚੜ੍ਹਦਾ ਹੈ ਤੇ 'ਮਾਤ ਲੋਕ' ਉਸਨੂੰ ਤੁੱਛ ਹੀ ਨਜ਼ਰ ਆਉਂਦਾ ਹੈ। ਗਰੀਬ ਨਗਰੀ ਵਿਚ ਅਜਿਹੀਆਂ ਪਰਵਾਜ਼ਾਂ ਦਾਰੂ ਦੀ ਕ੍ਰਿਪਾ ਨਾਲ ਹੀ ਸੰਭਵ ਹੁੰਦੀਆਂ ਹਨ।

ਦੌਲਤ ਇਕ ਨਸ਼ਾ ਹੈ। ਔਰਤ ਵੀ, ਸ਼ੋਹਰਤ ਵੀ। ਪਰ ਇਨ੍ਹਾਂ ਸਭਨਾਂ ਦੇ ਹੁੰਦਿਆਂ ਸੁੰਦਿਆਂ ਦੌਲਤਮੰਦ ਲੋਕ ਦਾਰੂ ਦੇ ਦਰ ਆ ਕੇ ਹੀ ਆਪਣੀ ਯਾਤਰਾ ਸੰਪੂਰਨ ਕਰਦੇ ਹਨ। ਦੌਲਤਾਂ, ਔਰਤਾਂ ਤੇ ਸ਼ੋਹਰਤਾਂ ਹਾਰੀ-ਸਾਰੀ ਦੇ ਭਾਗੀਂ ਨਹੀਂ ਹੁੰਦੀਆਂ। ਇਨ੍ਹਾਂ ਲਈ ਜੱਦੋ-ਜਹਿਦ ਤੇ ਯਤਨ ਤਾਂ ਸਾਰੇ ਹੀ ਕਰਦੇ ਹਨ। ਪਰ ਕਿਨਾਰੇ ਕੋਈ ਮਾਈ ਦਾ ਲਾਲ ਹੀ ਲੱਗਦਾ ਹੈ। ਦਿਲ ਦੀਆਂ ਦਿਲ ਵਿਚ ਹੀ ਸਮਾ ਜਾਂਦੀਆਂ ਹਨ। ਜਦੋਂ ਬੰਦਾ ਤਮਾਮ ਮੋਰਚਿਆਂ 'ਤੇ ਸ਼ਿਕਸਤ ਖਾ ਜਾਂਦਾ ਹੈ ਤਾਂ ਉਸਦਾ ਦੁਨੀਆ ਵਿਚ ਕੋਈ ਵਾਲੀ ਵਾਰਸ ਨਹੀਂ ਰਹਿੰਦਾ। ਕੇਵਲ ਦਾਰੂ ਹੀ ਉਸਦੀ ਵਾਤ ਪੁੱਛਣ ਤੁਰਿਆ ਆਉਂਦਾ ਹੈ। ਦਾਰੂ ਦੇ ਅੰਗ ਸੰਗ ਹੋ ਕੇ ਉਸਨੂੰ ਦੁਨੀਆ ਭਰ ਦੀਆਂ ਦੌਲਤਾਂ ਤੇ ਸ਼ੋਹਰਤਾਂ ਹਾਸਿਲ ਹੁੰਦੀਆਂ ਹਨ। ਦਾਰੂ ਦਾ ਦਰ ਫੜ ਕੇ ਉਹ ਸਭ ਮ੍ਰਿਗ-ਤ੍ਰਿਸ਼ਨਾਵਾਂ ਨੂੰ ਵਿਸਰ ਜਾਂਦਾ ਹੈ!

ਦਾਰੂ ਅਕਸਰ ਪੈਸੇ ਧੇਲੇ ਵਾਲੇ ਹੀ ਪੀਂਦੇ ਹਨ। ਇਹ ਮਹਿੰਗੇ ਨਸ਼ਿਆਂ ਵਿਚੋਂ ਇਕ ਹੈ। ਭੰਗੜਾਂ ਲਈ ਤਾਂ ਥਾਂ-ਥਾਂ ਲੰਗਰ ਲੱਗੇ ਹੋਏ ਹਨ, ਜਿਥੇ ਮਰਜ਼ੀ ਘੋਟਣਾ ਫੇਰਨ ਲੱਗ ਜਾਂਦੇ ਹਨ। ਪਰੰਤੂ ਦਾਰੂ ਦੇ ਵਣਜਾਰਿਆਂ ਨੂੰ ਤਾਂ ਜੇਬ ਢਿੱਲੀ ਕਰਨੀ ਪੈਂਦੀ ਹੈ। ਪਰੰਤੂ ਦਾਰੂ ਦੇਵੀ ਆਪਣੇ ਚਹੇਤਿਆਂ ਨੂੰ ਨਿਰਾਸ਼ ਨਹੀਂ ਕਰਦੀ। ਠਰਾ ਤੇ ਰੂੜੀ ਮਾਰਕਾ

ਬਣ ਕੇ ਉਨ੍ਹਾਂ ਦੇ ਵਿਹੜੇ ਪ੍ਰਗਟ ਹੁੰਦੀ ਹੈ। ਹਮਾਤੜਾਂ ਤਮਾਤੜਾਂ ਨੂੰ ਵੀ ਘੁੱਟ ਘੁੱਟ ਗਲੇ ਲਗਾਉਂਦੀ ਹੈ। ਉਨ੍ਹਾਂ ਦੇ ਆਂਸੂ ਪੂੰਝਦੀ ਤੇ ਪਲੋਸਦੀ ਹੈ। ਦਾਰੂ ਤਾਂ ਆਖ਼ਰ ਦਾਰੂ ਹੀ ਹੁੰਦੀ ਹੈ। ਵਧੀਆ ਦਾਰੂ ਤਾਂ ਅਮੀਰਾਂ ਦੇ ਚੋਂਚਲੇ ਹਨ। ਸਸਤੀ ਦਾਰੂ ਵੀ ਗਰੀਬਾਂ ਦਾ ਬੁੱਤਾ ਸਾਰ ਸਕਦੀ ਹੈ। ਕਹਿੰਦੇ ਹਨ ਘਰ ਦੀ ਕੱਢੀ ਦਾਰੂ ਜਿਥੇ ਸ਼ੁੱਧ ਤੇ ਕਿਫ਼ਾਇਤੀ ਹੁੰਦੀ ਹੈ, ਉਥੇ ਵਿਸਕੀਆਂ ਨੂੰ ਵੀ ਪਰ੍ਹੇ ਸੁੱਟਦੀ ਹੈ। ਗਰੀਬਾਂ ਲਈ ਇਹ ਇਕ ਨਿਆਮਤ ਹੈ। ਇਸ ਦੀਆਂ ਚੁਸਕੀਆਂ ਲੈ ਕੇ ਉਹ ਮਹਿਲਾਂ ਦੇ ਸੁਪਨੇ ਲੈਂਦੇ ਹਨ। ਸਵਰਗਾਂ ਦੇ ਝੂਟੇ। ਭਾਵੇਂ ਇਹ ਚਲਕ ਭਲਕ ਦਾ ਮੇਲਾ ਹੀ ਹੁੰਦਾ ਹੈ। ਇਕ ਹੁਲਾਰਾ ਹੀ। ਪਰੰਤੂ ਅਜਿਹੇ ਹੁਲਾਰੇ ਜੀਵਨ ਬੇੜੀ ਨੂੰ ਕਿਨਾਰੇ ਲਾਈ ਰੱਖਦੇ ਹਨ।

ਆਮ ਚਰਚਾ ਹੈ ਕਿ ਦਾਰੂ ਪੀਣ ਵਾਲੇ ਉੱਜੜ-ਪੁੱਜੜ ਜਾਂਦੇ ਹਨ। ਉਨ੍ਹਾਂ ਦੀਆਂ ਕੁਲਾਂ ਦਾ ਨਾਸ ਹੋ ਜਾਂਦਾ ਹੈ। ਇਹ ਤਾਂ ਕਹਾਣੀ ਉਨ੍ਹਾਂ ਲੋਕਾਂ ਦੀ ਹੈ ਜੋ ਆਤਮਘਾਤੀ ਹੋ ਕੇ ਸੋਚਦੇ ਹਨ—'ਜਾਂ ਮੈਂ ਨਹੀਂ ਜਾਂ ਦਾਰੂ'। ਪਰ ਦਾਰੂ ਨੂੰ ਮਾਰ ਮੁਕਾਉਂਦੇ ਤਾਂ ਕਰੋੜਾਂ ਇਸ ਜਹਾਨ ਤੋਂ ਲੱਦ ਗਏ ਹਨ ਪਰੰਤੂ ਦਾਰੂ ਅਜੇ ਵੀ ਹਰੀ ਕਾਇਮ ਹੈ। ਨਿਯਮਾਂ ਤਹਿਤ ਪੀਣ ਨਾਲ ਘਰ ਵੱਸ ਜਾਂਦੇ ਹਨ, ਉੱਜੜਦੇ ਨਹੀਂ। ਕੁਲਾਂ ਤਰ ਜਾਂਦੀਆਂ ਹਨ, ਗਰਕਦੀਆਂ ਨਹੀਂ। ਉਨ੍ਹਾਂ ਦਾ ਅੱਗਾ ਸੌਰ ਜਾਂਦਾ ਹੈ। ਦਾਰੂ ਬੰਦੇ ਨੂੰ ਪ੍ਰੇਰਨਾ ਦਿੰਦੀ ਹੈ। ਅੱਗੇ ਵਧਣ ਦੀ, ਮਿਹਨਤ ਕਰਨ ਦੀ, ਮਾਇਆ ਕਮਾਉਣ ਦੀ। ਜੇਕਰ ਕੋਈ ਕਮਜ਼ੋਰ ਆਰਥਕਤਾ ਵਾਲਾ ਮਿਹਨਤ ਮਜ਼ਦੂਰੀ ਕਰਨ ਲੱਗ ਪਵੇ ਤਾਂ ਉਸਦੀ ਜੇਬ ਹਰੀ ਹੋ ਸਕਦੀ ਹੈ। ਇਸ ਦੌੜ ਵਿਚ ਦਾਰੂ ਦਾ ਮੋਹ ਉਸਨੂੰ ਹੋਰ ਅੱਗੇ ਵਧਣ ਦੀ ਨਿਰੰਤਰ ਪ੍ਰੇਰਨਾ ਦਿੰਦਾ ਹੈ। ਪੈਸੇ ਨਾਲ ਉਹ ਵਧੀਆ ਤੋਂ ਵਧੀਆ ਦਾਰੂ ਪੀਣ ਦੀ ਹੈਸੀਅਤ ਰੱਖਣ ਲੱਗ ਪੈਂਦਾ ਹੈ। ਇਸ ਤਰ੍ਹਾਂ ਦਾਰੂ ਉਸਦੀ ਦਿਸ਼ਾ ਤੇ ਦਸ਼ਾ ਦੋਵੇਂ ਸੁਧਾਰ ਸਕਦਾ ਹੈ। ਦਾਰੂ ਦਾ ਨਿਯਮਾਂ ਸਹਿਤ ਸ਼ਰਧਾ ਤੇ ਭਾਵਨਾ ਨਾਲ ਜੇਕਰ ਸੇਵਨ ਕੀਤਾ ਜਾਵੇ ਤਾਂ ਨੌਂ ਨਿਧੀਆਂ, ਬਾਰਾਂ ਸਿਧੀਆਂ ਤੁਹਾਡੇ ਦਰ ਦਸਤਕ ਦੇਣਗੀਆਂ। ਜੇਕਰ ਤੁਹਾਡੇ ਵਿਚ ਸਹਿਜ ਧੀਰਜ ਤੇ ਸੰਤੁਸ਼ਟੀ ਦੀਆਂ ਦਾਤਾਂ ਮੌਜੂਦ ਹਨ ਤਾਂ ਇਕ ਗਰੀਬ ਆਦਮੀ ਵੀ ਦਾਰੂ ਦੇ ਵਰ ਸਦਕਾ, ਸਵਰਗਾਂ ਦੇ ਝੂਟੇ ਲੈ ਸਕਦਾ ਹੈ। ਇਹਦੇ ਵਰਗੀ ਅਮੀਰੀ ਹੋਰ ਕਿਥੋਂ ਮਿਲ ਸਕਦੀ ਹੈ ? ਇਕ ਮਹਿਬੂਬ ਵਾਂਗ ਦਾਰੂ ਤੁਹਾਡੀਆਂ ਤਣੀਆਂ ਹੋਈਆਂ ਨਸਾਂ ਦੀ ਟਕੋਰ ਕਰਕੇ ਤੁਹਾਡੇ ਵਿਚ ਜੀਊਣ ਦੀ ਲਾਲਸਾ ਪ੍ਰਚੰਡ ਕਰ ਦਏਗਾ। ਤੁਹਾਡੇ ਗ਼ੁੱਸੇ, ਗਿਲੇ-ਸ਼ਿਕਵੇ ਤੇ ਸ਼ੱਕ-ਸ਼ਕੂਕ ਹਰਨ ਕਰ ਦੇਵੇਗਾ। ਤੁਸੀਂ ਹੁਣ ਜੀਵਨ ਵੱਲ ਮੁੱਖ ਕਰਕੇ ਜੀਵਨ ਸੰਘਰਸ਼ ਲਈ ਦੋਬਾਰਾ ਤਿਆਰ-ਬਰ-ਤਿਆਰ ਹੋ ਜਾਵੋਗੇ।

ਇਹ ਹਾਜ਼ਿਰ ਦੌਲਤ ਨੂੰ ਛੱਡਾਂ
ਮਿਲੀ ਹੋਈ ਨਿਆਮਤ ਨੂੰ ਛੱਡਾਂ
ਵਾਹਿਜ਼ਦੇ ਲਾਰੇ ਤੇ ਕਾਹਨੂੰ
ਹੱਥ ਆਈ ਜੱਨਤ ਨੂੰ ਛੱਡਾਂ

• •

ਦਿਲ ਦਾ ਮਾਮਲਾ ਹੈ !

ਦਾਰੂ ਦਿਲ ਵਾਲੇ ਹੀ ਪੀ ਸਕਦੇ ਹਨ। ਇਸ ਨੂੰ ਸ਼ੇਰਨੀ ਦਾ ਦੁੱਧ ਵੀ ਕਹਿੰਦੇ ਹਨ। ਇਸ ਦੁੱਧ ਨੂੰ ਪਚਾਉਣਾ ਖਾਲਾ ਜੀ ਦਾ ਵਾੜਾ ਨਹੀਂ। ਮਾਝੇ ਗਾਮੇ ਇਸ ਦੇ ਸਹੀ ਚਹੇਤੇ ਨਹੀਂ ਹੋ ਸਕਦੇ। ਇਸ ਨੂੰ ਪੀਣ ਵਾਸਤੇ ਦਿਲ ਚਾਹੀਦਾ ਹੈ, ਬਸ ਦਿਲ। ਹਰ ਦਾਰੂ ਵਾਲੀ ਬੋਤਲ ਦੇ ਬਾਹਰ ਲਿਖਿਆ ਹੁੰਦਾ ਹੈ 'ਸ਼ਰਾਬ ਪੀਣੀ ਸਿਹਤ ਲਈ ਹਾਨੀਕਾਰਕ ਹੈ'। ਸਾਡੇ ਸਮਾਜ ਦੀਆਂ ਤਿਰਛੀਆਂ ਨਜ਼ਰਾਂ ਪੀਣ ਵਾਲਿਆਂ ਨੂੰ ਕਹਿਰੀ ਅੱਖ ਨਾਲ ਵੇਖਦੀਆਂ ਹਨ। ਧਾਰਮਿਕ ਲੋਕ ਪੀਣ ਵਾਲਿਆਂ ਨੂੰ ਸੌ ਸੌ ਫਿਟਕਾਂ ਪਾਉਂਦੇ ਹਨ। ਸਾਰਾ ਸਮਾਜ ਇਨ੍ਹਾਂ ਨੂੰ ਘਿਰਣਾ ਦੀ ਨਜ਼ਰ ਨਾਲ ਤੱਕਦਾ ਹੈ। ਜ਼ਨਾਨੀਆਂ ਤਾਂ ਬੋਤਲ ਨੂੰ ਵੇਖ ਕੇ ਲਾਲ ਪੀਲੀਆਂ ਹੋ ਜਾਂਦੀਆਂ ਹਨ। ਸੜ ਭੁੱਜ ਜਾਂਦੀਆਂ ਹਨ। ਸਾਡਾ ਵਿਰਸਾ ਤੇ ਵਿਦਿਆ ਇਸ ਤੋਂ ਪਰਹੇਜ਼ ਕਰਨ ਲਈ ਵਾਸਤੇ ਪਾਉਂਦਾ ਹੈ। ਇਸ ਨੂੰ ਪਾਪੀ ਤੇ ਭ੍ਰਿਸ਼ਟੀ ਹੋਈ ਵਸਤੂ ਗਰਦਾਨਦਾ ਹੈ। ਇਸ ਦਿਲ ਵਿੰਨ੍ਹਵੇਂ ਮਾਹੌਲ ਵਿਚ ਜੇਕਰ ਕੋਈ ਮਾਈ ਦਾ ਲਾਲ ਫਿਰ ਵੀ ਜਾਮ ਖੜਕਾਉਣ ਦੀ ਹਿੰਮਤ ਕਰਦਾ ਹੈ ਤਾ ਉਸਨੂੰ ਦਿਲ ਵਾਲਾ ਕਹਿਣਾ ਹੀ ਬਣਦਾ ਹੈ। ਸਮਾਜਕ ਤੇ ਧਾਰਮਕ ਬੰਦਸ਼ਾਂ ਤੇ ਰਹਿਤਾਂ ਦੇ ਬਾਵਜੂਦ ਜੇਕਰ ਕੋਈ ਮੈਦਾਨ ਵਿਚ ਡਟਿਆ ਰਹੇ ਤਾਂ ਉਸਨੂੰ ਸੂਰਮਾ ਕਹਿਣਾ ਬਣਦਾ ਹੈ—ਸਿਰਲੱਥ। ਸੂਰਾ

ਦਾਰੂ ਮੁਫ਼ਤ ਦੀ ਨਹੀਂ ਮਿਲਦੀ ਅਤੇ ਪੈਸੇ ਰੁੱਖਾਂ ਉਪਰ ਨਹੀਂ ਉੱਗਦੇ। ਵਿਸਕੀ ਜੇਬ ਉਪਰ ਬੋਝ ਪਾਉਂਦੀ ਹੈ ਪਰ ਦਿਲ ਵਾਲੇ ਘਰ ਦੀ ਕੱਢੀ ਪੀ ਕੇ ਆਪਣਾ ਬੁੱਤਾ ਸਾਰ ਲੈਂਦੇ ਹਨ। ਰਾਂਝਾ ਰਾਜੀ ਕਰ ਲੈਂਦੇ ਹਨ। ਦਾਰੂ ਕੋਈ ਭੰਗ ਨਹੀਂ ਕਿ ਰਾਹ ਜਾਂਦਿਆਂ ਸੜਕ ਦੇ ਪਾਸਿਆਂ ਤੋਂ ਪੱਤੇ ਮਰੂੰਡੇ ਤੇ ਘੋਟ ਕੇ ਪੀ ਲਏ। ਦਾਰੂ ਵਾਸਤੇ ਜਿਥੇ ਮੂਡ ਬਣਾਉਣਾ ਪੈਂਦਾ ਹੈ, ਉਥੇ ਸਭਾ, ਸਥਾਨ ਤੇ ਸਮੇਂ ਦੀ ਪਾਬੰਦੀ ਰੱਖਣੀ ਪੈਂਦੀ ਹੈ। ਦਾਰੂ ਲਈ ਨੌਂ ਮਣ ਤੇਲ ਇਕੱਤਰ ਕਰਨ ਲਈ ਬੜੇ ਜ਼ਫ਼ਰ ਜਾਲਣੇ ਪੈਂਦੇ ਹਨ। ਜੇਕਰ ਚੰਗੀ ਲੱਗੇ ਤਾਂ ਪੀਂਦੇ ਚਲੋ। ਇਸ ਲਈ ਖ਼ਾਸ ਸਰੀਰ ਤੇ ਖ਼ਾਸ ਸਥਾਨ ਹੀ ਨਿਯੁਕਤ ਹਨ।

ਜ਼ਾਤੀ ਤੌਰ 'ਤੇ ਦਾਰੂ ਕੱਢਣੀ ਤੇ ਕਢਵਾਣੀ ਗ਼ੈਰ-ਕਾਨੂੰਨੀ ਧੰਦਾ ਹੈ। ਫਿਰ ਵੀ ਦਿਲ ਵਾਲੇ ਲੋਕ ਪੁਲਿਸ ਨਾਲ ਮਿਲ ਕੇ ਇਹ ਧੰਦਾ ਦੱਬੀ ਫਿਰਦੇ ਹਨ। ਸ਼ਰੇਆਮ ਭੱਠੀਆਂ ਲਾਉਂਦੇ ਤੇ ਚੌਗਾਹਿਆਂ ਵਿਚ ਸ਼ਰੇਆਮ ਪੀਂਦੇ ਹਨ, ਪਿਲਾਉਂਦੇ ਹਨ। ਕੋਈ ਦੁੱਕੀ ਬੰਦਾ ਅਜਿਹੀ ਹਿੰਮਤ ਨਹੀਂ ਕਰ ਸਕਦਾ। ਅਜਿਹੇ ਬੰਦੇ ਲੁਕ ਛਿਪ ਕੇ ਪੀਂਦੇ ਹਨ ਤੇ ਘਰ

ਵਾਲੀਆਂ ਤੋਂ ਰੋਜ਼ ਝਿੜਕਾਂ ਖਾਂਦੇ ਹਨ। ਦਿਲ ਵਾਲੇ ਲੋਕ ਘਰ ਦੀ ਕੱਢੀ ਦਾਰੂ ਬੜੀ ਰੀਝ ਨਾਲ ਪੀਂਦੇ ਹਨ ਅਤੇ ਮੰਤਰੀਆਂ ਤੇ ਅਫ਼ਸਰਾਂ ਦੇ ਘਰੀਂ ਪਹੁੰਚਾਉਂਦੇ ਹਨ। ਉਹ ਇਨ੍ਹਾਂ ਪ੍ਰਭੂਆਂ ਦੇ ਅਸ਼ੀਰਵਾਦ ਨਾਲ ਦਾਰੂ ਵੇਚਦੇ ਅਤੇ ਲੱਖਾਂ ਰੁਪਏ ਖਿੱਚਦੇ ਹਨ। ਇਹ ਦੁੱਧ ਪੀਣੇ ਮਜਨੂੰਆਂ ਦੀ ਖੇਡ ਨਹੀਂ।

ਦਾਰੂ ਪੀਣ ਵਾਲੇ ਸ਼ਾਇਰ ਤੇ ਕਲਾਕਾਰ ਇਸ ਨੂੰ ਆਪਣੀ ਮਹਿਬੂਬਾ ਸਮਝਦੇ ਹਨ। ਘਿਉ ਦਾ ਘੜਾ ਡੁੱਲ੍ਹ ਜਾਏ, ਇਸ ਦਾ ਦਾਮਨ ਨਹੀਂ ਛੱਡਦੇ। ਘਰ ਵਾਲੇ ਯਾਰ ਦੋਸਤ ਸੰਬੰਧੀ ਉਨ੍ਹਾਂ ਨੂੰ ਨਾ ਪੀਣ ਦੀ ਨਸੀਹਤ ਦਿੰਦੇ ਹਨ। ਉਹ ਇਸ ਨੂੰ ਪਿਛਲੇ ਅਗਲੇ ਹਵਾਲੇ ਦੇ ਕੇ ਇਸਦੇ ਹੋਣ ਵਾਲੇ ਸੰਭਾਵੀ ਵਿਗਾੜਾਂ ਤੋਂ ਜਾਣੂ ਕਰਵਾਉਂਦੇ ਹਨ। ਡਾਕਟਰ ਲੋਕ ਇਨ੍ਹਾਂ ਨੂੰ ਮੌਤ ਨੂੰ ਮਾਸੀ ਕਹਿਣ ਦਾ ਵੀ ਐਲਾਨਨਾਮਾ ਸੁਣਾਉਂਦੇ ਹਨ। ਪਰ ਦਾਰੂ ਦੇ ਦੀਵਾਨੇ ਝੱਖੜਾਂ ਵਿਚ ਵੀ ਇਸ ਨੂੰ ਪਿੱਠ ਨਹੀਂ ਦਿਖਾਉਂਦੇ। ਸ਼ਿਵ ਕੁਮਾਰ ਤੇ ਮੰਟੋ ਵਰਗੇ ਇਸ ਦਿਲ ਦੀ ਖ਼ਾਤਰ ਹੀ ਖੁਰਾ ਨੱਪਦੇ ਰਹੇ। ਭਾਵੇਂ ਪੰਡਤ ਤੇ ਮੁਲਾਣੇ ਖਿਲਾਫ਼ੀ ਵਿਚ ਚੀਕ ਚਿਹਾੜਾ ਪਾਉਂਦੇ ਰਹੇ। ਜੋ ਅੜੇ ਸੋ ਝੜੇ। ਪਰਵਾਹ ਨਹੀਂ ਟੁੰਡੇ ਲਾਟ ਦੀ। ਊਠ ਅੜਾਂਦਿਆਂ ਹੀ ਲੱਦੀਦੇ ਹਨ।

ਪਰ ਆਮ ਤੌਰ 'ਤੇ ਲੋਕ ਦਿਲ ਵਾਲੇ ਨਹੀਂ ਹੁੰਦੇ। ਕਮ ਦਿਲੇ ਹੁੰਦੇ ਹਨ। ਉਨ੍ਹਾਂ ਵਿਚ ਬੁਨਿਆਦੀ ਮਨੁੱਖੀ ਕਮਜ਼ੋਰੀਆਂ ਦੀ ਭਰਮਾਰ ਹੁੰਦੀ ਹੈ। ਦਾਰੂ ਇਨ੍ਹਾਂ ਕਮਜ਼ੋਰੀਆਂ ਨੂੰ ਤਾਕਤਾਂ ਤੇ ਬਖਸ਼ਿਸ਼ਾਂ ਵਿਚ ਬਦਲਣ ਦੀ ਅਥਾਹ ਖ਼ਾਸੀਅਤ ਰੱਖਦਾ ਹੈ। ਦਾਰੂ ਪੀ ਕੇ ਲੋਕੀ ਬਿੱਲੀਆਂ ਤੋਂ ਸ਼ੇਰ ਬਣ ਜਾਂਦੇ ਹਨ, ਕਾਵਾਂ ਤੋਂ ਬਾਜ। ਉਨ੍ਹਾਂ ਦੀ ਨਸਲ ਤੇ ਨੁਹਾਰ ਹੀ ਬਦਲ ਜਾਂਦੀ ਹੈ। ਉਹ ਪਹਾੜਾਂ ਨਾਲ ਮੱਥਾ ਲਾਉਣ ਲਈ ਮੈਦਾਨ ਵਿਚ ਨਿੱਤਰ ਪੈਂਦੇ ਹਨ। ਇਸੇ ਲਈ ਜਰਨੈਲ ਆਪਣੀਆਂ ਫ਼ੌਜਾਂ ਨੂੰ ਰੰਮ ਪਿਲਾਉਂਦੇ ਹਨ। ਉਹ ਹਾਰਦੇ ਹਾਰਦੇ ਜਿੱਤ ਜਾਂਦੇ ਹਨ। ਇਹ ਹਕੀਕਤ ਹੈ ਕਿ ਕੇਵਲ ਦਾਰੂ ਵਿਚ ਹੀ ਇਹ ਜਾਦੂ ਹੈ ਕਿ ਇਹ ਬੰਦੇ ਨੂੰ ਦਲੇਰ ਤੇ ਸਿਰਲੱਥ ਬਣਾਉਂਦਾ ਹੈ। ਜਦੋਂ ਕਿ ਬਾਕੀ ਦੇ ਨਸ਼ੇ ਉਸਨੂੰ ਕਾਇਰ ਤੇ ਆਲਸੀ ਬਣਾਉਣ ਵਿਚ ਸਹਾਈ ਹੁੰਦੇ ਹਨ।

ਦਿਲ ਦਾ ਸ਼ਾਇਰੀ ਤੇ ਅਦਬ ਨਾਲ ਡੂੰਘਾ ਰਿਸ਼ਤਾ ਹੈ। ਦਾਰੂ ਪੀ ਕੇ ਦੁਨੀਆ ਦੇ ਅਦੀਬ ਦਿਲਾਂ ਦੇ ਖ਼ਜ਼ਾਨਿਆਂ ਦੀ ਨਿਸ਼ਾਨਦੇਹੀ ਕਰਦੇ ਹਨ। ਦਿਲ ਤੇ ਦਾਰੂ ਬਿਨਾਂ ਸ਼ਾਇਰੀ ਦਾ ਕੋਈ ਹੋਰ ਹੀ ਰੂਪ ਹੁੰਦਾ ਹੈ। ਜਦੋਂ ਕਿਸੇ ਮਹਿਬੂਬ ਜਾਂ ਮਹਿਬੂਬਾ ਦਾ ਜ਼ਿਕਰ ਛਿੜਦਾ ਹੈ ਤਾਂ ਤਾਰ ਉਸਦੇ ਦਿਲ ਦੀ ਹੀ ਲਰਜ਼ਦੀ ਹੈ। ਦਿਲ ਦੀ ਵੀਨਾ ਨਾਲ ਮਿਲਾਪ ਤੇ ਵਿਛੋੜੇ ਦੀਆਂ ਧੁਨਾਂ ਛੇੜੀਆਂ ਜਾਂਦੀਆਂ ਹਨ। ਉਹ ਸਹਿਜ-ਸੁਭਾਅ ਹੀ ਕਹਿ ਉੱਠਦੇ ਹਨ—'ਤੇਰਾ ਇਕ ਦਿਲ ਹੈ ਜਾਂ ਦੋ', 'ਦਿਲ ਦੇਣਾ ਤੇ ਦਿਲ ਲੈਣਾ ਸੌਦਾ ਇਕੋ ਜਿਹ', 'ਦਿਲ ਆਪਣਾ ਪਰ ਪ੍ਰੀਤ ਪਰਾਈ', 'ਮੇਰਾ ਦਿਲ ਹੈ ਹਿੰਦੋਸਤਾਨੀ', 'ਦਿਲ ਦਰਿਆ ਸਮੁੰਦਰੋਂ ਡੂੰਘੇ, ਕੌਣ ਦਿਲਾਂ ਦੀਆਂ ਜਾਣੇ, ਵਿਚੇ ਬੇੜੀ ਵਿਚੇ ਚੱਪੂ ਵਿਚੇ ਹੋਣ ਮੁਹਾਣੇ'। ਪ੍ਰੋ. ਮੋਹਨ ਸਿੰਘ ਨੇ ਸਿਪਾਹੀ ਦੇ ਦਿਲ ਦੀ ਗੱਲ ਕੀਤੀ ਹੈ ਤੇ ਇਸ ਦਿਲ ਨੂੰ ਸ਼ੀਸ਼ੇ ਨਾਲੋਂ ਵੀ ਨਾਜ਼ੁਕ ਆਖਿਆ ਹੈ। ਇਸਦੇ ਟੁੱਟਣ ਨਾਲ ਨਾ ਤਿੜ ਤਿੜ ਨਾ ਤੜ ਤੜ ਹੁੰਦੀ ਹੈ। ਟੁੱਟੇ ਦਿਲ ਨੂੰ ਦਾਰੂ ਜੋੜ ਵੀ ਸਕਦਾ ਹੈ, ਗੰਢ ਵੀ ਸਕਦਾ ਹੈ।

ਵਿਛੜਿਆਂ ਨੂੰ ਮੇਲਣਾ ਤੇ ਮਿਲਿਆਂ ਨੂੰ ਮੁਕਤ ਕਰਨਾ ਦਾਰੂ ਦੀ ਹੀ ਪਰਉਪਕਾਰੀ ਕਰਾਮਾਤ ਹੈ, ਨਿਆਮਤ ਹੈ।

ਦਿਲ ਨੂੰ ਕਾਇਮ ਰੱਖਣ ਵਾਸਤੇ ਦਾਰੂ ਦਾ ਭਰਪੂਰ ਯੋਗਦਾਨ ਹੈ। ਦਿਲ ਜਦੋਂ ਬਿਰਧ ਜਾਂ ਕਮਜ਼ੋਰ ਹੋ ਜਾਵੇ ਤਾਂ ਉਸ ਵਿਚ ਪਰਵਾਜ਼ਾਂ ਭਰਨ ਦੀ ਸਮਰੱਥਾ ਝੂਠੀ ਪੈ ਜਾਂਦੀ ਹੈ। ਉਸਦੀ ਮਰਦਾਨਗੀ ਮੱਧਮ ਪੈ ਜਾਂਦੀ ਹੈ। ਉਹ ਡਾਕਟਰਾਂ ਲਈ ਦਿਲ ਦਾ ਮਰੀਜ਼ ਬਣ ਜਾਂਦਾ ਹੈ। ਉਸਦੇ ਦਿਲ ਨੂੰ ਦੋਬਾਰਾ ਲੀਹ 'ਤੇ ਲਿਆਉਣ ਲਈ ਇਕ ਦੋ ਪੈੱਗ ਪੀਣ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਕਿ ਉਸਦਾ ਦਿਲ ਤਣਾਅ-ਮੁਕਤ ਅਤੇ ਅਰੋਗ ਰਹਿ ਸਕੇ। ਉਹ ਚਿੰਤਾਵਾਂ ਨੂੰ ਚਿੱਤ ਕਰਕੇ, ਆਰਾਮ ਨਾਲ ਸੌਂ ਸਕੇ। ਇਸ ਸਥਿਤੀ ਵਿਚ ਦਾਰੂ ਦਿਲ ਲਈ ਇਕ ਗਿਜ਼ਾ ਹੈ। ਇਕ ਮੁਫੀਦ ਦਵਾਈ। ਲੱਖਾਂ ਦੁੱਖਾਂ ਦੀ ਇਕੋ ਦਵਾ। ਸਵਾ ਲੱਖ।

ਬੰਦੇ ਦਾ ਦਿਲ ਹੀ ਸਭ ਕੁਝ ਹੁੰਦਾ ਹੈ। ਜਿਥੇ ਦਿਲ ਹੋਵੇ, ਉਥੇ ਪੱਤਝੜ ਵਿਚ ਵੀ ਬਹਾਰਾਂ ਆ ਜਾਂਦੀਆਂ ਹਨ। ਹਰੇਕ ਬੰਦੇ ਨੂੰ ਸਮਾਜ ਨਾਲ ਨਿਰੰਤਰ ਸੰਘਰਸ਼ ਕਰਨਾ ਪੈਂਦਾ ਹੈ। ਇਸ ਸੰਘਰਸ਼ ਲਈ ਲੋਹੇ ਦਾ ਦਿਲ ਚਾਹੀਦਾ ਹੈ। ਆਮ ਬੰਦੇ ਥੋੜ੍ਹੀ ਹੀ ਵਿਰੋਧਤਾ ਬਾਅਦ ਦਿਲ ਛੱਡਣ ਨੂੰ ਫਿਰਦੇ ਹਨ। ਉਹ ਸ਼ੀਸ਼ੇ-ਨੁਮਾ ਦਿਲ ਲੈ ਕੇ ਪੱਥਰਾਂ ਦੀ ਨਗਰੀ ਵਿਚ ਭਟਕਦਾ ਫਿਰਦਾ ਹੈ। ਬੇ-ਆਸਾ ਤੇ ਨਿਰਾਸ਼ ਹੋ ਕੇ ਉਹ ਹੇਕਾਂ ਕੱਢਦਾ ਹੈ—'ਯੇ ਦੁਨੀਆ ਯੇ ਮਹਿਫ਼ਲ ਮੇਰੇ ਕਾਮ ਕੀ ਨਹੀਂ'। ਇਸ ਬੇਕਰਾਰੀ, ਬੇਵਸੀ ਤੇ ਬੇਦਿਲੀ ਦੌਰਾਨ ਇਕ ਮਾਤਰ ਦਾਰੂ ਹੀ ਹੈ ਜੋ ਉਸਦੀ ਮੰਝਧਾਰਾਂ ਵਿਚ ਫਸੀ ਬੇੜੀ ਨੂੰ ਕਿਨਾਰੇ ਲਾਉਣ ਦਾ ਉਪਰਾਲਾ ਕਰਦਾ ਹੈ। ਉਹੀ ਸ਼ਖ਼ਸ ਫਿਰ ਖ਼ੁਸ਼ੀ ਤੇ ਮਸਤੀ ਦੇ ਲੋਰ ਵਿਚ ਇਹ ਗਾਉਂਦਾ ਫਿਰਦਾ ਹੈ—'ਦਿਲ ਨੂੰ ਸਹਾਰਾ ਮਿਲ ਗਿਆ, ਕਿਸ਼ਤੀ ਨੂੰ ਕਿਨਾਰਾ ਮਿਲ ਗਿਆ...ਜੀਣ ਦਾ ਇਸ਼ਾਰਾ ਮਿਲ ਗਿਆ'। ਦੁਖੀ ਦਿਲ ਜਿਥੇ ਜਿਥੇ ਵੀ ਹਨ, ਦਾਰੂ ਨਰਸ ਬਣ ਕੇ ਉਨ੍ਹਾਂ ਦੀ ਦਿਲ ਨਿਵਾਜ਼ੀ ਕਰਦਾ ਹੈ।

ਦਾਰੂ ਦਿਲ ਨੂੰ ਥੰਮ੍ਹਦਾ ਤੇ ਦਿਲਬਰੀਆਂ ਕਰਦਾ ਹੈ। ਦਿਲਦਾਰ ਬਣ ਕੇ ਸਾਡੇ ਸਾਹਵੇਂ ਆ ਖਲੋਂਦਾ ਹੈ। ਸਾਨੂੰ ਆਪਣੀ ਬਾਂਹ ਦਿੰਦਾ ਹੈ। ਜਿਹੜਾ ਤੁਹਾਨੂੰ ਬਾਂਹ ਦੇਵੇ, ਉਸ ਨੂੰ ਨਿਗਲਣਾ ਨਹੀਂ ਚਾਹੀਦਾ। ਦਾਰੂ ਤਾਂ ਅਪਾਤਕਲੀਨ ਸਹਾਰਾ ਹੈ। ਇਸ ਦੇ ਪਿੱਛੇ ਹੱਥ ਧੋ ਕੇ ਪੈ ਜਾਣਾ ਤੇ ਝੜੀਆਂ ਲਾ ਦੇਣੀਆਂ ਨਦਾਨਗੀ ਹੈ। ਦਾਰੂ ਪੀਣ ਦੇ ਬਹਾਨੇ ਲੱਭਦੇ ਫਿਰਨਾ ਲਗਜ਼ਰੀ ਤੇ ਐਸ਼ਪ੍ਰਸਤੀ ਹੈ। ਦਾਰੂ ਨਰਸ ਹੈ, ਡਾਕਟਰ ਨਹੀਂ। ਨਰਸ ਦਾ ਆਪਣਾ ਕਾਰਜ ਖੇਤਰ ਹੈ ਪਰ ਉਹ ਡਾਕਟਰ ਦਾ ਬਦਲ ਨਹੀਂ ਬਣ ਸਕਦੀ। ਉਸਨੂੰ ਆਪਣੇ ਨਿਰਧਾਰਤ ਘੇਰੇ ਵਿਚ ਰਹਿਣਾ ਪਵੇਗਾ। ਸਾਡੇ ਲੋਕ ਜਿਸ ਚੀਜ਼ ਦੇ ਮਗਰ ਪੈ ਜਾਣ, ਉਸਦਾ ਅੰਤ ਲੈਣ ਤਕ ਜਾਂਦੇ ਹਨ। ਦਾਰੂ ਦਿਲਬਰੀਆਂ ਤਾਂ ਕਰ ਸਕਦਾ ਹੈ ਪਰ ਇਸ ਨਾਲ ਦਿਲਲਗੀਆਂ ਕਰਨਾ ਉਚਿਤ ਨਹੀਂ। ਬੁੱਧ ਦਾ ਦਰਸਾਇਆ ਹੋਇਆ ਮਾਰਗ ਹੀ ਜੀਵਨ ਦਾ ਸੁਨਹਿਰੀ ਮਾਰਗ ਹੈ। ਨਦੀ ਜਦ ਤਕ ਆਪਣੇ ਕੰਢਿਆਂ ਅੰਦਰ ਚਲਦੀ ਹੈ ਤਾਂ ਹੜ੍ਹ ਨਹੀਂ ਆਉਂਦਾ। ਆਪਣੀ ਵਿੱਤ ਅਨੁਸਾਰ ਹੀ ਖਾਣਾ ਪੀਣਾ ਸੋਚਣਾ ਤੇ ਹੱਸਣਾ ਮੁਨਾਸਿਬ ਹੁੰਦਾ ਹੈ। ਹੱਦਾਂ ਅੰਦਰ ਰਹਿ ਕੇ ਜੀਣ ਦਾ ਅੰਦਾਜ਼ ਹੀ

ਹੋਰ ਹੈ। ਹੱਦਾਂ ਪਾਰ ਕਰਦਿਆਂ ਹੀ ਦਾਰੂ ਦੋਸਤੀ ਦੀਆਂ ਹੱਦਾਂ ਪਾਰ ਕਰ ਜਾਂਦਾ ਹੈ। ਫਿਰ ਇਹ ਦਿਲ ਦੀਆਂ ਫਰਿਆਦਾਂ ਵੀ ਨਹੀਂ ਸੁਣਦਾ। ਉਸਦੀ ਪ੍ਰਤੀਤ ਨਹੀਂ ਕਰਦਾ। ਇਹ ਹੈ ਦਾਰੂ ਤੇ ਦਿਲ ਦਾ ਅਫ਼ਸਾਨਾ।

ਹੱਸ ਲੈ ਗਾ ਲੈ ਤੇ ਖ਼ੁਸ਼ ਥੀ ਲੈ
ਜੋ ਚਾਹੀਦੈ, ਖਾ ਲੈ ਪੀ ਲੈ
ਤੂੰ ਕੋਈ ਨਹੀਂ ਮੁਕਾਣੀਂ ਆਇਆ
ਜਿਤਨਾ ਜੀਣਾ ਈ ਰੱਜ ਕੇ ਜੀ ਲੈ

• •

ਦਾਰੂ ਤੇ ਖੇਡ ਖਿਡਾਰੀ

ਦਾਰੂ ਨੇ ਖੇਡਾਂ ਦੀ ਦੁਨੀਆ ਵਿਚ ਬੜਾ ਮਹੱਤਵਪੂਰਨ ਯੋਗਦਾਨ ਪਾਇਆ ਹੈ। ਖੇਡਾਂ ਵਿਚ ਕੋਈ ਕੱਪ ਜਾਂ ਸ਼ੀਲਡ ਜਿੱਤਣ ਉਪਰੰਤ ਦਾਰੂ ਸੰਗ ਜਸ਼ਨ ਮਨਾਉਣਾ ਆਮ ਜਿਹੀ ਗੱਲ ਹੀ ਨਹੀਂ ਸਗੋਂ ਪਰੰਪਰਾ ਹੀ ਬਣ ਚੁੱਕੀ ਹੈ। ਜਦੋਂ ਕੋਈ ਮਹਾਨ ਪ੍ਰਾਪਤੀ ਹੁੰਦੀ ਹੈ, ਜਦੋਂ ਕਿਸੇ ਤਗੜੀ ਟੀਮ ਨੂੰ ਕਮਜ਼ੋਰ ਟੀਮ ਹਰਾਉਣ ਵਿਚ ਕਾਮਯਾਬ ਹੋ ਜਾਵੇ ਤਾਂ ਦਾਰੂ ਦੀਆਂ ਬੋਤਲਾਂ ਖ਼ੁਦ-ਬ-ਖ਼ੁਦ ਹੀ ਖੁੱਲ੍ਹ ਜਾਂਦੀਆਂ ਹਨ ਤੇ ਢੱਕਣ ਛੱਤ ਨਾਲ ਵੱਜਣ ਨੂੰ ਫਿਰਦੇ ਹਨ। ਐਪਰ ਜੇਕਰ ਕੋਈ ਟੀਮ ਜਾਂ ਖਿਲਾੜੀ ਬਿਨਾਂ ਫ਼ਰਜ਼ ਹਾਰ ਜਾਵੇ ਤਾਂ ਖੋਤਾ ਕੋਠੇ ਨਹੀਂ ਚੜ੍ਹ ਜਾਂਦਾ। ਦੋ ਘੁੱਟ ਬੁੱਲ੍ਹੀਆਂ ਨਾਲ ਛੁਹਾਏ ਜਾਣ ਤਾਂ ਰਾਤ ਨੂੰ ਹੀ ਦਿਨ ਚੜ੍ਹ ਜਾਂਦਾ ਹੈ। ਹਾਰ ਤੇ ਉਦਾਸੀ ਦੇ ਜਰਮ ਦਾਰੂ ਨਾਲ ਮਰ ਜਾਂਦੇ ਹਨ ਤੇ ਖਿਲਾੜੀ ਸੋਚਣ ਲੱਗਦਾ ਹੈ ਕਿ ਪਰਵਾਹ ਨਹੀਂ ਟੁੰਡੇ ਲਾਟ ਦੀ। ਅੱਜ ਜੇਕਰ ਹਾਰ ਹੋਈ ਹੈ ਤਾਂ ਕੱਲ੍ਹ ਨੂੰ ਜਿੱਤ ਅਵੱਸ਼ ਹੋਵੇਗੀ। ਉਹ ਦੁਬਾਰਾ ਕਾਇਮ ਹੋ ਜਾਂਦਾ ਹੈ—ਨੌਂ ਬਰ ਨੌਂ। ਖਿਲਾੜੀਆਂ ਦੀ ਇਹ ਵਫ਼ਾਦਾਰ ਸਹੇਲੀ ਹੈ। ਹਾਰਨ ਵੇਲੇ ਵੀ ਉਨ੍ਹਾਂ ਦਾ ਦਾਮਨ ਨਹੀਂ ਛੱਡਦੀ। ਸੁੱਖ ਦੇ ਸਾਥੀ ਤਾਂ ਇੱਟ ਪੁੱਟਿਆਂ ਮਿਲਦੇ ਹਨ ਪਰੰਤੂ ਦੁਖ ਦੇ ਸਾਥੀ ਤਾਂ ਵਿਰਲੇ ਹੀ ਹੁੰਦੇ ਹਨ। ਦਾਰੂ ਉਨ੍ਹਾਂ ਵਿਚੋਂ ਇਕ ਹੈ।

ਖੇਡਾਂ ਵਿਚ ਜੇਕਰ ਜਿੱਤ ਦਾ ਜਸ਼ਨ ਨਾ ਮਨਾਇਆ ਜਾਵੇ ਤਾਂ ਇਹ ਗੁਸਤਾਖ਼ੀ ਹੋਵੇਗੀ। ਜਿੱਤਣ ਦਾ ਫਿਰ ਕੀ ਫਾਇਦਾ ? ਜਸ਼ਨ ਲੱਸੀ ਜਾਂ ਚਾਹ ਪੀ ਕੇ ਨਹੀਂ ਮਨਾਏ ਜਾਂਦੇ। ਦਾਰੂ ਦੇ ਜਸ਼ਨ ਵਿਸ਼ਵ-ਪ੍ਰਸਿੱਧ ਹਨ। ਇਹ ਖ਼ੁਸ਼ੀਆਂ ਮਲ੍ਹਾਰਾਂ ਭਰਪੂਰ ਤੇ ਯਾਦਗਾਰੀ ਹੁੰਦੇ ਹਨ। ਜਦੋਂ ਕਿਸੇ ਖੇਡ ਵਿਚ ਜਿੱਤ ਦੀ ਸੀਟੀ ਵੱਜਦੀ ਹੈ ਤਾਂ ਜਿੱਤਣ ਵਾਲਿਆਂ ਦੇ ਚਿਹਰੇ ਮਕੱਈ ਦੇ ਫੁੱਲਿਆਂ ਵਾਂਗ ਖਿੜ ਜਾਂਦੇ ਹਨ ਅਤੇ ਹਾਰਨ ਵਾਲੀ ਟੀਮ ਬਿਮਾਰ ਮੁਰਗਿਆਂ ਵਾਂਗ ਧੋਣਾਂ ਸੁੱਟ ਦਿੰਦੀ ਹੈ। ਇਹ ਜਿੱਤ ਤਦ ਹੀ ਸੰਪੂਰਨ ਹੁੰਦੀ ਹੈ ਜਦ ਰਾਤ ਨੂੰ ਜੇਤੂ ਟੀਮ ਕਾਕਟੇਲਾਂ ਦੇ ਜਾਮ ਖੜਕਾਉਂਦੀ ਹੈ। ਉਹ ਪੀਣ ਉਪਰੰਤ ਖ਼ੁਸ਼ੀ ਨਾਲ ਖੀਵੀ ਹੋ ਕੇ ਨੱਚਦੀ, ਟੱਪਦੀ, ਝੂਮਦੀ ਤੇ ਬਹਿਕਦੀ ਤੇ ਟਹਿਕਦੀ ਹੈ। ਇਸ ਤਰ੍ਹਾਂ ਖੇਡ ਦੀ ਦੁਨੀਆ ਵਿਚ ਜਿੱਤਾਂ ਨੂੰ ਇਸ ਯਾਦਗਾਰੀ ਢੰਗ ਨਾਲ ਮਨਾਇਆ ਜਾਂਦਾ ਹੈ।

ਖਿਲਾੜੀ ਆਮ ਤੌਰ 'ਤੇ ਰਿਸ਼ਟ ਪੁਸ਼ਟ ਰਹਿਣ ਲਈ ਪ੍ਰੋਟੀਨ ਯੁਕਤ ਮਾਸਾਹਾਰੀ ਖ਼ੁਰਾਕ ਦੇ ਸ਼ੌਕੀਨ ਹੁੰਦੇ ਹਨ। ਮਾਸ ਦਾ ਦਾਰੂ ਨਾਲ ਚੋਲੀ ਦਾਮਨ ਦਾ ਸਾਥ ਹੈ। ਇਹ ਇਕ ਦੂਜੇ ਦੇ ਕੁਦਰਤੀ ਸਾਥੀ ਹਨ। ਮਾਸ ਵਾਲੀ ਖ਼ੁਰਾਕ ਅਮੂਮਨ ਭਾਰੀ ਹੁੰਦੀ ਹੈ। ਇਸ

ਨੂੰ ਪੁਚਾਉਣਾ ਜ਼ਰਾ ਦੇਰਪਾਅ ਹੁੰਦਾ ਹੈ। ਜੇਕਰ ਇਸ ਨਾਲ ਦਾਰੂ ਦਾ ਸਾਥ ਜੁੜ ਜਾਵੇ ਤਾਂ ਸੋਨੇ 'ਤੇ ਸੁਹਾਗੇ ਦਾ ਕੰਮ ਹੋ ਜਾਂਦਾ ਹੈ। ਝੂਮਣ ਨੱਚਣ ਟੱਪਣ ਨਾਲ ਇਹ ਕੰਮ ਹੋਰ ਵੀ ਤੇਜ਼ ਹੋ ਜਾਂਦਾ ਹੈ। ਦਾਰੂ ਬਿਨਾਂ ਨੱਚਣਾ ਕੁੱਦਣਾ ਜ਼ਰਾ ਮੁਸ਼ਕਲ ਹੁੰਦਾ ਹੈ। ਦਾਰੂ ਪੀਣ ਵਾਲੇ ਖਿਡਾਰੀ ਨੂੰ ਨੱਚਣ ਲਈ ਪ੍ਰੇਰਨਾ ਨਹੀਂ ਪੈਂਦਾ। ਉਹ ਖ਼ੁਦ-ਬ-ਖ਼ੁਦ ਨੱਚਣ ਲੱਗ ਪੈਂਦਾ ਹੈ। ਜਸ਼ਨ ਬਾਅਦ ਸਵੇਰੇ ਉੱਠੋ ਤਾਂ ਬੇਸ਼ਕ ਘੋੜੇ ਵਾਂਗ ਭੱਜੇ ਫਿਰੋ।

ਕਿੰਨੀ, ਕਿਵੇਂ ਤੇ ਕਿਥੇ ਪੀਣੀ ਚਾਹੀਦੀ ਹੈ ? ਇਸਦਾ ਜ਼ਿਕਰ ਇਸ ਪੁਸਤਕ ਵਿਚ ਪਹਿਲਾਂ ਹੀ ਭਲੀਭਾਂਤ ਕੀਤਾ ਗਿਆ ਹੈ। ਵਧੀਆ ਤੋਂ ਵਧੀਆ ਦਾਰੂ ਵੀ ਜੇਕਰ ਵਧੇਰੇ ਇਸਤੇਮਾਲ ਕੀਤੀ ਜਾਵੇ ਤਾਂ ਸਵੇਰੇ ਤੋਟ ਆਉਣੀ ਲਾਜ਼ਮੀ ਹੈ। ਪਰ ਹਿਸਾਬ ਕਿਤਾਬ ਦੀ ਪੀਣ ਨਾਲ ਇਹ ਸੂਰਤੇਹਾਲ ਪੈਦਾ ਹੀ ਨਹੀਂ ਹੁੰਦੀ। ਕਾਇਦੇ ਕਾਨੂੰਨ ਨਾਲ ਪੀਣ ਵਾਲੇ ਨੂੰ ਸਵੇਰੇ ਤਾਜ਼ਗੀ ਦੀ ਸੌਗਾਤ ਮਿਲੇਗੀ। ਗ਼ਮੀ ਖ਼ੁਸ਼ੀ ਜਾਂ ਆਮ ਹਾਲਤ ਵਿਚ ਦਾਰੂ ਪੀਣ ਵੇਲੇ ਖਿਡਾਰੀਆਂ ਦੀਆਂ ਬਰੇਕਾਂ ਫੇਲ੍ਹ ਨਹੀਂ ਹੋਣੀਆਂ ਚਾਹੀਦੀਆਂ। ਨਹੀਂ ਤਾਂ ਉਹੀ ਹਾਲ ਹੋਵੇਗਾ, ਜਿਹੜਾ ਬਿਨ ਬਰੇਕ ਵਾਲੇ ਵਾਹਨ ਦਾ ਹੁੰਦਾ ਹੈ। ਬੰਦਿਆਂ ਵਾਂਗ ਪੀਣੀ ਖਿਡਾਰੀਆਂ ਲਈ ਨਹਾਇਤ ਲਾਜ਼ਮੀ ਹੈ। ਨਹੀਂ ਤਾਂ ਉਲਟੀ ਗੰਗਾ ਚੱਲ ਪਵੇਗੀ। ਦਾਰੂ ਖਿਲਾੜੀ ਨੂੰ ਖਾਣਾ ਸ਼ੁਰੂ ਕਰ ਦੇਵੇਗੀ। ਇਸ ਕਰਕੇ ਕੁਝ ਨਾਮਵਰ ਖਿਲਾੜੀਆਂ ਦਾ ਵਧੇਰੇ ਪੀਣ ਕਾਰਨ ਜਲਦੀ ਪਤਨ ਹੋ ਜਾਂਦਾ ਹੈ। ਉਹ ਖੇਡ ਦੀ ਜਗ੍ਹਾ ਦਾਰੂ ਦੀ ਬਲੀ ਚੜ੍ਹ ਜਾਂਦੇ ਹਨ।

ਖੇਡ ਜਗਤ ਵਿਚ ਝਾਤੀ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਦਾਰੂ ਹਮੇਸ਼ਾ ਚੈਂਪੀਅਨਾਂ ਦੀ ਹਮਸਫ਼ਰ ਰਹੀ ਹੈ। ਦੁਨੀਆ ਦੇ ਸਭ ਤੋਂ ਵੱਡੇ ਖੇਡ ਮੁਕਾਬਲ਼ੇ ਵਿਚ ਜਿਹੜੇ ਵੀ ਮੈਡਲ ਪ੍ਰਾਪਤ ਕਰਨ ਵਿਚ ਕਾਮਯਾਬ ਹੁੰਦੇ ਹਨ, ਉਨ੍ਹਾਂ ਵਿਚੋਂ ਬਹੁਤੇ ਖਾਣ ਪੀਣ ਦੇ ਸ਼ੌਕੀਨ ਹੁੰਦੇ ਹਨ ਪਰ ਆਦੀ ਨਹੀਂ। ਔਰਤ ਖਿਲਾੜੀ ਵੀ ਇਸ ਦੌੜ ਵਿਚ ਪਿੱਛੇ ਨਹੀਂ। ਜੇਕਰ ਕਿਸੇ ਖਿਲਾੜੀ ਨੂੰ ਖੇਡਣ ਵੇਲੇ ਸ਼ਾਬਾਸ਼ ਦਿੱਤੀ ਜਾਵੇ ਤਾਂ ਹੋਰ ਵਧੀਆ ਖੇਡਣ ਲੱਗ ਪੈਂਦਾ ਹੈ। ਸ਼ਾਬਾਸ਼ ਨਸ਼ੇ ਦਾ ਕੰਮ ਦਿੰਦੀ ਹੈ ਪਰੰਤੂ ਜਦੋਂ ਖੇਡਣ ਉਪਰੰਤ ਥੱਕ ਟੁੱਟ ਕੇ ਚੂਰ ਹੋਣ ਉਪਰੰਤ ਖਿਲਾੜੀ ਰਾਤ ਵੇਲੇ ਦੋ ਘੁੱਟ ਅੰਦਰ ਸੁੱਟਦਾ ਹੈ ਤਾਂ ਉਸ ਵੇਲੇ ਸ਼ਾਬਾਸ਼ ਦਾ ਕਾਰਜ ਦਾਰੂ ਕਰਦੀ ਹੈ। ਉਹ ਰਾਤ ਗੂੜ੍ਹੀ ਨੀਂਦਰੇ ਸੌਂਦਾ ਹੈ ਤੇ ਦਿਨ ਚੜ੍ਹਦੇ ਫਿਰ ਸਹੀ ਸਲਾਮਤ ਹੋ ਜਾਂਦਾ ਹੈ। ਗੱਡੀ ਫਿਰ ਪਟੜੀ 'ਤੇ ਆ ਜਾਂਦੀ ਹੈ।

ਖੇਡ ਮੁਕਾਬਲਿਆਂ ਵਿਚ ਜਦੋਂ ਕੋਈ ਟੀਮ ਜਾਂ ਖਿਲਾੜੀ ਹਾਰ ਦਾ ਮੂੰਹ ਵੇਖਦੇ ਹਨ ਅਤੇ ਉਨ੍ਹਾਂ ਲਈ ਕੋਈ ਤਾੜੀਆਂ ਨਹੀਂ ਮਾਰਦਾ, ਸਗੋਂ ਹੂਟਿੰਗ ਹੁੰਦੀ ਹੈ ਤਾਂ ਉਸ ਵੇਲੇ ਧਰਤੀ ਵੀ ਉਨ੍ਹਾਂ ਨੂੰ ਵਿਹਲ ਨਹੀਂ ਦਿੰਦੀ। ਇਨ੍ਹਾਂ ਸੰਕਟਮਈ ਤੇ ਮਾਯੂਸ ਘੜੀਆਂ ਵਿਚ ਦਾਰੂ ਮਾਵਾਂ ਵਾਂਗ ਉਨ੍ਹਾਂ ਦਾ ਸਾਥ ਦਿੰਦੀ ਹੈ। ਇਸ ਦੇ ਗਲੇ ਲੱਗ ਕੇ ਉਨ੍ਹਾਂ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ ਅਤੇ ਉਹ ਇਕ ਵਾਰ ਫਿਰ ਦੂਣੀ ਸ਼ਕਤੀ ਅਤੇ ਉਤਸ਼ਾਹ ਨਾਲ ਖੇਡ ਦੇ ਮੈਦਾਨ ਵਿਚ ਉਤਰਦੇ ਹਨ। ਦਾਰੂ ਉਨ੍ਹਾਂ ਦੀ ਦਿਲ-ਨਿਵਾਜ਼ੀ ਕਰਦੀ

ਹੈ। ਇਹ ਕਾਰਜ ਚਾਹ, ਲੱਸੀ ਜਾਂ ਕੌੜ੍ਹੀ ਨਹੀਂ ਕਰ ਸਕਦੀ। ਅਜਿਹਾ ਭਾਣਾ ਕੇਵਲ ਦਾਰੂ ਹੀ ਵਰਤਾ ਸਕਦੀ ਹੈ।

ਪਹਿਲਾਂ-ਪਹਿਲ ਭਾਰਤੀ ਖਿਡਾਰੀ, ਆਪਣੀ ਖੇਡ ਨੂੰ ਜ਼ੋਰਦਾਰ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਦੇਸੀ ਘਿਉ ਦਾ ਇਸਤੇਮਾਲ ਕਰਦੇ ਹਨ। ਇਸੇ ਕਰਕੇ ਉਹ ਅੰਤਰਰਾਸ਼ਟਰੀ ਮੁਕਾਬਲਿਆਂ ਵਿਚ ਫਾਡੀ ਰਹਿ ਜਾਂਦੇ ਸਨ। ਦੇਸੀ ਘਿਉ ਨਾਲ ਸਰੀਰ ਫੁੱਲ ਜਾਂਦਾ ਹੈ, ਤਾਕਤਵਾਰ ਨਹੀਂ ਹੁੰਦਾ। ਦਿਮਾਗ਼ ਮੋਟਾ ਹੋ ਜਾਂਦਾ ਹੈ, ਤੇਜ਼ ਨਹੀਂ। ਮੈਡਲ ਜਿੱਤਣ ਲਈ ਚੁਸਤ-ਫੁਰਤ ਸਰੀਰ ਤੇ ਦਿਮਾਗ਼ ਦੀ ਲੋੜ ਹੁੰਦੀ ਹੈ। ਪੱਛਮੀ ਮੁਲਕਾਂ ਦੇ ਖਿਲਾੜੀ ਉਹੀ ਵਸਤੂ ਆ ਖਾਂਦੇ ਪੀਂਦੇ ਹਨ, ਜਿਹੜੀਆਂ ਹਰ ਦਮ ਉਨ੍ਹਾਂ ਨੂੰ ਤਾਜ਼ਾ ਤੇ ਚੁਸਤ ਰੱਖਦੀਆਂ ਹਨ। ਦਾਰੂ ਉਨ੍ਹਾਂ ਵਿਚੋਂ ਇਕ ਹੈ। ਦਾਰੂ ਕੋਈ ਖ਼ੁਰਾਕ ਨਹੀਂ, ਪਰ ਖਾਧੀ ਹੋਈ ਖ਼ੁਰਾਕ ਨੂੰ ਹਜ਼ਮ ਕਰਨ ਲਈ ਇਕ ਸਾਧਨ ਹੈ। ਦਾਰੂ ਵਿਚ ਕੋਈ ਚਰਬੀ ਜਾਂ ਚਿਕਨਾਹਟ ਨਹੀਂ ਹੁੰਦੀ। ਇਹ ਤਾਂ ਖਿਡਾਰੀਆਂ ਦੀ ਖ਼ੁਦੀ ਬੁਲੰਦ ਕਰਨ ਅਤੇ ਉਨ੍ਹਾਂ ਨੂੰ ਚੜ੍ਹਦੀਆਂ ਕਲਾਂ ਵਿਚ ਰੱਖਣ ਦਾ ਇਕ ਜ਼ਰੀਆ ਹੈ। ਇਸ ਨਾਲ ਵਧੇਰੇ ਖਾਣ ਦੀ ਰੁਚੀ ਪੈਦਾ ਹੁੰਦੀ ਹੈ ਪਰ ਸਿਆਣੇ ਖਿਡਾਰੀ ਆਪਣੇ ਉਪਰ ਜ਼ਬਤ ਰੱਖਦੇ ਹੋਏ ਉਨ੍ਹਾਂ ਹੀ ਖਾਂਦੇ ਪੀਂਦੇ ਹਨ, ਜਿੰਨਾ ਉਨ੍ਹਾਂ ਲਈ ਲਾਜ਼ਮੀ ਹੋਵੇ। ਖ਼ੁਰਾਕ ਵਾਂਗ, ਦਾਰੂ ਵੀ ਜ਼ਬਤ ਨਾਲ ਹਾਂ-ਪੱਖੀ ਨਤੀਜੇ ਪੈਦਾ ਕਰਦਾ ਹੈ। ਖਿਡਾਰੀ ਦੀਆਂ ਬਰੇਕਾਂ ਸਹੀ ਸਲਾਮਤ ਹੋਣ ਤਾਂ ਦਾਰੂ ਕਦੀ ਵਿਗਾੜ ਪੈਦਾ ਨਹੀਂ ਕਰਦਾ।

ਮੈਡਲ ਤੇ ਕੱਪ ਜਿੱਤਣੇ ਖਾਲਾ ਜੀ ਦਾ ਵਾੜਾ ਨਹੀਂ। ਇਸ ਲਈ ਮਹੀਨਿਆਂ ਤੇ ਸਾਲਾਂ-ਬੱਧੀ ਮਿਹਨਤ ਅਤੇ ਅਭਿਆਸ ਕਰਨਾ ਪੈਂਦਾ ਹੈ। ਇਹ ਅਭਿਆਸ ਲੰਮੇਰਾ ਤੇ ਅਕਾਊ ਥਕਾਊ ਹੁੰਦਾ ਹੈ। ਪਰੰਤੂ ਸੌਣ ਤੋਂ ਪਹਿਲਾਂ ਇਕ ਦੋ ਪੈੱਗ ਦਾਰੂ ਦੇ ਲਗਾ ਲੈਣ ਤਾਂ ਇਹ ਅਕੇਵੇਂ ਥਕੇਵੇਂ ਦੂਰ ਹੋ ਕੇ ਅਗਲੇ ਦਿਨ ਤਾਜ਼ਗੀ ਤੇ ਤਾਕਤ ਵਿਚ ਬਦਲ ਜਾਂਦੇ ਹਨ। ਇਸ ਕੰਮ ਲਈ ਦਾਰੂ ਇਕ ਸ਼ਰਤੀਆ ਦਵਾਈ ਹੈ। ਸਿਆਣੇ ਖਿਡਾਰੀ ਦੀ ਇਹ ਨਿਸ਼ਾਨੀ ਹੁੰਦੀ ਹੈ ਕਿ ਉਹ ਦਾਰੂ ਨੂੰ ਲਗਾਤਾਰ ਨਹੀਂ ਹੋਣ ਦਿੰਦਾ ਤੇ ਇਸ ਦਵਾਈ ਦੀ ਮਿਕਦਾਰ ਵੱਲ ਖ਼ਾਸ ਖ਼ਿਆਲ ਰੱਖਦਾ ਹੈ।

ਭਾਰਤੀ ਖਿਡਾਰੀਆਂ ਨੂੰ ਦਾਰੂ ਪ੍ਰਤੀ ਸਮਾਜੀ ਵਿਰੋਧਤਾ ਦਾ ਸਾਹਮਣਾ ਕਰਨਾ ਪੈਂਦਾ ਹੈ। ਸਾਡੇ ਧਰਮ ਤੇ ਸਭਿਆਚਾਰ ਵੀ ਇਸਦੇ ਉਲਟ ਪੁਲਟ ਹਨ। ਧਰਮ ਤਾਂ ਇਸ ਮਾਰਗ ਵਿਚ ਕੈਦੋ ਦੀ ਭੂਮਿਕਾ ਨਿਭਾਉਂਦਾ ਹੈ। ਪਰ ਖੇਡਾਂ ਦਾ ਉਦੇਸ਼ ਜਿਥੇ ਆਪਸੀ ਭਾਈਚਾਰਾ ਤੇ ਮੌਜ ਮੇਲਾ ਹੈ, ਉਥੇ ਖੇਡਾਂ ਜਿੱਤਣ ਲਈ ਵੀ ਖੇਡੀਆਂ ਜਾਂਦੀਆਂ ਹਨ। ਮਰਤਬੇ ਤੇ ਮੈਡਲ ਜਿੱਤਣ ਦੀ ਰੀਝ ਨਾਲ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ। ਜੇਕਰ ਕੋਈ ਖਿਡਾਰੀ ਆਪਣੀ ਥਕਾਵਟ ਲਾਹੁਣ ਅਤੇ ਜਸ਼ਨ ਮਨਾਉਣ ਲਈ ਦਾਰੂ ਦਾ ਸਹਾਰਾ ਲੈ ਲਵੇ ਤਾਂ ਸਾਡੇ ਸਮਾਜ ਨੂੰ ਕੋਈ ਬਵਾਲ ਨਹੀਂ ਖੜ੍ਹਾ ਕਰਨਾ ਚਾਹੀਦਾ। ਇਹ ਕੋਈ ਪਾਪ ਨਹੀਂ, ਜੁਰਮ ਨਹੀਂ। ਧਰਮ ਨੂੰ ਇਸ ਵਿਚ ਆਪਣੀ ਟੰਗ ਨਹੀਂ ਅੜਾਉਣੀ ਚਾਹੀਦੀ। ਇਸਲਾਮ ਬਹੁਤੀ ਮਨਾਹੀ ਕਰਦਾ ਹੈ। ਸ਼ਾਇਦ ਇਸੇ ਲਈ ਦੁਨੀਆ ਵਿਚ ਮੁਸਲਮ ਖਿਡਾਰੀਆਂ ਦੀ ਬਹੁਤੀ ਚਰਚਾ ਨਹੀਂ। ਈਸਾਈ ਮੱਤ ਦਾਰੂ

ਬਾਰੇ ਹਾਂ-ਪੱਖੀ ਹੈ। ਇਸੇ ਲਈ ਵਿਸ਼ਵ ਖੇਡ ਮੁਕਾਬਲਿਆਂ ਵਿਚ ਈਸਾਈਆਂ ਦੀ ਬੱਲੇ ਬੱਲੇ ਹੈ।

ਸਭ ਨੂੰ ਸਮਝਣ ਖਾਕ ਓ ਰੱਬਾ!
ਡਾਹਢੇ ਨੇ ਬੇਬਾਕ ਓ ਰੱਬਾ
ਇਹ ਪੰਡਤ ਇਹ ਮੁੱਲਾਂ ਕਾਜ਼ੀ
ਹਨ ਕੋਈ ਤੇਰੇ ਸਾਕ ਓ ਰੱਬਾ!

ਘੱਟੋ ਘੱਟ ਖਿਡਾਰੀਆਂ ਨੂੰ ਤਾਂ ਖਾਣ ਪੀਣ ਦੀ ਪੂਰੀ ਖੁੱਲ੍ਹ ਹੋਣੀ ਚਾਹੀਦੀ ਹੈ। ਖੁੱਲ੍ਹਾਂ ਦੇਣ ਵਾਲੇ ਇਹ ਕੌਣ ਹੁੰਦੇ ਨੇ ?

• •

ਦਾਰੂ ਤੇ ਮੀਸਣੇ ਲੋਕ

ਭਾਰਤੀ ਸਮਾਜ ਵਿਚ ਜੀਵਨ ਆਮ ਲੋਕਾਂ ਲਈ ਮੁਸ਼ਕਲਾਂ, ਬੰਦਸ਼ਾਂ, ਰਹਿਤਾਂ ਤੇ ਘੁਟਨਾਂ ਭਰਿਆ ਹੈ। ਮਨੁੱਖੀ ਸਮਾਜ ਵਿਚ ਅਜਿਹੀਆਂ ਰੋਕਾਂ ਤੇ ਰੁਕਾਵਟਾਂ ਸਾਡੀਆਂ ਮਾਨਸਿਕ ਕਮਜ਼ੋਰੀਆਂ ਤੇ ਨਿਪੁੰਨਸਕਤਾਵਾਂ ਦਾ ਸੂਚਕ ਹੈ। ਉਹ ਖੁੱਲ੍ਹ ਕੇ ਸਾਹ ਵੀ ਨਹੀਂ ਲੈ ਸਕਦੇ। ਜੰਮਣ ਤੋਂ ਮਰਨ ਤਕ ਧਰਮ ਤੇ ਸਮਾਜ ਨੇ ਉਨ੍ਹਾਂ ਨੂੰ ਜ਼ੰਜੀਰਾਂ ਤੇ ਹਥਕੜੀਆਂ ਨਾਲ ਜਕੜ ਰੱਖਿਆ ਹੈ। ਉਹ ਆਪਣੀ ਮਰਜ਼ੀ ਨਾਲ ਖਾ ਪੀ, ਹੱਸ ਖੇਡ ਤੇ ਸੋਚ ਵਿਚਾਰ ਵੀ ਨਹੀਂ ਸਕਦੇ। ਨਵੇਂ ਯੁੱਗ ਵਿਚ ਆਜ਼ਾਦੀ ਦੀ ਆਮਦ ਨਾਲ, ਸਾਡੇ ਸਮਾਜ ਦੇ ਇਕ ਤਿਹਾਈ ਵਰਗ ਨੇ ਤਾਂ ਬੋਦੀਆਂ ਰੀਤਾਂ ਰਿਵਾਜਾਂ ਦੇ ਜੂਲੇ ਤੇ ਪੰਜਾਲੀਆਂ ਲਾਹ ਸੁੱਟੇ ਹਨ ਤੇ ਉਹ ਆਪਣੀ ਵਿਚਾਰਧਾਰਾ ਨਾਲ ਆਪਣੀ ਜੀਵਨ ਬੇੜੀ ਨੂੰ ਠੇਲ੍ਹ ਰਹੇ ਹਨ। ਇਸ ਤਾਜ਼ਗੀ ਤੇ ਨਰੋਈ ਫ਼ਿਜ਼ਾ ਨੇ ਇਸ ਵਰਗ ਨੂੰ ਇਕ ਨਵਾਂ ਜੀਵਨ ਬਖ਼ਸ਼ਿਆ ਹੈ, ਜੋ ਸਦੀਆਂ ਤੋਂ ਉਨ੍ਹਾਂ ਦੇ ਨਸੀਬਾਂ ਵਿਚ ਨਹੀਂ ਸੀ। ਇਹ ਸਾਡਾ ਪੜ੍ਹਿਆ ਲਿਖਿਆ ਤੇ ਸੂਝਵਾਨ ਵਰਗ ਆਧੁਨਿਕ ਮਨੁੱਖੀ ਸਮਾਜ ਨੂੰ ਮੁੱਖ ਰੱਖ ਕੇ ਆਪਣੀ ਸ਼ਖ਼ਸੀਅਤ ਤੇ ਵਿਚਾਰਧਾਰਾ ਦਾ ਨਿਰਮਾਣ ਕਰ ਰਹੇ ਹਨ। ਬੰਦਸ਼ਾਂ ਦੇ ਮੱਕੜ ਜਾਲ ਤੋੜ ਰਹੇ ਹਨ।

ਪਰੰਤੂ ਸਾਡੇ ਸਮਾਜ ਦੇ ਦੋ-ਤਿਹਾਈ ਲੋਕ ਅਜੇ ਵੀ ਜੂਨ ਭੋਗ ਰਹੇ ਹਨ। ਉਨ੍ਹਾਂ ਦਾ ਜੀਵਨ ਪੱਧਰ ਜਾਨਵਰਾਂ ਤੋਂ ਉਪਰ ਨਹੀਂ। ਉਨ੍ਹਾਂ ਦੀ ਕੋਈ ਜੀਵਨ ਸ਼ੈਲੀ ਨਹੀਂ, ਆਪਣੀ ਕੋਈ ਸੋਚ ਨਹੀਂ। ਕੋਈ ਦਿਸ਼ਾ ਨਹੀਂ। ਕੋਈ ਮੰਜ਼ਿਲ ਨਹੀਂ। ਬਸ ਘੱਲੇ ਆਇ ਨਾਨਕਾ, ਸੱਦੇ ਉਠਿ ਜਾਇ। ਉਨ੍ਹਾਂ ਨੂੰ ਸਾਡੇ ਖਚਰੋਟ ਹਾਕਮ, ਭੇਡਾਂ ਬੱਕਰੀਆਂ ਵਾਂਗ ਤੰਗ ਵਾੜਿਆਂ ਵਿਚ ਤਾੜੀ ਬੈਠੇ ਹਨ। ਮੇਲਿਆਂ ਤੇ ਭੰਡਾਰਿਆਂ ਵੇਲੇ, ਆਮ ਤੇ ਖ਼ਾਸ ਚੋਣਾਂ ਵੇਲੇ, ਜਗ੍ਹਾ ਜਗਰਾਤਿਆਂ ਵੇਲੇ ਸਾਡੀਆਂ ਹਾਕਮ ਜਮਾਤਾਂ ਦੀ ਇਹ ਪ੍ਰਵਿਰਤੀ ਨੰਗੇ ਰੂਪ ਵਿਚ ਜੱਗ ਜ਼ਾਹਰ ਹੁੰਦੀ ਹੈ। ਸਾਡੇ ਸਿਆਸੀ ਮਹਾਰਥੀ ਇਨ੍ਹਾਂ ਲੋਕਾਂ ਨੂੰ ਕੀੜਿਆਂ ਮਕੌੜਿਆਂ ਵਾਂਗ ਹਨੇਰੀਆਂ ਦਲਦਲਾਂ ਵਿਚ ਰੱਖਦੇ ਹਨ ਅਤੇ ਮੌਕਾ ਆਉਣ 'ਤੇ ਉਨ੍ਹਾਂ ਨੂੰ ਸਵਾਰਥ ਦੀਆਂ ਭੱਠੀਆਂ ਵਿਚ ਝੋਂਕਿਆ ਜਾਂਦਾ ਹੈ। ਇਹ ਲੋਕ ਧੌਣਾਂ ਸੁੱਟ ਕੇ ਇਕ ਦੂਜੇ ਦੇ ਮਗਰ ਮਗਰ ਤੁਰ ਪੈਂਦੇ ਹਨ। ਭਾਵੇਂ ਇਨ੍ਹਾਂ ਨੂੰ ਜਿਹੜੇ ਮਰਜ਼ੀ ਖੂਹ ਵਿਚ ਸੁੱਟ ਦਿਉ। ਇਹ ਸੁਟੀਣ ਲਈ ਤਿਆਰ ਬੈਠੇ ਹਨ। ਭੇਡਾਂ ਜੁ ਹੋਈਆਂ। ਇਹ ਖਾਂਦੇ ਹਨ ਤੂੜੀਆਂ ਫੱਕਾਂ ਤੇ ਪਰਾਲੀਆਂ। ਦਾਣੇ ਇਨ੍ਹਾਂ ਦੇ ਨਸੀਬ ਵਿਚ ਨਹੀਂ। ਦੋ ਤਿਹਾਈ ਖਾਣਗੇ ਛਿੱਡੀਆਂ ਤੇ ਪੀਣਗੇ ਸਪਰੇਟੇ। ਇਕ ਤਿਹਾਈ ਖਾਣਗੇ ਮਲਾਈਆਂ

ਤੇ ਪੀਣਗੇ ਅੰਮ੍ਰਿਤ।

ਇਸ ਇਕ ਤਿਹਾਈ ਵਿਚੋਂ ਹੀ ਬਹੁਤੇ ਸਾਡੇ ਰਾਜਸੀ ਤੇ ਧਾਰਮਿਕ ਨੇਤਾ ਬਣਦੇ ਹਨ। ਇਹ ਲੋਕ ਜਮਾਂਦਰੂ ਹੀ ਚੁਸਤ ਚਲਾਕ, ਤੇਜ-ਤਰਾਰ, ਸ਼ਾਤਰ ਦਿਮਾਗ, ਮਚਲੇ, ਮੀਸਣੇ ਤੇ ਮੀਣੇ ਹੁੰਦੇ ਹਨ। ਇਨ੍ਹਾਂ ਹੀ ਲੋਕਾਂ ਨੇ ਭਾਰਤੀ ਸਭਿਅਤਾ, ਰਮਾਇਣ, ਮਹਾਂਭਾਰਤ, ਵੇਦਾਂ, ਉਪਨਿਸ਼ਦਾਂ ਤੇ ਹੋਰ ਗੂੜ੍ਹ-ਗਿਆਨ ਦੇ ਗ੍ਰੰਥਾਂ ਦੀ ਓਟ ਤੇ ਅਸ਼ੀਰਵਾਦ ਲੈ ਕੇ ਬਾਕੀ ਦੋ ਤਿਹਾਈ ਨੂੰ ਗਧੀ ਗੇੜੇ ਪਾਇਆ ਹੋਇਆ ਹੈ। ਇਨ੍ਹਾਂ ਲੋਕਾਂ ਦੇ ਦੂਹਰੇ-ਚੌਹਰੇ ਮਾਪਦੰਡ ਹਨ। ਇਹ ਆਮ ਲੋਕਾਂ ਨੂੰ ਕਦੀ ਆਪਣਾ ਦਾਅ ਨਹੀਂ ਦਿੰਦੇ। ਇਸ ਵਰਗ ਨੇ ਹੀ ਧਰਮ ਤੇ ਸੰਸਕ੍ਰਿਤੀ ਦੀ ਆੜ ਹੇਠ ਲੋਕਾਂ ਨੂੰ ਵਹਿਮਾਂ ਭਰਮਾਂ, ਜਾਤਾਂ ਪਾਤਾਂ ਤੇ ਅੰਧ ਵਿਸ਼ਵਾਸ ਦੇ ਜਾਲ ਵਿਚ ਜਕੜਿਆ ਹੋਇਆ ਹੈ। ਜਮਾਂ ਦੀਆਂ ਫਾਂਸੀਆਂ ਤੇ ਕੁੰਭੀ ਨਰਕਾਂ ਦੇ ਭਰਮ ਭੁਲੇਖੇ ਪਾਏ ਹੋਏ ਹਨ।

ਇਨ੍ਹਾਂ ਹੀ ਚੌਧਰੀਆਂ ਨੇ ਇਹ ਪ੍ਰਚਾਰਿਆ ਹੈ ਕਿ ਦਾਰੂ ਤੇ ਮੀਟ ਹਿੰਸਕ, ਅਸ਼ੁੱਧ ਤੇ ਭ੍ਰਿਸ਼ਟ ਭੋਜਨ ਹਨ। ਇਨ੍ਹਾਂ ਦਾ ਸੇਵਨ ਕਰਨ ਵਾਲਾ ਨਰਕਾਂ ਦਾ ਭਾਗੀ ਹੋਵੇਗਾ। ਇਹ ਦੁਸ਼ਟ ਖਾਣੇ ਵੱਕਰਾਂ ਤੇ ਦੁਰਵਿਚਾਰਾਂ ਨੂੰ ਜਨਮ ਦਿੰਦੇ ਹਨ। ਇਹੀ ਖਾਣੇ ਮਨੁੱਖ ਦੇ ਆਤਮਕ ਕਲਿਆਣ ਤੇ ਮੁਕਤੀ ਦੇ ਮਾਰਗ ਵਿਚ ਅੜੰਗੇ ਖੜ੍ਹੇ ਕਰਦੇ ਹਨ। ਪਰੰਤੂ ਸਾਡੇ ਇਕ ਤਿਹਾਈ ਜੁਝਾਰੂ ਤੇ ਖੋਹ-ਖਾਊ ਵਰਗ ਦਾ ਨਿੱਜੀ ਜੀਵਨ ਉਨ੍ਹਾਂ ਦੇ ਉਪਦੇਸ਼ਾਂ ਦੇ ਉਲਟ ਪੁਲਟ ਹੈ। ਇਹ ਹਰ ਤਰ੍ਹਾਂ ਦਾ ਭੋਜਨ ਸੇਵਨ ਕਰਦੇ ਹਨ। ਡੱਡ ਮੱਛੀ ਸਭ। ਨਾਨਾ ਪ੍ਰਕਾਰ ਦੇ ਨਸ਼ੀਲੇ ਪਦਾਰਥ ਤੇ ਵੰਨ ਸੁਵੰਨੀਆਂ ਪੁਸ਼ਾਕਾਂ ਪਹਿਨਦੇ ਨਹੀਂ ਥੱਕਦੇ। ਲੋਕਾਂ ਨੂੰ ਸਾਦਾ ਭੋਜਨ ਕਰਨ ਦਾ ਫੁਰਮਾਨ ਛੱਡਦੇ ਹਨ। ਦੁਨੀਆ ਦੀ ਕੇਹੜੀ ਖੁੱਲ੍ਹ ਹੈ, ਜਿਹੜੀ ਇਨ੍ਹਾਂ ਨਹੀਂ ਮਾਣੀ। ਇਨ੍ਹਾਂ ਲਈ ਸਭ ਫਾਟਕ ਖੁੱਲ੍ਹੇ ਹਨ। ਆਮ ਲੋਕਾਂ ਨੂੰ ਭਰਮਾਈ ਰੱਖਣ ਲਈ ਇਹ ਲੋਕ ਇਹ ਖੁੱਲ੍ਹਾਂ ਸ਼ਰੇਆਮ ਨਹੀਂ ਮਾਣਦੇ। ਆਪਣੇ ਭਾਈਚਾਰਿਆਂ, ਕਲੱਬਾਂ ਤੇ ਮਹਿਫ਼ਲਾਂ ਵਿਚ ਇਹ ਲੋਕ ਦੁਨੀਆ ਭਰ ਦੇ 'ਗੁਨਾਹ' ਪਾਲਦੇ ਹਨ। ਇਨ੍ਹਾਂ ਦੀ ਆਪਣੀ ਦੁਨੀਆ ਹੈ, ਜੀਣ ਦਾ ਆਪਣਾ ਹੀ ਅੰਦਾਜ਼ ਹੈ। ਇਨ੍ਹਾਂ ਦੇ ਖੇਤਰਾਂ ਵਿਚ ਜਨ ਸਾਧਾਰਨ ਦੀ ਤਾਂ ਚਿੜੀ ਵੀ ਨਹੀਂ ਫਟਕ ਸਕਦੀ। ਮੱਖੀ ਵੀ ਨਹੀਂ ਭਿਣਕ ਸਕਦੀ। ਇਨ੍ਹਾਂ ਦੀ ਦੁਨੀਆ ਇਨ੍ਹਾਂ ਨੂੰ ਮੁਬਾਰਕ।

ਜਨ ਸਾਧਾਰਨ ਉਪਰ ਆਪਣੀ ਪਕੜ ਪੀਡੀ ਕਰਨ ਵਾਸਤੇ ਇਹ 'ਉੱਚੇ ਲੋਕ' ਕਈ ਕਿਸਮ ਦੇ ਫੁਰਮਾਨ ਛੱਡਦੇ ਰਹਿੰਦੇ ਹਨ ਤਾਂ ਕਿ 'ਨੀਵੇਂ ਲੋਕ' ਇਨ੍ਹਾਂ ਦੇ ਖੰਭਾਂ ਹੇਠ ਰਹਿਣ। ਇਨ੍ਹਾਂ ਫੁਰਮਾਨਾਂ ਦੀ ਹੁਕਮ ਅਦੂਲੀ ਕਰਨ ਵਾਲੇ ਬਰਾਦਰੀ ਤੇ ਧਰਮ ਵਿਚੋਂ ਛੇਕ ਦਿੱਤੇ ਜਾਂਦੇ ਹਨ। ਹੁੱਕਾ ਪਾਣੀ ਬੰਦ ਕੀਤਾ ਜਾਂਦਾ ਹੈ। ਸਾਡੇ ਹਾਕਮਾਂ ਦੀ ਗ਼ੈਰ ਕੁਦਰਤੀ ਤੇ ਗ਼ੈਰ-ਮਨੁੱਖੀ ਹਕੂਮਤ ਕਾਰਨ, ਸਾਡਾ ਸਮਾਜਿਕ ਜੀਵਨ ਉਲਝਣਾਂ ਤੇ ਮੁਸੀਬਤਾਂ ਭਰਿਆ ਬਣ ਗਿਆ ਹੈ। ਇਹ ਬਹੁਤੀਆਂ ਸਮੱਸਿਆਵਾਂ, ਜਾਣ ਬੁੱਝ ਕੇ ਆਪਣੇ ਸੌੜੇ ਸਵਾਰਥਾਂ ਲਈ ਸਾਡੇ ਉੱਚ ਵਰਗ ਨੇ ਹੀ ਪੈਦਾ ਕੀਤੀਆਂ ਹਨ। ਇਹ ਤਣਾਅ ਭਰੇ ਮਾਹੌਲ ਵਿਚ ਸਾਡੇ ਵੱਡੇ ਵਡੇਰੇ ਸਦੀਆਂ ਤੋਂ ਸਾਹ ਲੈ ਰਹੇ ਹਨ। ਚਮਾਰਾਂ ਦੀ ਨੂੰਹ ਵਾਂਗ ਅੱਜ ਸਾਡੀ ਵੀ ਬੋਅ ਮਾਰੀ ਗਈ ਹੈ। ਇਸ ਜੀਵਨ ਨੂੰ ਅਸੀਂ ਆਪਣੀ

ਹੋਣੀ ਮੰਨ ਕੇ ਭੋਗਣ ਲਈ ਅਸੀਂ ਤਿਆਰ ਬੈਠੇ ਹਾਂ। ਇਹ ਯੁੱਗ ਹੁਣ ਬੀਤ ਚੁੱਕਾ ਹੈ। ਹੁਣ ਅਸਾਂ ਨਵੇਂ ਯੁੱਗ ਵਿਚ ਪ੍ਰਵੇਸ਼ ਕਰਨਾ ਹੈ। ਬਥੇਰੀਆਂ ਜੂਨਾਂ ਭੋਗ ਲਈਆਂ ਹਨ। ਇਸ ਜੂਨ ਵਿਚ ਅਸਾਂ ਬੰਦਿਆਂ ਵਾਂਗ ਜਿਊਣਾ ਹੈ। ਅਸਾਂ ਬਥੇਰੇ ਸਾਹ ਲੈ ਲਏ ਹਨ। ਹੁਣ ਅਸਾਂ ਕੇਵਲ ਸੁੱਖ ਦੇ ਸਾਹ ਹੀ ਲੈਣੇ ਹਨ। ਕੇਵਲ ਆਨੰਦ।

ਜੇਕਰ ਇਹ 'ਮਲੀਨ ਤੇ ਭ੍ਰਿਸ਼ਟ ਭੋਜਨ' ਸਾਡੇ ਖਾਧਿਆਂ ਪੰਡਤਾਂ, ਮੁਲਾਣਿਆਂ ਤੇ ਮਜੌਰਾਂ ਨੂੰ ਕੁਝ ਨਹੀਂ ਕਹਿੰਦਾ ਤਾਂ ਸਾਨੂੰ ਕਿਉਂ ਚੂੰਢੀਆਂ ਵੱਢਦਾ ਹੈ ? ਜੇਕਰ ਇਹ 'ਸਭ ਪਦਾਰਥ' ਖਾ ਪੀ ਕੇ ਸਵਰਗਾਂ ਵਿਚ ਵਿਚਰ ਰਹੇ ਹਨ ਤਾਂ ਸਾਨੂੰ ਕਿਉਂ ਕੁੰਭੀ ਨਰਕ ਵਿਖਾਏ ਗਏ ਹਨ ? ਜੇਕਰ ਅਜਿਹੇ ਮਾਇਕ ਪਦਾਰਥਾਂ ਨਾਲ ਇਨ੍ਹਾਂ ਦੀ ਆਤਮਾ ਤੇ ਜਿਸਮ ਭ੍ਰਿਸ਼ਟ ਨਹੀਂ ਹੁੰਦੇ ਤਾਂ ਸਾਡੇ ਕਿਵੇਂ ਹੋਣਗੇ ? ਇਹ ਲੋਕ ਵੀ ਸਾਡੇ ਵਾਂਗ ਪੰਜ ਤੱਤਾਂ ਦੇ ਪੁਤਲੇ ਹਨ। ਇਨ੍ਹਾਂ ਨੂੰ ਕੋਈ ਵੱਖਰਾ ਪੁਰਜਾ ਨਹੀਂ ਲੱਗਾ ਹੋਇਆ। ਫ਼ਰਕ ਸਿਰਫ਼ ਏਨਾ ਹੈ ਕਿ ਇਹ 'ਮਹਾਂਪੁਰਸ਼' ਸਾਰੇ ਕੰਮ ਅੰਦਰਖਾਤੇ ਤੇ ਬਚ ਬਚਾਅ ਕੇ ਕਰਦੇ ਹਨ। ਇਨ੍ਹਾਂ ਨੇ ਹਰ ਘਾਟ ਦਾ ਪਾਣੀ ਪੀਤਾ ਹੈ। ਸਾਨੂੰ ਇਨ੍ਹਾਂ ਇਕੋ ਘਾਟ ਹੀ ਤਾੜ ਰੱਖਿਆ ਹੈ। ਇਹ ਲੋਕ ਬਹੁਤੇ ਪਖੰਡੀ ਤੇ ਦੰਭੀ ਹਨ। ਆਮ ਆਦਮੀ ਇਨ੍ਹਾਂ ਨਾਲੋਂ ਵਧੇਰੇ ਸਦਾਚਾਰੀ, ਧਰਮੀ ਤੇ ਇਖਲਾਕੀ ਹੁੰਦੇ ਹਨ। ਇਨ੍ਹਾਂ ਲੋਕਾਂ ਦਾ ਤਾਂ ਕੋਈ ਦੀਨ ਮਜ਼੍ਹਬ ਤੇ ਇਸ਼ਟ ਨਹੀਂ ਹੁੰਦਾ। ਅਸੀਂ ਕਿਵੇਂ ਜੀਣਾ ਹੈ ? ਕੀ ਖਾਣਾ ਹੈ ? ਕੀ ਪਹਿਨਣਾ ਹੈ ? ਸਾਨੂੰ ਇਸਦੀ ਅਗਵਾਈ ਲਈ ਕਿਸੇ ਪਤੰਦਰ ਕਲੰਧਰ ਨੂੰ ਪੁੱਛਣ ਦੀ ਲੋੜ ਨਹੀਂ। ਸਾਡੀ ਜੀਵਨ ਬੇੜੀ ਦੇ ਚੱਪੂ ਸਾਡੇ ਮੁਬਾਰਕ ਹੱਥਾਂ ਵਿਚ ਹੋਣੇ ਚਾਹੀਦੇ ਹਨ। ਅਸੀਂ ਹਬਸ਼ੀਆਂ ਵਾਂਗ ਕਿਸੇ ਦੇ ਜ਼ਰ ਖ਼ਰੀਦ ਨਹੀਂ ਹਾਂ। ਹੁਣ ਤਾਂ ਉਹ ਵੀ ਦੁਨੀਆ ਦੇ 'ਸ਼ਹਿਨਸ਼ਾਹ' ਬਣੀ ਬੈਠੇ ਹਨ। ਸਰਵਉੱਚ ਸਿੰਘਾਸਣ ਦੇ ਦਾਅਵੇਦਾਰ।

ਅਸੀਂ ਸ਼ਰੇਆਮ ਖੁੱਲ੍ਹੇ ਇਜਲਾਸ ਅਤੇ ਭਰੀ ਸਭਾ ਵਿਚ ਇਹ ਐਲਾਨ ਕਰਦੇ ਹਾਂ ਕਿ ਸਦੀਆਂ ਤੋਂ ਸਾਡੇ ਹਾਕਮਾਂ ਨੇ ਦਾਰੂ ਨੂੰ ਆਪਣੀ ਬਾਂਦੀ ਬਣਾ ਰੱਖਿਆ ਹੈ। ਇਹ ਸਭ ਦੀ ਰਾਣੀ ਹੈ। ਇਸ ਨੂੰ ਸੀਮਤ ਤੇ ਨਿਰਧਾਰਤ ਹੱਦਾਂ ਹੇਠ ਪੀਣਾ ਕਿਸੇ ਤਰ੍ਹਾਂ ਵੀ ਸਾਡੇ ਲਈ ਹਾਨੀਕਾਰਕ ਨਹੀਂ। ਇਹ ਬੁਰੇ ਵਿਕਾਰ ਪੈਦਾ ਨਹੀਂ ਕਰਦੀ। ਮੀਟ ਤੇ ਦਾਰੂ ਸਾਡੀ ਸਿਹਤ ਲਈ ਗੁਣਕਾਰੀ ਹਨ। ਧਰਮ ਤੇ ਸੰਸਕ੍ਰਿਤੀ ਨਾਲ ਇਹਦਾ ਕੋਈ ਲੈਣਾ ਦੇਣਾ ਨਹੀਂ। ਇਹ ਹਕੀਕਤ ਹੈ ਕਿ ਖਾਣ ਪੀਣ ਵਾਲੇ ਬੰਦੇ ਪ੍ਰਹੇਜ਼ਗਾਰਾਂ ਨਾਲੋਂ ਵਧੇਰੇ ਸਦਾਚਾਰੀ, ਇਤਬਾਰੀ ਤੇ ਇਖਲਾਕੀ ਹੁੰਦੇ ਹਨ। ਪੀਣ ਵਾਲਿਆਂ ਦੀ ਧਰਮ ਵਿਚ ਸ਼ਰਧਾ ਡੂੰਘੀ ਤੇ ਸੱਚੀ-ਸੁੱਚੀ ਹੁੰਦੀ ਹੈ। ਉਹ ਨਾ ਪੀਣ ਵਾਲੇ ਮੀਸਣੇ ਲੋਕਾਂ ਵਾਂਗ ਪਖੰਡੀ ਤੇ ਦੋਗਲੇ ਨਹੀਂ ਹੁੰਦੇ। ਸਗੋਂ ਦੀਨ ਈਮਾਨ ਦੇ ਪੂਰੇ ਤੇ ਪੱਕੇ ਹੁੰਦੇ ਹਨ। ਸਾਡੀ ਸੰਸਕ੍ਰਿਤੀ ਤੇ ਸਭਿਅਤਾ ਦੇ ਮੂਲ ਆਧਾਰ ਆਧੁਨਿਕ ਤੇ ਉਪਯੋਗੀ ਹੋਣੇ ਚਾਹੀਦੇ ਹਨ। ਜਿਹੜੇ ਰੀਤੀ ਰਿਵਾਜ ਅਤੇ ਪਰੰਪਰਾਵਾਂ ਸਮਾਂ ਵਿਹਾ ਚੁੱਕੇ ਹਨ, ਉਨ੍ਹਾਂ ਨੂੰ ਤਿਲਾਂਜਲੀ ਦੇਣਾ ਹੀ ਉਚਿਤ ਹੈ। ਜਿਸ ਜੀਵਨ ਫ਼ਲਸਫ਼ੇ ਨੇ ਬੀਤਿਆਂ ਸਮਿਆਂ ਵਿਚ ਸਾਨੂੰ ਜ਼ਲੀਲ ਤੇ ਲਾਚਾਰ ਕੀਤਾ ਹੈ, ਉਸਨੂੰ ਤਿਆਗਣ ਵਿਚ ਹੀ ਅਕਲਮੰਦੀ ਹੈ। ਅੱਜ ਸਾਨੂੰ ਕੇਵਲ ਉਹੀ ਰੀਤੀ ਰਿਵਾਜ ਜਾਰੀ ਰੱਖਣੇ ਚਾਹੀਦੇ ਹਨ, ਜਿਹੜੇ ਸਾਡੇ ਮੁਰਦਾ ਜੀਵਨ ਵਿਚ

ਰੌਸ਼ਨੀਆਂ ਤੇ ਰੰਗ ਭਰ ਸਕਣ। ਸਤਰੰਗੀ ਪੀਂਘ ਬਣਾ ਸਕਣ। ਪਰਹੇਜ਼ਗਾਰਾਂ ਦਾ ਇਸ਼ਟ ਪੈਸਾ ਹੀ ਹੁੰਦਾ ਹੈ। ਛਿਲੜਾਂ ਤੇ ਠੀਕਰਾਂ ਦੇ ਭੁੱਖੇ।

ਸਾਡੀ ਸੰਸਕ੍ਰਿਤੀ ਤੇ ਵਿਰਸਾ ਕਿਸੇ ਇਕ ਸ਼ਾਹੀ ਖਾਨਦਾਨ ਦੀ ਦੇਣ ਨਹੀਂ ਹਨ। ਇਹ ਸੰਸਕ੍ਰਿਤੀ ਸਾਡੇ ਵੱਡੇ ਵਡੇਰਿਆਂ ਨੇ ਸੌ ਜ਼ਫ਼ਰ ਜਾਲ ਕੇ ਸਿਰਜੀ ਹੈ। ਜੇਕਰ ਅਜੋਕੇ ਸਮੇਂ ਵਿਚ ਇਸਦੇ ਕੁਝ ਅੰਸ਼ ਕੱਟਣੇ ਵੀ ਪੈਣ ਤਾਂ ਕੋਈ ਭੁਚਾਲ ਨਹੀਂ ਆ ਚੱਲਿਆ। ਸਾਡੀ ਸੰਸਕ੍ਰਿਤੀ ਸਾਡੇ ਲਈ ਹੈ, ਅਸੀਂ ਉਹਦੇ ਲਈ ਨਹੀਂ। ਵਿਸ਼ਵ ਦੇ ਇਤਿਹਾਸ ਵਿਚ ਸਭ ਸਭਿਅਤਾ ਤੇ ਸੰਸਕ੍ਰਿਤਾਂ ਸਮੇਂ ਦੇ ਬਦਲਣ ਨਾਲ ਬਦਲਦੀਆਂ ਰਹਿੰਦੀਆਂ ਹਨ। ਸਾਨੂੰ ਵੀ ਬਦਲਣਾ ਪਵੇਗਾ। ਕਿਸੇ ਕਿਸਮ ਦੀ ਖੜੋਤ, ਸਾਡੇ ਸਮਾਜਕ ਜੀਵਨ ਨੂੰ ਦੁਰਗੰਧ ਨਾਲ ਗਰੱਸ ਲਵੇਗੀ। ਸਾਡੇ ਸਮਾਜ ਦੇ ਉੱਚੇ ਵਰਗਾਂ ਦੇ ਲੋਕ ਤਾਂ ਸਦੀਆਂ ਤੋਂ ਪੁਰਾਤਨਤਾ ਨੂੰ ਤਿਆਗ ਕੇ ਨਵੀਨਤਾ ਨੂੰ ਅਪਣਾਉਂਦੇ ਰਹੇ ਹਨ। ਉਨ੍ਹਾਂ ਨੂੰ ਮੁਸਲਮਾਨਾਂ ਵੇਲੇ ਇਸਲਾਮੀ ਕਲਚਰ ਗ੍ਰਹਿਣ ਕੀਤਾ, ਅੰਗਰੇਜ਼ਾਂ ਵੇਲੇ ਅੰਗਰੇਜ਼ੀ ਅਤੇ ਅਜੋਕੇ ਸਮੇਂ ਵਿਚ ਅਮਰੀਕਨਾਂ ਦੀ। ਇਹ ਲੋਕ ਚੜ੍ਹਦੇ ਸੂਰਜ ਨੂੰ ਸਲਾਮ ਕਰਦੇ ਰਹੇ ਹਨ ਤੇ ਅੱਜ ਵੀ ਕਰ ਰਹੇ ਹਨ। ਸਾਨੂੰ ਵੀ ਕਰਨੀ ਚਾਹੀਦੀ ਹੈ। ਇਹ ਜ਼ਿੰਦਗੀ ਦਾ ਰਾਜ਼ ਹੈ। ਆਪਣੇ ਕਲਚਰ ਦੇ ਮੰਦੇ ਪੱਖ ਤਿਆਗਣੇ, ਦੂਜੀਆਂ ਦੇ ਚੰਗੇ ਪੱਖ ਅਪਣਾਉਣੇ ਹੀ ਨਰੋਈ ਤੇ ਸਫ਼ਲ ਖ਼ੁਸ਼ਹਾਲ ਜ਼ਿੰਦਗੀ ਦਾ ਰਾਜ਼ ਹਨ। ਤੁਹਾਡੇ ਲਈ ਕੀ ਚੰਗਾ ਮਾੜਾ ਹੈ ? ਕੇਵਲ ਆਪਣੀ ਜ਼ਮੀਰ ਨੂੰ ਪੁੱਛੋ। ਪੰਡਤਾਂ ਨੂੰ ਨਹੀਂ। ਟੁੱਕਰ ਬੋਚਾਂ ਨੂੰ ਨਹੀਂ।

ਖ਼ਾਸ ਕਰਕੇ ਖਾਣ ਪੀਣ ਦੇ ਮਾਮਲੇ ਵਿਚ ਸਭ ਨੂੰ ਖੁੱਲ੍ਹ ਹੋਣੀ ਚਾਹੀਦੀ ਹੈ। ਇਸ ਵਿਚ ਧਰਮ ਤੇ ਸ਼ਿਸ਼ਟਾਚਾਰ ਦੇ ਮਸ਼ਵਰੇ ਦੀ ਕੋਈ ਗੁੰਜਾਇਸ਼ ਨਹੀਂ ਹੈ। ਸਾਡੀ ਜੀਵਨ ਡੋਰੀ ਸਾਡੇ ਸੱਜੇ ਹੱਥ ਹੋਵੇ। ਨਹੀਂ ਤਾਂ ਸਾਡੇ ਤੇ ਭੇਡਾਂ ਵਿਚ ਕੀ ਅੰਤਰ ਹੈ ? ਸਾਡੇ ਹਾਕਮਾਂ ਨੂੰ ਨਸੀਹਤ ਦਿੱਤੀ ਜਾਵੇ ਕਿ ਉਹ ਦੋਗਲਾ ਜੀਵਨ ਤਜ ਕੇ ਜਨ-ਕਲਿਆਣ ਲਈ ਨਿੱਤਰ ਕੇ ਮੈਦਾਨ ਵਿਚ ਆਉਣ ਤੇ ਵਿਚਰਨ। ਨਹੀਂ ਤਾਂ—

ਜ਼ਾਹਿਦ ਸ਼ਰਾਬ ਪੀਨੇ ਦੇ ਮਸਜਿਦ ਮੇਂ ਬੈਠ ਕਰ
ਯਾ ਵੋਹ ਜਗਾ ਬਤਾ ਕਿ ਜਹਾਂ ਪਰ ਖ਼ੁਦਾ ਨਹੀਂ

• •

ਦਾਰੂ ਦੇ ਗਲ ਤ਼ਗਮੇ

ਸਾਡੇ ਸਮਾਜ ਵਿਚ ਦਾਰੂ ਨੂੰ ਘਿਰਣਾ ਦੀ ਨਜ਼ਰ ਨਾਲ ਇਸ ਕਰਕੇ ਵੇਖਿਆ ਜਾਂਦਾ ਹੈ ਕਿ ਇਹ ਮਨੁੱਖੀ ਸਿਹਤ ਦੀ ਜਾਨੀ ਦੁਸ਼ਮਣ ਹੈ। ਪੀਣ ਵਾਲੇ ਜਿਥੇ ਸਰੀਰਕ ਤੌਰ 'ਤੇ ਨਿਕੰਮੇ ਤੇ ਨਕਾਰੇ ਹੋ ਜਾਂਦੇ ਹਨ ਉਥੇ ਦਿਮਾਗ਼ੀ ਤੌਰ 'ਤੇ ਵੀ ਖੋਖਲੇ ਤੇ ਖਾਲੀ ਹੋ ਜਾਂਦੇ ਹਨ—ਨਿਰੇ ਘੁੱਗੂ ਬੁੱਧੂ ਤੇ ਝਾਵੇਂ। ਇਸ ਕਰਕੇ ਹੀ ਜਹਾਨ ਭਰ ਦੇ ਨੁਕਸਾਨ ਤੇ ਖਾਮੀਆਂ ਦਾਰੂ ਉੱਤੇ ਲੱਦ ਦਿੱਤੀਆਂ ਜਾਂਦੀਆਂ ਹਨ। ਧਰਮਾਂ ਵੱਲੋਂ ਤਾਂ ਇਸਦੇ ਵਿਰੁੱਧ ਘਾਤ ਲਾ ਕੇ ਹੱਲਾ ਬੋਲਿਆ ਜਾਂਦਾ ਹੈ। ਇਸੇ ਲਈ ਸਾਡੇ ਸਮਾਜ ਵਿਚ ਕਿਸੇ ਦਾਰੂ ਪੀਣ ਵਾਲੇ ਨੂੰ ਸ਼ਰਾਬੀ ਕਬਾਬੀ ਕਹਿ ਕੇ ਭੰਡਿਆ ਤੇ ਛੰਟਿਆ ਜਾਂਦਾ ਹੈ। ਲੋਕ ਥੂਹ-ਥੂਹ ਕਰਦੇ ਹਨ। ਹਰ ਦੂ ਲਾਹਨਤ।

ਦੂਜੇ ਪਾਸੇ ਜਿਹੜਾ ਸ਼ਖ਼ਸ ਮੀਟ, ਆਂਡੇ, ਦਾਰੂ ਵਗੈਰਾ ਨਾ ਪੀਂਦਾ ਹੋਵੇ, ਜਿਸਨੂੰ ਕੋਈ ਨਸ਼ਾ ਜਾਂ ਉਸਦੀ ਆਦਤ ਨਾ ਹੋਵੇ, ਉਸਨੂੰ ਚੁਣ-ਚੁਣ ਕੇ ਵਿਸ਼ੇਸ਼ਣਾਂ ਨਾਲ ਲੱਦਿਆ ਜਾਂਦਾ ਹੈ। ਦਿਮਾਗ਼ੀ ਤੌਰ 'ਤੇ ਭਾਵੇਂ ਉਹ ਨਿਰਾ ਨਪੌੜ ਸੰਖ ਹੀ ਹੋਵੇ। ਮਿੱਟੀ ਦਾ ਮਾਧੋ। ਉਹ ਵੇਖਣ ਨੂੰ ਦਰਸ਼ਨੀ ਭਲਵਾਨ ਹੁੰਦਾ ਹੈ, ਚੰਗੇ ਚੋਖੇ ਸਰੀਰਕ ਖੇਤਰਫਲ ਵਾਲਾ। ਜਿਸ ਬੰਦੇ ਕੋਲ ਬੁੱਧੀ ਦਾ ਧੰਨ ਨਹੀਂ, ਉਹ ਕੌਡਿਓਂ ਖੋਟਾ ਹੁੰਦਾ ਹੈ। ਅਜਿਹੇ ਬੰਦੇ ਆਮ ਤੌਰ 'ਤੇ ਕਾਹਰੀ ਇੱਟ ਦੇ ਬਣੇ ਹੁੰਦੇ ਹਨ। ਨਾ ਉਨ੍ਹਾਂ ਵਿਚ ਸਰੀਰਕ ਸੱਤਿਆ ਹੁੰਦੀ ਹੈ ਤੇ ਨਾ ਹੀ ਬੁੱਧੀ ਬਲ। ਮੂੰਗੀ ਦੀ ਦਾਲ ਖਾਣ ਨਾਲ ਨਾ ਸਰੀਰ ਸੁਡੌਲ ਹੁੰਦਾ ਹੈ ਤੇ ਨਾ ਹੀ ਦਿਮਾਗ਼ ਰੌਸ਼ਨ। ਕੇਵਲ ਖਾਣ ਪੀਣ ਵਾਲੇ ਸਰੀਰ ਹੀ ਕਿਸੇ ਗਿਣਤੀ ਵਿਚ ਆ ਸਕਦੇ ਹਨ। ਮੁਸਲਮਾਨ ਤੇ ਅੰਗਰੇਜ਼ ਸਭ ਕੁਝ ਖਾਣ ਪੀਣ ਵਾਲੇ ਸਨ ਤੇ ਭਾਰਤ ਦੇ ਲੋਕ ਕੇਵਲ ਮੂੰਗੀ ਦੀ ਧੋਤੀ ਦਾਲ। ਇਸੇ ਕਰਕੇ ਸਦੀਆਂ ਭਰ ਬਦੇਸ਼ੀਆਂ ਦੇ ਥਪੇੜੇ ਖਾਂਦੇ ਰਹੇ। ਵੈਸ਼ਨੋ ਸਾਹਿਬ। ਦੁਰ ਦੁਰ ਫਿਟ ਫਿਟ!

ਦੁਨੀਆ ਵਿਚ ਬੜੇ ਬੜੇ ਬੁੱਧੀਜੀਵੀ, ਰੌਸ਼ਨ ਦਿਮਾਗ਼ ਤੇ ਅਕਲਮੰਦ ਹੋਏ ਹਨ। ਖ਼ਾਸ ਕਰਕੇ ਵਿਗਿਆਨ ਤੇ ਗਿਆਨ ਦੇ ਖੇਤਰ ਵਿਚ। ਭੌਤਿਕ ਤੇ ਰਸਾਇਣਕ ਵਿਗਿਆਨ, ਡਾਕਟਰੀ ਤੇ ਇੰਜੀਨੀਅਰਿੰਗ, ਤਾਰਾ, ਪ੍ਰਮਾਣੂ ਅਤੇ ਕੰਪਿਊਟਰ ਵਿਗਿਆਨ ਨੇ ਆਪਣੀਆਂ ਅਦਭੂਤ ਕਾਢਾਂ ਤੇ ਖੋਜਾਂ ਨਾਲ ਧਰਤੀ ਦਾ ਨਕਸ਼ਾ ਤੇ ਮੁਹਾਂਦਰਾ ਬਦਲ ਦਿੱਤਾ ਹੈ। ਇਹ ਸਾਰੇ ਵਿਗਿਆਨੀ ਖਾਣ ਪੀਣ ਦੇ ਮਾਮਲਿਆਂ ਵਿਚ ਕਿਸੇ ਕਿਸਮ ਦੇ ਪਰਹੇਜ਼ਗਾਰ ਨਹੀਂ ਹੁੰਦੇ। ਜੇਕਰ ਭਾਰਤੀ ਸੰਸਕ੍ਰਿਤੀ ਮੁਤਾਬਕ ਉਨ੍ਹਾਂ ਦੀ ਦਾਰੂ ਵਗੈਰਾ ਨਾਲ ਸਿਹਤ ਵਿਗੜਦੀ ਹੋਵੇ ਤਾਂ ਉਹ ਵਿਗਿਆਨੀ ਕੱਖ ਭੰਨ ਕੇ

ਦੋਹਰਾ ਨਾ ਕਰ ਸਕਦੇ। ਉਹ ਕੁਝ ਵੀ ਹਾਸਿਲ ਨਾ ਕਰ ਸਕਦੇ। ਹਕੀਕਤ ਇਹ ਹੈ ਕਿ ਇਨ੍ਹਾਂ ਹੀ ਲੋਕਾਂ ਨੇ ਆਪਣੇ ਬੁੱਧੀ ਬਲ ਨਾਲ ਮਨੁੱਖੀ ਜਾਣਕਾਰੀ ਤੇ ਪ੍ਰਾਪਤੀ ਦੀਆਂ ਸਿਖ਼ਰਾਂ ਨੂੰ ਚੁੰਮਿਆ ਹੈ। ਵੰਨ ਸੁਵੰਨੀਆਂ ਖੋਜਾਂ ਦੇ ਕਾਢਾਂ ਨਾਲ ਅਜੋਕੀ ਸਭਿਅਤਾ ਨੂੰ ਰੰਗੀਨ ਤੇ ਖ਼ੁਸ਼ਹਾਲ ਬਣਾਇਆ ਹੈ। ਇਸਦੇ ਉਲਟ ਜਿੰਨਾ ਭਾਰਤੀ ਸਮਾਜ ਸ਼ਾਸਤਰੀਆਂ ਨੇ ਖਾਣ ਪੀਣ ਤੋਂ ਪਰਹੇਜ਼ ਕੀਤਾ ਹੈ ਜਾਂ ਲੋਕਾਂ ਨੂੰ ਕਰਨ ਲਈ ਮਜਬੂਰ ਕੀਤਾ ਹੈ, ਉਨ੍ਹਾਂ ਨੇ ਸਾਡੇ ਸਮਾਜ ਨੂੰ ਰਸਾਤਲ ਦੀਆਂ ਡੂੰਘਾਣਾਂ ਦੀ ਸੈਰ ਕਰਾਈ ਹੈ। ਸਿਵਾਇ ਮਾਨਸਿਕ ਪ੍ਰਦੂਸ਼ਣ ਨੂੰ ਜਨਮ ਦੇਣ ਤੋਂ ਇਨ੍ਹਾਂ ਭੱਦਰਪੁਰਸ਼ਾਂ ਨੇ ਆਪਣੇ ਬੇਕਾਰ, ਬੋਧਲ ਤੇ ਗ਼ੈਰ ਕੁਦਰਤੀ ਵਿਚਾਰਾਂ ਨਾਲ ਲੱਖਾਂ ਕਰੋੜਾਂ ਲੋਕਾਂ ਨੂੰ ਆਜ਼ਾਦੀ ਨਾਲ ਪ੍ਰਫੁਲਤ ਹੋਣ ਤੋਂ ਰੋਕੀ ਰੱਖਿਆ ਹੈ। ਅਨੇਕਾਂ ਕਲੀਆਂ ਨੂੰ ਫੁੱਲ ਬਣਨ ਤੋਂ ਮਹਿਰੂਮ ਕੀਤਾ ਹੈ। ਜੀਵਨ ਦੇ ਦੁਸ਼ਮਣ। ਮਾਮੇ ਹੀਰ ਦੇ।

ਆਮ ਲੋਕਾਂ ਵਿਚ ਇਹ ਪ੍ਰਬਲ ਰੁਚੀ ਹੁੰਦੀ ਹੈ ਕਿ ਉਹ ਆਪਣੇ ਧਾਰਮਿਕ ਚੌਧਰੀਆਂ ਦਾ ਪ੍ਰਭਾਵ ਅੰਨ੍ਹੇਵਾਹ ਕਬੂਲ ਲੈਂਦੇ ਹਨ। ਕੋਈ ਕਿੰਤੂ ਪਰੰਤੂ ਨਹੀਂ ਕਰਦੇ। ਇਨ੍ਹਾਂ ਭੇਡਾਂ ਬਕਰੀਆਂ ਨੂੰ ਘਾਹ ਫੂਸ ਖਾਣ ਲਈ ਪ੍ਰੇਰਿਆ ਜਾਂਦਾ ਹੈ। ਇਹ ਉਨ੍ਹਾਂ ਲਈ ਸਵਾਸਤਿਕ, ਨਿਰਮਲ ਤੇ ਖਾਲਸ ਭੋਜਨ ਹੈ। ਜਦੋਂ ਕਿ ਇਨ੍ਹਾਂ ਭੇਡਾਂ ਨੂੰ ਹਿੱਕਣ ਵਾਲੇ ਲੋਕ ਅੰਦਰ ਖਾਤੇ ਸਭ ਕੁਝ ਬੇਖ਼ੌਫ ਖਾਈ ਪੀਵੀ ਜਾ ਰਹੇ ਹਨ। ਇਸੇ ਕਰਕੇ ਸ਼ਾਇਦ ਇਹ ਸ਼ਾਤਰ ਚਾਤਰ ਤੇ ਰਿਸ਼ਟ ਪੁਸ਼ਟ ਹੁੰਦੇ ਹਨ। ਇਹ ਚੋਰੀ ਦਾ ਮਾਲ ਇਨ੍ਹਾਂ ਨੂੰ ਫਲਦਾ ਹੈ। ਅੱਜ ਕੱਲ੍ਹ ਪੱਛਮੀ ਵਿਦਿਆ ਦੇ ਪ੍ਰਭਾਵ ਅਧੀਨ ਲੋਕ ਇਨ੍ਹਾਂ ਚੌਧਰੀਆਂ ਦੇ ਚੁੰਗਲ 'ਚੋਂ ਨਿਕਲਦੇ ਜਾ ਰਹੇ ਹਨ। ਇਸੇ ਕਰਕੇ ਉਨ੍ਹਾਂ ਵਿਚ ਸਰੀਰਕ ਤੇ ਮਾਨਸਿਕ ਸ਼ਕਤੀ ਪਰਤ ਰਹੀ ਹੈ।

ਇਸੇ ਤਰ੍ਹਾਂ ਉਲੰਪਿਕ ਖੇਡਾਂ ਵਿਚ ਖਾਣ ਪੀਣ ਵਾਲਿਆਂ ਦੀ ਹੀ ਸਰਦਾਰੀ ਮੰਨੀ ਗਈ ਹੈ। ਰਾਸ਼ਟਰੀ ਤੇ ਅੰਤਰਰਾਸ਼ਟਰੀ ਮੁਕਾਬਲਿਆਂ ਵਿਚ ਜਿਨ੍ਹਾਂ ਖਿਡਾਰੀਆਂ ਨੇ ਤਗਮੇ ਤੇ ਕੱਪ ਜਿੱਤੇ ਹਨ ਅਤੇ ਹੋਰ ਮੱਲਾਂ ਮਾਰੀਆਂ ਹਨ, ਉਨ੍ਹਾਂ ਵਿਚੋਂ 95 ਪ੍ਰਤੀਸ਼ਤ ਲੋਕ ਦਾਰੂ ਦੇ ਸ਼ੌਕੀਨ ਪਾਏ ਗਏ ਹਨ। ਪੀਣ ਨਾਲ ਉਨ੍ਹਾਂ ਦੇ ਸਰੀਰ ਨਿੱਘਰੇ ਨਹੀਂ ਸਗੋਂ ਨਿਖਰੇ ਤੇ ਵਧੇ ਫੁੱਲੇ ਹਨ। ਭਾਰਤੀ ਫ਼ਲਸਫ਼ੇ ਮੁਤਾਬਕ ਉਨ੍ਹਾਂ ਨੂੰ ਪਾਪ ਲੱਗਣਾ ਚਾਹੀਦਾ ਸੀ ਤੇ ਉਨ੍ਹਾਂ ਨੂੰ ਸਿੱਧੇ ਨਰਕਾਂ ਵਿਚ ਜਾਣਾ ਚਾਹੀਦਾ ਸੀ। ਪਰ ਦਾਰੂ ਪੀ ਕੇ ਉਹ ਤਾਂ ਸਤਿਕਾਰੇ ਵਡਿਆਏ ਜਾਂਦੇ ਹਨ ਤੇ ਉਨ੍ਹਾਂ ਦਾ ਜੀਵਨ ਜੱਨਤ ਦੀ ਨਿਆਈਂ ਹੈ। ਉਹ ਪੰਜ ਤਾਰਾ ਹੋਟਲਾਂ ਵਿਚ ਠਹਿਰਦੇ ਤੇ ਲੋਕੀ ਉਨ੍ਹਾਂ ਨੂੰ ਹੱਥਾਂ 'ਤੇ ਚੁੱਕੀ ਫਿਰਦੇ ਹਨ। ਮਾਇਆ ਉਨ੍ਹਾਂਦੇ ਮਗਰ ਦੀਵਾਨੀ ਹੋਈ ਫਿਰਦੀ ਹੈ। ਇਨ੍ਹਾਂ ਹੀ ਲੋਕਾਂ ਨੇ ਆਲਮੀ ਮੁਕਾਬਲਿਆਂ ਵਿਚ ਮਨਾ[illegible] ਹੈ ਤੇ ਮੂੰਹ ਮੰਗੇ ਤਗਮੇ [illegible] ਹੀ ਲੁੱਟ ਲੈਂਦੇ ਹਨ। ਖੜੀ ਮਾਲੀ ਲੈ ਡਿੱਗਦੇ ਹਨ।

ਲੱਸੀਆਂ ਪੀ ਕੇ ਐਵਰਸਟ ਦੀਆਂ ਚੋਟੀਆਂ ਫਤਹਿ ਨਹੀਂ ਕੀਤੀਆਂ ਜਾ ਸਕਦੀਆਂ। ਸ਼ਰਬਤ ਤੇ ਸ਼ਰਦਾਈਆਂ ਪੀ ਕੇ ਅੰਬਰਾਂ ਤੇ ਸਾਗਰਾਂ ਨੂੰ ਗਾਹਿਆ ਨਹੀਂ ਜਾ ਸਕਦਾ। ਭਾਰਤੀਆਂ ਖਿਡਾਰੀਆਂ ਨੇ ਤਾਂ ਹਾਕੀ ਖਿਡਾਰੀਆਂ ਨੂੰ ਛੱਡ ਕੇ ਕਿਸੇ

ਵੀ ਹੋਰ ਖੇਡ ਵਿਚੋਂ ਸੋਨੇ ਦੇ ਤਗਮੇ ਨਹੀਂ ਜਿੱਤੇ। ਹਾਕੀ ਦੇ ਖਿਡਾਰੀ ਬਹੁਤੇ ਖਾਣ ਪੀਣ ਵਾਲੇ ਹੀ ਹੁੰਦੇ ਹਨ। ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਕਾਰਨ ਮਸਰਾਂ ਦੀ ਦਾਲ ਜਾਂ ਚਾਹ ਕੌਫ਼ੀ ਨਹੀਂ ਹੋ ਸਕਦੀ। ਸਾਡੇ ਖਿਡਾਰੀ ਵੀ ਪੱਛਮੀ ਮੁਲਕਾਂ ਦੇ ਖਿਡਾਰੀਆਂ ਵਾਂਗ ਮੱਲਾਂ ਮਾਰ ਸਕਦੇ ਹਨ ਜੇਕਰ ਖਾਣ ਪੀਣ ਦੇ ਮਾਮਲੇ ਵਿਚ ਉਹ ਯੂਰਪੀਨਾਂ ਦਾ ਮੀਨੂ ਅਪਣਾਉਣ। ਅਸੀਂ ਜੇਕਰ ਆਪਣੀ ਪ੍ਰਗਤੀ ਦੇ ਬਾਕੀ ਆਧਾਰ ਯੂਰਪੀਨ ਮੰਨੇ ਤੇ ਅਪਣਾਏ ਹਨ ਤਾਂ ਖਾਣ ਪੀਣ ਦੇ ਸੰਬੰਧ ਵਿਚ ਪਰਹੇਜ਼ਗਾਰੀ ਕਿਉਂ ? ਚੰਗੇ ਮੰਦੇ ਦੀ ਪਰਖ ਕਰਨ।

ਭਾਰਤੀ ਲੋਕਾਂ ਦੀ ਖ਼ੁਰਾਕ ਪ੍ਰਤੀ ਜੇ ਨੀਤੀ ਦਰੁਸਤ ਤੇ ਲਾਭਕਾਰੀ ਹੁੰਦੀ ਤਾਂ ਮੈਦਾਨ ਵਿਚ ਖਰੀ ਤੇ ਉਪਯੋਗੀ ਉਤਰਦੀ। ਪਰੰਤੂ ਇਸ ਨੀਤੀ ਨੇ ਤਾਂ ਸਾਡਾ ਜਲੂਸ ਕੱਢ ਕੇ ਰੱਖ ਦਿੱਤਾ ਹੈ। ਭਾਰਤ ਦੇ ਅਹਿੰਸਵਾਦ ਤੇ ਵੈਸ਼ਨੂਪੁਣੇ ਨੇ ਸਾਡਾ ਸਿਆਸੀ ਤੌਰ 'ਤੇ ਬੇਪਨਾਹ ਨੁਕਸਾਨ ਕੀਤਾ ਹੈ। ਇਸ ਸੋਚ ਨੇ ਹੀ ਸਾਨੂੰ ਗੁਲਾਮ ਫ਼ਕੀਰ ਤੇ ਮੰਗਤੇ ਬਣਨ ਲਈ ਮਜਬੂਰ ਕੀਤਾ ਹੈ। ਖੇਡਾਂ ਦੀ ਦੁਨੀਆ ਵਿਚ ਸਾਡੀਆਂ ਖ਼ੁਰਾਕ ਪ੍ਰਤੀ ਧਾਰਨਾਵਾਂ ਨੇ ਸਾਨੂੰ ਬਾਕੀ ਮੁਲਕਾਂ ਤੋਂ ਫਾਡੀ ਰੱਖਿਆ ਹੈ। ਅਸੀਂ ਜੇ ਹੁਣ ਵੀ ਨਾ ਸਮਝੇ ਤਾਂ ਅੱਲ੍ਹਾ ਹੀ ਬੇਲੀ ਹੋਵੇਗਾ। ਅਸੀਂ ਪੰਛੀਆਂ ਤੇ ਜਾਨਵਰਾਂ ਦੀ ਹਿਫਾਜ਼ਤ ਕਰਦੇ ਕਰਦੇ ਬੰਦਿਆਂ ਦੀ ਦੁਨੀਆ ਵਿਚ ਨਖਿੱਧ ਬਣ ਕੇ ਰਹਿ ਗਏ ਹਾਂ। ਇਸ ਹਮਦਰਦੀ ਵਿਚੋਂ ਅਸਾਂ ਕੀ ਖੱਟਿਆ ਹੈ ? ਫੋਕਾ ਜਜ਼ਬਾਤੀਪੁਣਾ।

ਦਾਰੂ ਮਾਨਸਕ ਤੇ ਸਰੀਰਕ ਤਨਾਵਾਂ ਨੂੰ ਘੱਟ ਕਰਦਾ ਹੈ। ਜਦੋਂ ਵੀ ਬੁੱਧੀਜੀਵੀ ਤੇ ਵਿਗਿਆਨੀ ਲੋਕ ਆਪਣੇ ਰੁਝੇਵਿਆਂ ਤੋਂ ਫਾਰਗ ਹੁੰਦੇ ਹਨ ਤਾਂ ਆਪਣਾ ਤਣਾਅ, ਮਾਨਸਕ ਬੋਝ, ਅਕੇਵਾਂ ਤੇ ਥਕੇਵਾਂ ਦਾਰੂ ਨਾਲ ਹੀ ਦੂਰ ਕਰਦੇ ਹਨ। ਅਗਲੇ ਦਿਨ ਦੇ ਕੰਮ ਕਾਜ ਲਈ ਤਰੋਤਾਜ਼ਾ ਤੇ ਹੌਲੇ ਫੁੱਲ ਹੋ ਕੇ ਫਿਰ ਜੁਟ ਪੈਂਦੇ ਹਨ। ਜੇਕਰ ਉਹ ਅਗਲੇ ਦਿਨ ਵੀ ਅੱਕੇ ਥੱਕੇ ਹੀ ਰਹਿਣ ਤਾਂ ਉਹ ਆਪਣੇ ਕੰਮ ਨੂੰ ਇਕਾਗਰਤਾ ਸਹਿਤ ਨਹੀਂ ਕਰ ਸਕਣਗੇ। ਉਨ੍ਹਾਂ ਦੇ ਕੰਮ ਜਾਰੀ ਰੱਖਣ ਦੀ ਰੀਝ ਪੂਰੀ ਨਹੀਂ ਹੋਵੇਗੀ। ਦਾਰੂ ਮਹਿਬੂਬਾ ਵਾਂਗ ਉਨ੍ਹਾਂ ਦੀਆਂ ਤਣੀਆਂ ਹੋਈਆਂ ਨਾਸਾਂ ਨੂੰ ਪਹਿਲੀ ਹਾਲਤ ਵਿਚ ਲਿਆਉਣ ਲਈ ਸਹਾਈ ਹੋਵੇਗਾ। ਇਹ ਯੋਗਦਾਨ ਕੋਈ ਮਾਮੂਲੀ ਨਹੀਂ। ਵਿਗਿਆਨਕ ਖੋਜਾਂ ਤੇ ਤਜਰਬੇ ਬੜੇ ਅਕਾਊ ਤੇ ਥਕਾਊ ਹੁੰਦੇ ਹਨ। ਉਨ੍ਹਾਂ ਨੂੰ ਜੇਕਰ ਦਾਰੂ ਦੀ ਮਾਲਿਸ਼ ਹੁੰਦੀ ਰਹੇ ਤਾਂ ਉਹ ਨੌਂ–ਬਰ–ਨੌਂ ਰਹਿੰਦੇ ਹਨ। ਸਹੀ ਸਲਾਮਤ।

ਇਹ ਵੀ ਇਕ ਹਕੀਕਤ ਹੈ ਕਿ ਸਾਹਿਤ ਕਲਾ ਤੇ ਵਿਗਿਆਨ ਦੀ ਦੁਨੀਆ ਵਿਚ ਮਾਅਰਕੇ ਦਾ ਕੰਮ ਦਾਰੂ ਪੀਣ ਉਪਰੰਤ ਨਹੀਂ ਹੋ ਸਕਦਾ। ਦਾਰੂ ਦੇ ਪ੍ਰਭਾਵ ਹੇਠ ਕੋਈ ਵੀ ਇਕਾਗਰਤਾ ਵਾਲਾ ਕਾਰਜ ਸੰਪੂਰਨ ਨਹੀਂ ਹੋ ਸਕਦਾ। ਇਸੇ ਤਰ੍ਹਾਂ ਦਾਰੂ ਪੀ ਕੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਮੁਕਾਬਲੇ ਫਤਿਹ ਨਹੀਂ ਕੀਤੇ ਜਾ ਸਕਦੇ। ਦਾਰੂ ਰਚਨਾਤਮਕ ਰੁਚੀਆਂ ਲਈ ਸਾਹਿਤਕਾਰਾਂ ਦਾ ਮੂਡ ਬਣਾਉਂਦਾ ਹੈ। ਇਸੇ ਤਰ੍ਹਾਂ ਰਚਨਾ ਤੋਂ ਬਾਅਦ ਉਨ੍ਹਾਂ ਦੀ ਮਾਲਿਸ਼ ਦਾ ਕੰਮ ਦਿੰਦਾ ਹੈ। ਮੂਡ ਤੇ ਮਾਲਿਸ਼ ਦੀ ਭੂਮਿਕਾ ਨੂੰ ਰਚਨਾ ਦੀ ਪ੍ਰਕਿਰਿਆ ਵਿਚੋਂ ਮਨਫ਼ੀ ਨਹੀਂ ਕੀਤਾ ਜਾ ਸਕਦਾ। ਇਕ ਨਾ ਹੋਵੇ ਤਾਂ

ਦੂਜੇ ਦੀ ਕਿਰਿਆ ਢਿੱਲੀ ਪੈ ਜਾਂਦੀ ਹੈ। ਇਨ੍ਹਾਂ ਦੋਵਾਂ ਦਾ ਸਾਥ ਸਾਥ ਰਹਿਣਾ ਬੌਧਿਕ ਤੇ ਕਲਾਤਮਕ ਪ੍ਰਾਪਤੀਆਂ ਲਈ ਲਾਜ਼ਮੀ ਹੈ।

ਮੁਸਲਮ ਜਗਤ ਵਿਚ ਪੀਣ ਨੂੰ ਹਰਾਮ ਮੰਨਿਆ ਜਾਂਦਾ ਹੈ। ਆਮ ਲੋਕਾਂ ਨੂੰ ਪੀਣ ਲਈ ਕੋੜੇ ਖਾਣੇ ਪੈਂਦੇ ਹਨ। ਕੇਵਲ ਤਗੜੇ ਤੇ ਪ੍ਰਭਾਵਸ਼ਾਲੀ ਲੋਕ ਹੀ ਲੁਕ ਛਿਪ ਕੇ ਇਹ 'ਸ਼ੇਰਨੀ ਦਾ ਦੁੱਧ' ਪੀਂਦੇ ਹਨ ਅਤੇ ਜੀਂਦੇ ਹਨ। ਸ਼ਾਇਦ ਇਹੀ ਵਜ੍ਹਾ ਹੈ ਕਿ ਸਾਹਿਤ, ਕਲਾ ਤੇ ਵਿਗਿਆਨ ਦੇ ਖੇਤਰ ਵਿਚ ਈਸਾਈਆਂ ਦੇ ਮੁਕਾਬਲੇ, ਮੁਸਲਮਾਨਾਂ ਦਾ ਯੋਗਦਾਨ ਸੀਮਤ ਜਿਹਾ ਹੈ। ਜਿਨ੍ਹਾਂ ਵੀ ਮੁਸਲਮਾਨਾਂ ਨੇ ਇਨ੍ਹਾਂ ਖੇਤਰਾਂ ਵਿਚ ਆਪਣਾ ਯੋਗਦਾਨ ਪਾਇਆ ਹੈ, ਉਹ ਅੰਦਰਖਾਤੇ ਜਾਂ ਐਲਾਨੀਆ ਪੀਣ ਦੇ ਸ਼ੌਕੀਨ ਤੇ ਇਸ 'ਅੰਗੂਰ ਦੀ ਬੇਟੀ' ਦੇ ਆਸ਼ਿਕ ਸਨ। ਮਿਰਜ਼ਾ ਗਾਲਿਬ ਤੇ ਮੰਟੋ ਇਸ ਦੀਆਂ ਵਾਜਿਬ ਮਿਸਾਲਾਂ ਹਨ। ਮਜ਼੍ਹਬ ਦੀਆਂ ਬੰਦਸ਼ਾਂ ਕਾਰਨ ਹੀ ਮੁਸਲਮ ਮੁਲਕਾਂ ਦੀ ਸ਼ਾਮੂਲੀਅਤ ਬਹੁਤ ਮਾਮੂਲੀ ਹੁੰਦੀ ਹੈ। ਇਸਦੇ ਮੁਕਾਬਲੇ ਹਬਸ਼ੀ ਲੋਕ ਜੋ ਕਿ ਸਭ ਡੱਡੀ ਮੱਛੀ ਰਗੜ ਜਾਂਦੇ ਹਨ ਤੇ ਦਾਰੂ ਦੇ ਆਹੂ ਲਾਉਣ ਵਾਲੇ ਹੁੰਦੇ ਹਨ, ਖੇਡਾਂ ਦੇ ਜਗਤ ਵਿਚ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹਨ। ਅਮਰੀਕਾ ਦੇ ਬਹੁਤੇ ਤਗਮੇ ਹਬਸ਼ੀ ਖਿਡਾਰੀ ਹੀ ਲਿਜਾਂਦੇ ਹਨ। ਇਸ ਲਈ ਦਾਰੂ ਤੇ ਤਗਮਿਆਂ ਦਾ ਕੋਈ ਨਾ ਕੋਈ ਰਿਸ਼ਤਾ ਜ਼ਰੂਰ ਹੈ। ਅਸਾਂ ਵੇਖਿਆ ਠੋਕ ਵਜਾ ਕੇ।

ਪੰਡਤ ਭਾਈ ਮੁੱਲਾਂ ਦੂਤੀ
ਗਲ ਗਲ ਉੱਤੇ ਲਾਉਂਦੇ ਲੂਤੀ।
ਭੱਜ ਕੇ ਮੈਅਖ਼ਾਨੇ ਵੜ ਜਾ
ਇਹ ਦੁਨੀਆ ਹੈ ਬੜੀ ਕਸੂਤੀ।

• •

ਦਾਰੂ ਦੇ ਸ਼ਰੀਕ—ਮਜ਼੍ਹਬ

ਭਾਰਤ ਵਿਚ ਧਰਮ ਤੇ ਦਾਰੂ ਦੀ ਆਪਸ ਵਿਚ ਨਹੀਂ ਬਣਦੀ। ਕੋਈ ਵੀ ਨਸ਼ਾ ਕਰਨ ਦੀ ਮੁਕੰਮਲ ਮਨਾਹੀ ਹੈ। ਭਾਵੇਂ ਸੋਮਰਸ ਤੇ ਭੰਗ ਸਾਡੇ ਧਾਰਮਕ ਨੇਤਾਗਣਾਂ ਲਈ ਪ੍ਰਾਚੀਨ ਸਮੇਂ ਤੋਂ ਹਰਮਨ ਪਿਆਰੀ ਸੀ। ਸ਼ਿਵਜੀ ਭੰਗ ਦਾ ਸੇਵਨ ਕਰਿਆ ਕਰਦੇ ਸਨ। ਇਹ ਖੁੱਲ੍ਹਾਂ ਸਾਡੇ ਰਿਸ਼ੀਆਂ ਮੁਨੀਆਂ ਨੂੰ ਕਿੰਨੇ ਦਿੱਤੀਆਂ ਸਨ ? ਜੰਮਣ ਤੋਂ ਮਰਨ ਤਕ ਅਸੀਂ ਧਰਮ ਨਾਲ ਨਰੜੇ ਹੋਏ ਹਾਂ। ਕੋਈ ਵੀ ਕੰਮ ਕਾਰ ਕਰਨ ਤੋਂ ਪਹਿਲਾਂ ਸੋਚਣਾ ਪੈਂਦਾ ਹੈ ਕਿ ਧਰਮ ਦਾ ਇਹਦੇ ਪ੍ਰਤੀ ਕੀ ਰਵੱਈਆ ਜਾਂ ਦ੍ਰਿਸ਼ਟੀਕੋਣ ਹੈ ? ਅਸੀਂ ਚੱਤੋ ਪਹਿਰ ਧਾਰਮਿਕ ਰਸਮਾਂ ਰਿਵਾਜਾਂ ਕਰਮਾਂ ਕਾਂਡਾਂ ਨਾਲ ਨੱਥੀ ਕੀਤੇ ਹੋਏ ਹਾਂ। ਸਾਨੂੰ ਸਾਹ ਵੀ ਲੈਣ ਬਾਰੇ ਸੋਚਣਾ ਪੈਂਦਾ ਹੈ ਕਿ ਸਾਡਾ ਧਰਮ ਇਸਦੇ ਹੱਕ ਵਿਚ ਹੈ ਜਾਂ ਨਹੀਂ। ਧਰਮ ਤਾਂ ਪ੍ਰਸੰਨ ਵਿਅਕਤੀਆਂ ਨੂੰ ਪਾਪੀ ਸਿੱਧ ਕਰਦਾ ਹੈ।

ਧਰਮ ਦਾ ਕਾਰਜ ਖੇਤਰ ਏਨਾ ਵਿਸ਼ਾਲ ਨਹੀਂ ਹੁੰਦਾ, ਜਿੱਡਾ ਇਸਨੇ ਮੱਲ ਰੱਖਿਆ ਹੈ। ਧਰਮ ਦਾ ਸੰਬੰਧ ਤਾਂ ਕੇਵਲ ਸਾਡੇ ਚਲਣ ਤੇ ਕਾਰ ਵਿਹਾਰ ਨਾਲ ਹੁੰਦਾ ਹੈ। ਸਾਡੇ ਵਿਹਾਰ ਦਾ ਮਾਨਵਵਾਦੀ ਤੇ ਸਦਾਚਾਰੀ ਚਿਹਰਾ ਹੋਣਾ ਚਾਹੀਦਾ ਹੈ। ਇਸਦਾ ਸੰਬੰਧ ਨਿਰੋਲ ਸਾਡੇ ਸਮਾਜਕ ਵਿਹਾਰ, ਕਿਰਦਾਰ ਤੇ ਇਖ਼ਲਾਕ ਨਾਲ ਹੈ। ਬਸ ! ਇਸ ਤੋਂ ਅੱਗੇ ਬੰਦੇ ਨੇ ਕੀ ਕਰਨਾ ਹੈ, ਕੀ ਨਹੀਂ ਕਰਨਾ, ਕੀ ਖਾਣਾ ਪਹਿਨਣਾ ਹੈ ਤੇ ਕੀ ਨਹੀਂ, ਕਿਧਰ ਜਾਣਾ ਹੈ ਤੇ ਕਿਧਰ ਨਹੀਂ। ਇਸ ਦਾ ਫ਼ੈਸਲਾ ਅਸਾਂ ਖ਼ੁਦ ਕਰਨਾ ਹੈ। ਧਰਮ ਸਾਨੂੰ ਖਾਹਮਖਾਹ ਕਰਮ ਕਾਂਡਾਂ ਵਿਚ ਪਾ ਕੇ, ਫਸਾ ਕੇ ਆਪਣੀ ਪਕੜ ਸਾਡੇ 'ਤੇ ਕਾਇਮ ਰੱਖਣਾ ਚਾਹੁੰਦਾ ਹੈ। ਕਿਸੇ ਵੀ ਧਰਮ ਦੇ ਗੁਰੂ ਪੈਗੰਬਰ, ਆਪਣੇ ਸ਼ਗਿਰਦਾਂ ਉਪਰ ਇਹ ਫੋਕੇ ਕਮਰਕਾਂਡ ਨਹੀਂ ਥੋਪਦੇ, ਜਿੰਨੇ ਕਿ ਉਨ੍ਹਾਂ ਦੇ ਮਗਰੋਂ ਧਰਮ ਨੂੰ ਇਕ ਜਥੇਬੰਦੀ ਨੂੰ ਸੰਸਥਾ ਬਣਾ ਕੇ ਉਨ੍ਹਾਂ ਦੇ ਉਤਰਾਧਿਕਾਰੀ ਸਾਡੇ ਉੱਤੇ ਮੜ੍ਹ ਦਿੰਦੇ ਹਨ। ਧਰਮ ਸਾਨੂੰ ਇਕ ਸਿੱਧ ਪੱਧਰੇ ਮਾਰਗ ਉਪਰ ਚੱਲਣ ਦੀ ਪ੍ਰੇਰਨਾ ਦਿੰਦਾ ਹੈ। ਪਰੰਤੂ ਇਹ ਲੋਕ ਜਿੰਨਾ ਚਿਰ ਸਾਧਾਰਨ ਅਨੁਯਾਈਆਂ ਦੀਆਂ ਮੁਸ਼ਕਾਂ ਨਾ ਕੱਸ ਲੈਣ, ਓਨਾ ਚਿਰ ਉਨ੍ਹਾਂ ਨੂੰ ਰੋਟੀ ਨਹੀਂ ਹਜ਼ਮ ਹੁੰਦੀ। ਕਿਸੇ ਵੀ ਧਰਮ ਵਿਚ ਰਹਿਤਾਂ ਕੁਰਹਿਤਾਂ ਦੀ ਸੂਚੀ ਬਹੁਤੀ ਇਨ੍ਹਾਂ ਦੀ ਭੱਦਰ ਪੁਰਸ਼ਾਂ ਨੇ ਤਿਆਰ ਕੀਤੀ ਹੁੰਦੀ ਹੈ। ਧਰਮਾਂ ਵਿਚ ਕੱਟੜਪੁਣਾ ਤੇ ਮੁਤੱਸਬੀਪੁਣਾ ਇਨ੍ਹਾਂ ਲੋਕਾਂ ਦੀਆਂ ਕੁਟਲ ਨੀਤੀਆਂ ਦਾ ਫ਼ਲ ਹੈ। ਅੱਜ ਦੇ ਮਨੁੱਖ ਲਈ ਧਰਮਾਂ ਦੀ ਜੂਹ ਵਿਚ ਸਾਹ ਲੈਣਾ ਵੀ ਮੁਹਾਲ ਹੈ। ਕਿਸੇ ਵੀ ਧਰਮ ਦੀ ਉਹ ਸ਼ਕਲ ਸੂਰਤ ਨਹੀਂ ਰਹੀ, ਜੋ ਉਸਦੇ ਬਾਨੀਆਂ ਨੇਘੜੀ ਸੀ।

ਕਵੀ ਭਾਈਏ ਨੇ ਤਾਂ ਹੀ ਤਾਂ ਮਜ਼ਾਕ ਨਾਲ ਆਖਿਆ ਸੀ—

ਇੱਟ ਭੰਨੀ ਤਾਂ ਧਰਮ ਨੂੰ ਖ਼ਤਰਾ
ਦਾੜ੍ਹੀ ਬੰਨੀ ਤਾਂ ਧਰਮ ਨੂੰ ਖ਼ਤਰਾ
ਸਾੜ੍ਹੀ ਬੰਨੀ ਤਾਂ ਧਰਮ ਨੂੰ ਖ਼ਤਰਾ
ਧਰਮ ਹੋਇਆ ਜਾਂ ਕੋਈ ਮੋਮਬੱਤੀ
ਪਿਘਲ ਗਈ ਲੱਗੀ ਧੁੱਪ ਤੱਤੀ

ਗੁਰੂ ਪਾਤਸ਼ਾਹ ਜੀ ਨੇ ਠੀਕ ਹੀ ਫੁਰਮਾਇਆ ਸੀ—

ਬਾਬਾ ਉਹ ਖਾਣਾ ਖ਼ੁਸ਼ੀ ਖਵਾਰ
ਜਿਤ ਖਾਧੇ ਤਨ ਪੀੜੀਏ
ਮਨ ਮਹਿ ਚਲੇ ਵਕਾਰ

ਖਾਣਾ ਪੀਣਾ ਸਭ ਪਵਿੱਤਰ ਹੈ, ਮਨ ਦਾ ਚਾਅ ਹੈ। ਗੁਰੂ ਜੀ ਮੁਤਾਬਕ ਉਹ ਖਾਣਾ ਕਦਾਚਿਤ ਨਹੀਂ ਸੇਵਨ ਕਰਨਾ ਚਾਹੀਦਾ, ਜਿਸ ਨਾਲ ਸਰੀਰ ਨੂੰ ਕਸ਼ਟ ਕਲੇਸ਼ ਪੁੱਜੇ ਅਤੇ ਸਾਡੇ ਮਨ ਵਿਚ ਦੁਰਵਿਚਾਰ ਤੇ ਵਿਕਾਰ ਪੈਦਾ ਹੋਣ। ਦਾਰੂ ਦਾ ਸੇਵਨ ਕਰਨ ਤੋਂ ਪਹਿਲਾਂ ਇਸ ਦੀ ਸਹੀ ਵਿਧੀ ਨਾਲ ਪੀਣ ਦੇ ਕਾਇਦੇ ਕਾਨੂੰਨ, ਨੇਮ ਤੇ ਨਿਯਮ ਵਿਚਾਰਣੇ ਲਾਜ਼ਮੀ ਹਨ। ਸਿਆਣਿਆਂ ਆਖਿਆ ਹੈ—'ਪਹਿਲਾ ਹਾੜਾ ਸਿਹਤ ਵਾਸਤੇ ਮੁਫ਼ੀਦ ਹੁੰਦਾ ਹੈ। ਦੂਜਾ ਹਾੜਾ ਮਾਹੌਲ ਖ਼ੁਸ਼ਗਵਾਰ ਕਰਨ ਲਈ ਪੀਣਾ ਚਾਹੀਦਾ ਹੈ। ਸਿਆਣੇ ਪਿਆਕੜ ਤਾਂ ਇਥੇ ਹੀ ਰੁਕ ਜਾਂਦੇ ਹਨ ਅਤੇ ਖਾਣ ਦੇ ਮੇਜ਼ ਵੱਲ ਮੂੰਹ ਮੋੜਦੇ ਹਨ। ਪਰੰਤੂ ਕੁਝ ਇਹ ਮੁਹਿੰਮ ਜ਼ਾਰੀ ਰੱਖਦੇ ਹੋਏ ਤੀਜਾ ਹਾੜਾ ਵੀ ਪੀਂਦੇ ਹਨ। ਇਹ ਹਾੜਾ ਸਾਡੇ ਸਰੀਰ ਵਿਚ ਹਲਚਲ ਪੈਦਾ ਕਰਕੇ ਸਾਨੂੰ ਝੂਮਣ ਲਈ ਮਜਬੂਰ ਕਰਦਾ ਹੈ। ਇਥੇ ਪਹੁੰਚ ਕੇ ਦਾਰੂ ਨਸ਼ੇ ਵਿਚ ਤਬਦੀਲ ਹੋ ਜਾਂਦਾ ਹੈ। ਇਸ ਹੱਦ ਤਕ ਸਭਿਅਕ ਸੰਸਾਰ ਨੂੰ ਕੋਈ ਗਿਲਾ ਸ਼ਿਕਵਾ ਨਹੀਂ ਹੁੰਦਾ। ਇਸ ਆਲਮ ਵਿਚ ਤਾਂ ਲੋਕ ਆਪਣੇ ਗ਼ਮ ਗ਼ਲਤ ਕਰਦੇ ਹਨ। ਉਹ ਆਪਣੇ ਆਪ ਨੂੰ ਆਪਣਿਆਂ ਤੇ ਬੇਗਾਨਿਆਂ ਦੀਆਂ ਵਧੀਕੀਆਂ ਤੇ ਬਦਤਮੀਜ਼ੀਆਂ ਤੋਂ ਸੁਰਖਰੂ ਕਰਕੇ, ਦੋ ਘੜੀਆਂ ਸੁਖ ਤੇ ਚੈਨ ਦੇ ਸਾਹ ਲੈਂਦੇ ਹਨ।

ਇਸ ਤੋਂ ਅੱਗੇ ਜੋ ਦਾਰੂ ਪੀਤਾ ਜਾਂਦਾ ਹੈ, ਉਹ ਦਾਰੂ ਦਾ ਦੁਰਉਪਯੋਗ ਤੇ ਬਲਾਤਕਾਰ ਹੈ। ਪੀਣ ਵਾਲੇ ਬਿਖੜੇ ਤੇ ਖੱਜਲ-ਖਵਾਰੀ ਦੀਆਂ ਮੰਜ਼ਲਾਂ ਵੱਲ ਤੁਰ ਪੈਂਦੇ ਹਨ। ਸ਼ਰਾਬ ਨਾਲ ਸੰਬੰਧਤ ਜਿੰਨੀਆਂ ਕਰਤੂਤਾਂ ਤੇ ਅਲਾਮਤਾਂ ਦਾ ਜ਼ਿਕਰ ਕੀਤਾ ਜਾਂਦਾ ਹੈ, ਉਹ ਇਨ੍ਹਾਂ ਦੀਵਾਨਿਆਂ ਵੱਲ ਵੇਖ ਕੇ ਹੀ ਕੀਤਾ ਜਾਂਦਾ ਹੈ। ਦੌਲਤ, ਸ਼ੋਹਰਤ, ਸਿਹਤ ਤੇ ਇਖ਼ਲਾਕ ਦਾ ਪਤਨ ਸ਼ੁਰੂ ਹੋ ਜਾਂਦਾ ਹੈ। ਜਦੋਂ ਇਹ ਖ਼ੂਨ ਵਿਚ ਰਚ ਮਿਚ ਜਾਵੇ ਤਾਂ ਜਾਨ ਵੀ ਦਾਅ 'ਤੇ ਲਾਈ ਜਾਂਦੀ ਹੈ। ਅਜਿਹੇ ਵਰਗ ਨੇ ਹੀ ਸ਼ਰਾਬ ਨੂੰ ਨਾਇਕ ਤੋਂ ਖਲਨਾਇਕ ਬਣਾਇਆ ਹੈ। ਅਜਿਹੇ ਗਏ ਗਵਾਚਿਆਂ ਤੇ ਗਾਫਲਾਂ ਨੇ ਦਾਰੂ ਨੂੰ ਸ਼ੈਤਾਨ ਦੀ ਸੂਚੀ ਵਿਚ ਦਰਜ ਕਰਵਾਇਆ ਹੈ। ਸਾਰੇ ਦਾਸ਼ਨਮੰਦ ਤੇ ਤਜ਼ੀਬਯਾਫਤਾ ਲੋਕ ਇਸ ਵਿਹਾਰ ਦੀ ਸਾਰੇ ਸੰਸਾਰ ਵਿਚ ਪੁਰਜ਼ੋਰ ਮੁਜ਼ੱਮਤ ਕਰਦੇ ਹਨ। ਮਜ਼੍ਹਬ ਜਦੋਂ

ਬੰਦਿਆਂ ਨੂੰ ਪੀਣ ਤੋਂ ਵਰਜਦਾ ਹੈ ਤਾਂ ਉਸਦੇ ਜ਼ਿਹਨ ਵਿਚ ਸ਼ਰਾਬੀਆਂ ਦੀ ਹੀ ਤਸਵੀਰ ਘੁੰਮ ਰਹੀ ਹੁੰਦੀ ਹੈ। ਜਦੋਂ ਕੋਈ ਦਾਰੂ ਪੀਣ ਵਾਲਾ ਸ਼ਰਾਬੀ ਹੋਣ ਦੀ ਨੌਬਤ ਤਕ ਪੁੱਜ ਜਾਵੇ ਤਾਂ ਸਮਝ ਲਓ ਉਸਨੇ ਪੀਣ ਦੇ ਨਿਯਮਾਂ ਨੂੰ ਛਿੱਕੇ 'ਤੇ ਟੰਗ ਦਿੱਤਾ ਹੈ। ਹਰੇਕ ਖਾਣ ਪੀਣ ਵਾਲੀ ਵਸਤੂ ਜਿੰਨੀ ਮਰਜ਼ੀ ਮੁਫੀਦ ਹੋਵੇ, ਉਹ ਇਕ ਖ਼ਾਸ ਮਾਤਰਾ ਜਾਂ ਮਿਕਦਾਰ ਵਿਚ ਹੀ ਸੇਵਨ ਕੀਤੀ ਜਾ ਸਕਦੀ ਹੈ। ਉਸ ਤੋਂ ਅੱਗੇ ਉਹ ਦੋਸਤ ਤੋਂ ਦੁਸ਼ਮਣ ਵਿਚ ਤਬਦੀਲ ਹੋ ਜਾਂਦੀ ਹੈ। ਇਹ ਕਹਾਣੀ ਦਾਰੂ ਨਾਲ ਵਾਪਰਦੀ ਹੈ। ਇਸ ਦੀਆਂ ਹੱਦਬੰਦੀਆਂ ਟੱਪਾਂਗੇ ਤਾਂ ਅਵੱਸ਼ ਹੀ ਸਰੀਰ ਵਿਚ ਕਸ਼ਟ ਤੇ ਮਨ ਵਿਚ ਵਿਕਾਰ ਘੁੰਮਣਘੇਰੀਆਂ ਪਾਉਣਗੇ। ਦਾਰੂ ਦੇ ਨਿਯਮਾਂ ਨੂੰ ਭੰਗ ਕਰਨ ਵਾਲਿਆਂ ਨੂੰ ਹੀ ਸਾਡੇ ਸਮਾਜ ਵਿਚ ਸ਼ਰਾਬੀ ਕਬਾਬੀ, ਐਬੀ ਤੇ ਵੈਲੀ ਗਰਦਾਨਿਆ ਗਿਆ ਹੈ। ਇਨ੍ਹਾਂ ਹੀ 'ਨੇਕ ਬਖਤਾਂ' ਨੇ ਸ਼ਰਾਬ ਨੂੰ ਬਦੂ ਤੇ ਬਦਨਾਮ ਕੀਤਾ ਹੈ। ਇਨ੍ਹਾਂ ਲੋਕਾਂ ਦੀ ਬਦੌਲਤ ਹੀ ਧਰਮ ਨੂੰ ਨਾ ਪੀਣ ਦੇ ਫਰਮਾਨ ਛੱਡਣੇ ਪਏ। ਇਨ੍ਹਾਂ 'ਮਹਾਂਪੁਰਸ਼ਾਂ' ਨੇ ਹੀ ਸਹੀ ਪੀਣ ਵਾਲਿਆਂ ਦਾ ਅੱਗਾ ਮਾਰਿਆ ਹੈ। ਧਾਰਮਿਕ ਲੋਕ ਅੰਨ੍ਹੇਵਾਹ ਸਾਰੇ ਹੀ ਲੋਕਾਂ ਨੂੰ ਇਕੋ ਹੀ ਕਿੱਲੇ ਨਾਲ ਬੰਨ੍ਹੀ ਫਿਰਦੇ ਹਨ। ਚੰਦ ਕੁ ਕੋੜਕੂਆਂ ਨੂੰ ਲੈ ਕੇ ਸਾਰੀ ਦਾਲ ਨੂੰ ਨਿੰਦੀ ਜਾਣਾ ਕੋਈ ਦਾਨਾਈ ਨਹੀਂ ਹੈ।

ਖਾਣ ਪੀਣ ਦਾ ਧਰਮ ਨਾਲ ਸਿੱਧਾ ਕੋਈ ਸੰਬੰਧ ਨਹੀਂ। ਖਾਣ ਪੀਣ ਦਾ ਸੰਬੰਧ ਬੰਦੇ ਦੀ ਤਬੀਅਤ ਨਾਲ ਹੈ। ਜਿਨ੍ਹਾਂ ਦੀ ਤਬੀਅਤ ਮੰਨਦੀ ਹੈ, ਉਹ ਪੀਣਾ ਜਾਰੀ ਰੱਖਦੇ ਹਨ। ਜਿਨ੍ਹਾਂ ਦੀ ਤਬੀਅਤ ਨਹੀਂ ਮੰਨਦੀ, ਉਹ ਇਕ ਦੋ ਦਫ਼ਾ ਪੀ ਕੇ ਤਿਆਗ ਦੇਂਦੇ ਹਨ। ਧਾਰਮਿਕ ਲੋਕ ਜ਼ਾਹਰਾ ਤੌਰ 'ਤੇ ਤਾਂ ਦਾਰੂ ਨਾਲ ਪਰਹੇਜ਼ ਦਾ ਪਾਠ ਪੜ੍ਹਾਉਂਦੇ ਹਨ। ਅੰਦਰ ਖਾਤੇ, ਹਨੇਰੇ ਮਨ੍ਹੇਰੇ ਜਾਮ ਉਨ੍ਹਾਂ ਦੀਆਂ ਬੁਲੰਦੀਆਂ ਨੂੰ ਛੂਹ ਕੇ ਪਵਿੱਤਰ ਹੁੰਦੇ ਹਨ। ਉਹ ਤਕਰੀਬਨ ਸਾਰੇ ਉਹ ਕੁਕਰਮ ਕਰਦੇ ਹਨ, ਜਿਨ੍ਹਾਂ ਦੀ ਉਹ ਜਨ ਸਾਧਾਰਨ ਨੂੰ ਸਖ਼ਤ ਮਨਾਈ ਕਰਦੇ ਹਨ। ਉਹ ਕਿਹੜੇ ਅਸਮਾਨੋਂ ਡਿੱਗੇ ਹੁੰਦੇ ਹਨ ? ਪੀਣ ਦਾ ਕਿਹੜੇ ਸਿਹਤਮੰਦ ਬੰਦੇ ਦਾ ਦਿਲ ਨਹੀਂ ਲਲਚਾਉਂਦਾ ? ਪਰਦਿਆਂ ਪਿੱਛੇ ਇਹ ਦੰਭ ਤੇ ਪਖੰਡ, ਧਾਰਮਿਕ ਦੁਨੀਆ ਵਿਚ ਅਜ਼ਲਾਂ ਤੋਂ ਵਰਤ ਰਹੇ ਹਨ। ਕਿਸੇ ਨੇ ਇਨ੍ਹਾਂ ਬਾਰੇ ਠੀਕ ਹੀ ਲਿਖਿਆ ਹੈ—

ਮੰਦਰ ਦੇ ਰਾਹ ਵਿਚ ਠੇਕੇ ਦੀ, ਪੰਡਤ ਨੂੰ ਬੜੀ ਸਹੂਲਤ ਹੈ
ਜਾਂਦਾ ਵੀ ਪੀ ਕੇ ਜਾਂਦਾ ਹੈ, ਆਂਦਾ ਵੀ ਪੀ ਕੇ ਆਂਦਾ ਹੈ

ਇਕ ਵਾਰੀ ਇਕ ਸਿਆਸੀ ਦਲ ਦੇ ਮੁਖੀ ਆਪਣੇ ਸਾਥੀਆਂ ਨਾਲ ਇਕ ਸ਼ਾਮ ਨੂੰ ਮੀਟਿੰਗ ਕਰ ਰਹੇ ਸਨ। ਮੀਟਿੰਗ ਬਾਅਦ ਕੁਝ ਸਾਥੀਆਂ ਨੂੰ ਹੌਲੀ ਹੌਲੀ ਸ਼ਾਮ ਦੀ 'ਖੁਰਕ' ਹੋਣੀ ਸ਼ੁਰੂ ਹੋ ਗਈ। ਸਕੀਮ ਤਹਿਤ 'ਸਿਲਸਿਲਾ' ਚੱਲਣ ਲੱਗਾ। ਜਿਸਨੇ ਪੈੱਗ ਪੀਣਾ ਹੁੰਦਾ ਸੀ, ਉਸਦਾ ਫ਼ੋਨ ਆ ਜਾਂਦਾ ਸੀ। ਉਹ ਉੱਠ ਕੇ ਫ਼ੋਨ ਸੁਣਨ ਚਲਾ ਜਾਂਦਾ ਤੇ ਮੁੱਛਾਂ ਨੂੰ ਵੱਟ ਦਿੰਦਾ ਵਾਪਸ ਆਉਂਦਾ। ਇਸ ਤਰ੍ਹਾਂ ਬਹੁਤਿਆਂ ਦੇ ਫ਼ੋਨ ਆਏ ਤੇ ਉਹ ਹਨੇਰੀ ਵਾਂਗ ਗਏ ਤੇ ਵਾਵਰੋਲੇ ਵਾਂਗ ਵਾਪਸ ਆਉਂਦੇ ਗਏ। ਉਨ੍ਹਾਂ ਦੇ ਚਹਿਕੇ ਹੋਏ ਚਿਹਰੇ ਵੇਖ ਕੇ ਦਲ ਦੇ ਮੁਖੀ ਨੇ ਸ਼ਿਕਾਇਤ ਭਰੇ ਲਹਿਜ਼ੇ 'ਚ ਆਖਿਆ—'ਉਏ

ਬਾਬਿਓ, ਅੰਦਰੋਂ ਪਤਾ ਕਰੋ ਮੇਰਾ ਫ਼ੋਨ ਕਦੋਂ ਕੁ ਆਉਣਾ ਏ ?' ਇਸ ਤਰ੍ਹਾਂ ਸੋਟੀ ਵੀ ਬਚ ਜਾਂਦੀ ਏ ਤੇ ਸੱਪ ਵੀ ਮਰ ਜਾਂਦਾ ਹੈ। ਸੱਭੇ ਕਾਰਜ ਸੁਹੇਲੜੇ।

ਈਸਾਈ ਮੱਤ ਵਿਚ ਦਾਰੂ ਪੀਣ ਦੀ ਮਨਾਹੀ ਨਹੀਂ। ਦਾਰੂ-ਬੰਦੀ ਦੀ ਪੱਛਮੀ ਸਮਾਜ ਵਿਚ ਕਦੀ ਲੋੜ ਨਹੀਂ ਪਈ। ਈਸਾਈਆਂ ਦੀ ਦੁਨੀਆ ਵਿਚ ਪਖੰਡ ਘੱਟ ਹੈ। ਦੋਹਰੇ ਮਾਪਦੰਡ ਵੀ। ਉਸ ਸਮਾਜ ਵਿਚ ਧਰਮ ਨੇ ਉਨ੍ਹਾਂ ਨੂੰ ਵਧਣ ਫੁੱਲਣ ਦੇ ਭਰਪੂਰ ਮੌਕੇ ਪ੍ਰਦਾਨ ਕੀਤੇ ਹਨ। ਵਿਦਿਆ ਤੇ ਵਿਗਿਆਨ ਨੇ ਧਰਮ ਨੂੰ ਉਸ ਦੀਆਂ ਕੁਦਰਤੀ ਹੱਦਾਂ ਅੰਦਰ ਰੱਖਿਆ ਹੈ। ਇਸੇ ਲਈ ਬਾਕੀ ਧਰਮਾਂ ਦੇ ਮੁਕਾਬਲੇ, ਈਸਾਈਆਂ ਦਾ ਕਿਰਦਾਰ ਤੇ ਇਖਲਾਕ ਦੁਨੀਆ ਲਈ ਇਕ ਨਮੂਨਾ ਹੈ। ਉਨ੍ਹਾਂ ਦੇ ਧਰਮ ਨੇ ਮਨੁੱਖ ਦੀਆਂ ਜਮਾਂਦਰੂ ਰੁਚੀਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ। ਜਿਨ੍ਹਾਂ ਈਸਾਈ ਮੱਤ ਨੇ ਵਿਦਿਆ ਤੇ ਵਿਗਿਆਨ ਦਾ ਸੰਸਾਰ ਵਿਚ ਪ੍ਰਚਾਰ ਤੇ ਪਸਾਰ ਕੀਤਾ ਹੈ, ਓਨਾ ਕਿਸੇ ਧਰਮ ਦੇ ਭਾਗਾਂ ਵਿਚ ਨਹੀਂ। ਇਹ ਧਰਮ ਮੂਲਵਾਦੀ ਨਹੀਂ, ਸਗੋਂ ਸਮੇਂ ਦੇ ਗੇੜ ਨਾਲ ਤੁਰਦਾ ਰਿਹਾ ਹੈ। ਈਸਾਈ ਮੱਤ ਵਿਚ ਦਾਰੂ ਦਾ ਸੇਵਨ ਪਵਿੱਤਰ ਸਥਾਨਾਂ 'ਤੇ ਵੀ ਕੀਤਾ ਜਾ ਸਕਦਾ ਹੈ। ਉਹ ਧਰਮ ਹੀ ਕੀ ਹੈ ਜਿਸ ਨੂੰ 'ਪਾਣੀ' ਰੋਹੜ ਕੇ ਲੈ ਜਾਵੇ। ਧਰਮ ਉਹੀ ਵਧਦਾ ਫੁਲਦਾ ਹੈ ਜਿਹੜਾ ਬੰਦੇ ਦੀਆਂ ਕੁਦਰਤੀ ਤੇ ਜਮਾਂਦਰੂ ਇੱਛਾਵਾਂ ਦੇ ਅਨੁਕੂਲ ਹੋਵੇ। ਈਸਾਈ ਲੋਕ ਅੰਦਰਖਾਤੇ ਨਹੀਂ ਪੀਂਦੇ। ਸ਼ਰੇਆਮ ਪੀਂਦੇ ਹਨ। ਦਾਰੂ ਨੇ ਉਨ੍ਹਾਂ ਦੇ ਸਮਾਜ ਨੂੰ ਕਦੀ ਕਲੰਕਤ ਨਹੀਂ ਕੀਤਾ। ਜਿੰਨੇ ਬੁੱਧੀਜੀਵੀ ਪੱਛਮੀ ਦੁਨੀਆ ਵਿਚ ਹੋਏ ਹਨ, ਓਨੇ ਪੂਰਬ ਵਿਚ ਨਹੀਂ ਹੋਏ। ਅੱਜ ਪੂਰਬ ਦੇ ਲੋਕ ਪੱਛਮ ਦਾ ਖੱਟਿਆ ਖਾ ਰਹੇ ਹਨ। ਵਿਗਿਆਨ ਤੇ ਗਿਆਨ ਦੀਆਂ ਬਰਕਤਾਂ ਲਈ ਅਸੀਂ ਉਨ੍ਹਾਂ ਦੇ ਸਦਾ ਰਿਣੀ ਰਹਾਂਗੇ। ਸ਼ਰਾਬ ਦੇ ਸੇਵਨ ਨੇ ਉਨ੍ਹਾਂ ਦਾ ਵਾਲ ਵਿੰਗਾ ਨਹੀਂ ਕੀਤਾ। ਪੀਂਦੇ ਸਾਡੇ ਲੋਕ ਵੀ ਹਨ ਪਰ ਧਰਮ ਤੋਂ ਡਰਦੇ ਲੁਕ ਛਿਪ ਕੇ। ਸ਼ਰਾਬ ਕੋਈ ਮੁਫ਼ਤ ਨਹੀਂ ਮਿਲਦੀ। ਜੇਕਰ ਅਸੀਂ ਸਭ ਦੇ ਸਾਹਮਣੇ ਪੀਵਾਂਗੇ ਤਾਂ ਸਾਨੂੰ ਪੀਣ ਤੇ ਜੀਣ ਦਾ ਨਿਰਾਲਾ ਹੀ ਸਰੂਰ ਆਵੇਗਾ। 'ਪਿਆਰ ਕੀਆ ਕੋਈ ਚੋਰੀ ਨਹੀਂ...।'

ਦਿਲ ਨੂੰ ਦਰਦ ਦੇ ਗਿਆ, ਅੱਖਾਂ ਨੂੰ ਪਾਣੀ ਦੇ ਗਿਆ
ਦੋਸਤ ਦੋਸਤੀ ਵਿਚ ਚੀਜ਼ ਕੋਈ ਜਾਣੀ ਪਛਾਣੀ ਦੇ ਗਿਆ
ਇਕ ਦਿਨ ਭਾਈ ਨਾਲ ਜਦ ਗੁਰਦੁਆਰੇ ਬਹਿ ਕੇ ਪੀਤੀ
ਬੜਾ ਖਚਰਾ ਨਿਕਲਿਆ
ਨਵੀਂ ਪੱਗ ਲੈ ਗਿਆ, ਪੁਰਾਣੀ ਦੇ ਗਿਆ।

• •

ਰਾਤ ਦੀ ਰਾਣੀ—ਅੰਗੂਰ ਦੀ ਬੇਟੀ

ਕਾਮ ਤੇ ਜਾਮ ਰਾਤ ਨੂੰ ਹੀ ਸੋਭਦੇ ਹਨ। ਬਿਨਾਂ ਕੋਈ ਵਿਸ਼ੇਸ਼ ਜਸ਼ਨ ਤੋਂ ਇਨ੍ਹਾਂ ਦਾ ਚਿੱਟੇ ਦਿਨ ਇਸਤੇਮਾਲ ਕਰਨਾ ਇਕ ਗੁਨਾਹ ਨਹੀਂ ਤਾਂ ਗੁਸਤਾਖ਼ੀ ਜ਼ਰੂਰ ਹੈ। ਜਿਵੇਂ ਫੁੱਲ ਬਹਾਰ ਵਿਚ ਹੀ ਖਿੜਦੇ ਚੰਗੇ ਲੱਗਦੇ ਹਨ, ਮੋਰ ਸਾਵਣ ਵਿਚ ਹੀ ਪੈਲਾਂ ਪਾਉਂਦੇ ਚੰਗੇ ਲੱਗਦੇ ਹਨ ਅਤੇ ਪਰਵਾਨੇ ਰਾਤ ਵੇਲੇ ਹੀ ਸ਼ਮ੍ਹਾ ਦੀ ਪਰਕਰਮਾ ਕਰਦੇ ਹਨ। ਰਾਤ ਦੀ ਰਾਣੀ ਰਾਤ ਵੇਲੇ ਹੀ ਮਹਿਕ ਦੀਆਂ ਲਪਟਾਂ ਛੱਡਦੀ ਹੈ ਅਤੇ ਡੱਡੂ ਬਰਸਾਤਾਂ ਵਿਚ ਹੀ ਗੜੈਂ ਗੜੈਂ ਕਰਦੇ ਕੰਨਾਂ ਨੂੰ ਪਲੋਸਦੇ ਹਨ। ਇਸੇ ਤਰ੍ਹਾਂ ਦਾਰੂ ਰਾਤ ਨੂੰ ਹੀ ਸੇਵਾ ਵਿਚ ਹਾਜ਼ਰ ਹੋਵੇ ਤਾਂ ਇਸਦਾ ਦਰਜਾ ਰਾਣੀਆਂ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੁੰਦਾ। ਦਾਰੂ ਤੇ ਚੰਨ ਰਾਤ ਨੂੰ ਹੀ ਚੜ੍ਹਨ ਤਾਂ ਪਿਆਰੇ ਨਿਆਰੇ ਲੱਗਦੇ ਹਨ—ਅੱਗੋਂ ਪਿੱਛੋਂ ਨਹੀਂ।

ਜਦੋਂ ਰਾਤ ਪੈਣ ਵੇਲੇ ਸੂਰਜ ਦੇਵ ਕੋਈ ਹੋਰ ਧਰਤੀ ਰੁਸ਼ਨਾਉਣ ਨਿਕਲਦੇ ਹਨ ਤਾਂ ਦਾਰੂ ਦੇ ਸ਼ੌਕੀਨ ਅੰਗੜਾਈਆਂ ਲੈਂਦੇ ਉੱਸਲਵੱਟੇ ਭੰਨਦੇ ਮੈਅਖ਼ਾਨਿਆਂ, ਢਾਬਿਆਂ, ਹੋਟਲਾਂ, ਠੇਕਿਆਂ ਤੇ ਅਹਾਤਿਆਂ ਵੱਲ ਵਹੀਰਾਂ ਘੱਤਦੇ ਹਨ। ਵੇਖਦਿਆਂ ਵੇਖਦਿਆਂ ਮੱਸਿਆ ਲੱਗ ਜਾਂਦੀ ਹੈ। ਜਦੋਂ ਜਾਮਾ ਵਿਚ ਦਾਰੂ ਨੂੰ ਧਾਰ ਬੰਨ੍ਹ ਕੇ ਪਰੋਸਿਆ ਜਾਂਦਾ ਹੈ ਤਾਂ ਖ਼ੁਸ਼ੀ ਨਾਲ ਜਾਮ ਸੁਨਹਿਰੀ ਹੋ ਜਾਂਦੇ ਹਨ। ਜਦੋਂ ਖਾਰਿਆਂ ਨਾਲ ਦਾਰੂ ਦਾ ਸੰਗਮ ਕੀਤਾ ਜਾਂਦਾ ਹੈ ਤਾਂ ਦੋਵੇਂ ਇਕ ਦੂਜੇ ਦੇ ਗਲੇ ਲੱਗ ਕੇ ਖ਼ੁਸ਼ੀ ਦੇ ਹੰਝੂ ਵਹਾਉਂਦੇ ਹਨ ਤਾਂ ਉਹ ਬੁਲਬੁਲਿਆਂ ਦੇ ਰੂਪ ਵਿਚ ਜਾਮ ਵਿਚ ਨੱਚਦੇ ਨਜ਼ਰ ਆਉਂਦੇ ਹਨ। ਖ਼ੁਸ਼ੀ ਦੀਆਂ ਤਰੰਗਾਂ ਜਾਮ ਵਿਚੋਂ ਫੁੱਟਦੀਆਂ ਹਨ। ਜਦੋਂ ਬਰਫ਼ ਦੀਆਂ ਡਲੀਆਂ ਆ ਡੁਬਕੀ ਲਾਉਂਦੀਆਂ ਹਨ ਤਾਂ ਜਾਮ ਸਰੋਵਰ ਵਿਚ ਇਕ ਤਾਂਡਵ ਨਾਚ ਸ਼ੁਰੂ ਹੋ ਜਾਂਦਾ ਹੈ। ਜਦੋਂ ਇਹ ਜਾਮ ਇਕ ਦੂਜੇ ਨੂੰ ਮੋਢੇ ਮਾਰਦੇ ਹਨ ਤਾਂ ਬੁੱਲੀਆਂ ਇਨ੍ਹਾਂ ਨੂੰ ਚੁੰਮਣ ਲਈ ਬੇਤਾਬ ਹੁੰਦੀਆਂ ਹਨ। ਬੁੱਲ੍ਹੀਆਂ ਨੂੰ ਛੂੰਹਦਿਆਂ ਸਾਰ ਹੀ ਸਾਰਾ ਜਿਸਮ ਇਕ ਜਲਪਰੀ ਦਾ ਸਵਾਗਤ ਕਰਨ ਲਈ ਬਿਹਬਲ ਹੋ ਉਠਦਾ ਹੈ। ਗੱਲਾਂ ਟਪਕਣ ਲੱਗਦੀਆਂ ਹਨ ਤੇ ਚਿਹਰਿਆਂ 'ਤੇ ਚੰਨ ਚੜ੍ਹ ਜਾਂਦਾ ਹੈ।

ਜਦ ਕੋਈ ਮਿਹਨਤਕਸ਼ ਮੁਲਾਜ਼ਮ ਜਾਂ ਦਿਹਾੜੀਦਾਰ ਸਾਰਾ ਦਿਨ ਦਿਲ ਜਾਨ ਮਾਰ ਕੇ ਕਰੜੀ ਮੁਸ਼ੱਕਤ ਕਰਕੇ ਆਪਣੇ ਘਰ ਸ਼ਾਮ ਨੂੰ ਪਰਤਦਾ ਹੈ ਤਾਂ ਉਹ ਥੱਕ ਟੁੱਟ ਕੇ ਚੂਰ ਹੋਇਆ ਹੁੰਦਾ ਹੈ। ਉਸਨੂੰ ਕਿਸੇ ਸਹਾਰੇ ਦੀ ਲੋੜ ਹੁੰਦੀ ਹੈ। ਥੱਕੇ ਮਾਂਦੇ ਰਾਹੀਆਂ ਦੀ ਦਾਰੂ ਸ਼ਾਮ ਨੂੰ ਇੰਤਜ਼ਾਰ ਕਰ ਰਿਹਾ ਹੁੰਦਾ ਹੈ। ਦੋਵੇਂ ਇਕ ਦੂਜੇ ਨੂੰ ਅਜ਼ਲਾਂ ਤੋਂ ਵਿਛੜੇ

ਯਾਰਾਂ ਵਾਂਗ ਮਿਲਦੇ ਹਨ। ਮਿਲਦਿਆਂ ਸਾਰ ਹੀ ਕਲੇਜੇ ਠੰਡ ਵਰਤ ਜਾਂਦੀ ਹੈ। ਸਾਰੀ ਦਿਹਾੜੀ ਦੀ ਥਕਾਵਟ ਤੇ ਬੋਰੀਅਤ ਬਿਨਾਂ ਖੰਭਾਂ ਤੋਂ ਹੀ ਉੱਡ-ਪੁੱਡ ਜਾਂਦੀ ਹੈ। ਇਸ ਮਿਲਾਪ ਉਪਰੰਤ ਉਸਨੂੰ ਸਾਰੇ ਪਰਿਵਾਰਕ ਤੇ ਵਪਾਰਕ ਝੰਜਟ ਵਿਸਰ ਜਾਂਦੇ ਹਨ। ਉਹ ਇਸੇ ਖ਼ੁਸ਼ੀ ਦੇ ਆਲਮ ਵਿਚ ਖਾ-ਪੀ ਕੇ ਸੌਂ ਜਾਂਦਾ ਹੈ। ਸਵੇਰੇ ਇਹੀ ਥੱਕਾ ਮਾਂਦਾ ਬੰਦਾ ਤਰੋਤਾਜ਼ਾ ਹੋ ਕੇ ਆਪਣੇ ਰੁਜ਼ਗਾਰ ਵੱਲ ਛਾਲਾਂ ਮਾਰਦਾ ਜਾਂਦਾ ਹੈ। ਅਗਲੀ ਸ਼ਾਮ ਨੂੰ ਉਹ ਫਿਰ ਰਾਤ ਦੀ ਰਾਣੀ ਦਾ ਘੁੰਡ ਚੁੱਕਣ ਲਈ ਬਿਹਬਲ ਹੁੰਦਾ ਹੈ।

ਸਿਆਸੀ, ਵਪਾਰੀ ਤੇ ਅਫ਼ਸਰਸ਼ਾਹੀ ਦਿਨ ਵੇਲੇ ਆਪੋ ਆਪਣੇ ਕੰਮਾਂ ਧੰਦਿਆਂ ਵਿਚ ਮਾਰੋ-ਮਾਰ ਕਰਦੇ ਫਿਰਦੇ ਹਨ। ਕੰਮ ਕਾਰ ਦੇ ਲੋਰ ਅਤੇ ਪੈਸੇ ਦੀ ਦੌੜ ਵਿਚ ਉਨ੍ਹਾਂ ਨੂੰ ਰੱਬ ਵੀ ਵਿਸਰਿਆ ਹੁੰਦਾ ਹੈ। ਦੁਨੀਆਦਾਰੀ ਦਾ ਨੰਗਾ ਨਾਚ ਹੁੰਦਾ ਹੈ ਤੇ ਹਰ ਕੋਈ ਦੂਜੇ ਨੂੰ ਠਿੱਬੀ ਲਾਉਣ ਦੀ ਆਹਰ ਵਿਚ ਹੁੰਦਾ ਹੈ। ਸ਼ਾਮ ਪੈਂਦਿਆਂ ਇਹੀ ਪਤਵੰਤੇ ਤੇ ਸਤਵੰਤੇ ਲੋਕ ਆਪਣੇ ਪੈਂਤੜੇ ਬਦਲ ਲੈਂਦੇ ਹਨ। ਆਪਣੇ ਸਾਰੇ ਝਮੇਲੇ ਤੇ ਰੁਝੇਵੇਂ ਛੱਡ ਛਡਾ ਕੇ ਮਹਿਖ਼ਾਨਿਆਂ ਵੱਲ ਦੁੜੰਗੀਆਂ ਮਾਰਦੇ ਜਾਂਦੇ ਹਨ। ਸਭਨਾਂ ਦੇ ਪਤਨਾਂ ਤੇ ਮੇਲੇ ਹੁੰਦੇ ਹਨ। ਦਿਨ ਵੇਲੇ ਇਨ੍ਹਾਂ ਦਾ ਜੀਵਨ ਕੋਹਲੂ ਦੇ ਬੈਲ ਵਰਗਾ ਹੁੰਦਾ ਹੈ। ਸਿਰ ਖੁਰਕਣ ਦੀ ਵਿਹਲ ਨਹੀਂ ਹੁੰਦੀ। ਮਰਨ ਮਿੱਟੀ ਚੁੱਕੀ ਹੁੰਦੀ ਹੈ ਇਨ੍ਹਾਂ ਲੋਕਾਂ ਨੇ। ਇਨ੍ਹਾਂ ਦੀ ਮਸਰੂਫ਼ੀਅਤ ਵੇਖ ਕੇ ਤੁਹਾਨੂੰ ਤਰਸ ਆਵੇਗਾ। ਇਹ ਤਾਂ ਖੋਤੇ ਦੀ ਜੂਨੇ ਪਏ ਲੱਗਦੇ ਹਨ। ਪਰੰਤੂ ਸ਼ਾਮ ਪੈਂਦਿਆਂ ਹੀ ਇਹੀ ਲੋਕ ਆਪਣੇ ਸੌ ਰੁਝੇਵਿਆਂ ਨੂੰ ਲੱਤ ਮਾਰ ਕੇ ਮਹਿਖ਼ਾਨਿਆਂ ਦਾ ਰੁਖ ਕਰਦੇ ਹਨ। ਹਲਕੀਆਂ ਫੁਲਕੀਆਂ ਗੱਲਾਂ ਕਰਕੇ ਇਹ ਲੋਕ ਦਿਨ ਵੇਲੇ ਦੇ ਸੱਭੇ ਕਸ਼ਟ ਕਲੇਸ਼ ਭੁੱਲ ਕੇ ਤਰੋਤਾਜ਼ਾ ਹੋ ਜਾਂਦੇ ਹਨ। ਦਾਰੂ ਇਨ੍ਹਾਂ ਮਹਾਂਪੁਰਸ਼ਾਂ ਨੂੰ ਫਿਰ ਚਾਰਜ ਕਰਕੇ ਅਗਲੀ ਸਵੇਰ ਲਈ ਤਿਆਰ ਕਰ ਦਿੰਦਾ ਹੈ। ਇਹ ਕਿਸੇ ਕਰਾਮਾਤ ਤੋਂ ਘੱਟ ਨਹੀਂ। ਤਲਿਸਮੀ ਕਰਾਮਾਤ।

ਜੀਵਨ ਇਕ ਸੰਘਰਸ਼ ਹੈ। ਹਰ ਪ੍ਰਾਣੀ ਨੂੰ ਮਜਬੂਰਨ ਇਸ ਵਿਚ ਜੂਝਣਾ ਪੈਂਦਾ ਹੈ। ਰੋਟੀ ਕਮਾਉਣੀ ਸੌਖੀ ਨਹੀਂ ਹੁੰਦੀ। ਨੋਟ ਰੁੱਖਾਂ ਉਪਰ ਨਹੀਂ ਲੱਗਦੇ। ਘਰ ਬੈਠਣਾ ਭੁੱਖੇ ਮਰਨ ਦੇ ਬਰਾਬਰ ਹੁੰਦਾ ਹੈ। ਮਿਹਨਤ ਨਾਲ ਹੀ ਬਾਦਸ਼ਾਹੀਆਂ ਨਸੀਬ ਹੁੰਦੀਆਂ ਹਨ। ਪਾਪੀ ਪੇਟ ਲਈ ਤਾਂ ਜੂਝਣਾ ਹੀ ਪੈਣਾ ਹੈ। ਇਸ ਤਰ੍ਹਾਂ ਆਪਣੀ ਆਰਥਿਕਤਾ ਨੂੰ ਬਲਵਾਨ ਕਰਦਾ ਆਦਮੀ ਆਪਣਾ ਲਹੂ ਪਸੀਨਾ ਇਕ ਕਰ ਦਿੰਦਾ ਹੈ। ਸਵੇਰ ਤੋਂ ਸ਼ਾਮ ਤਕ ਕੰਮ ਹੀ ਬੰਦੇ ਦੀ ਮੱਤ ਮਾਰ ਛੱਡਦੇ ਹਨ। ਇਸ ਸੂਰਤੇ ਹਾਲ ਵਿਚ ਜੇਕਰ ਦਾਰੂ ਵੀ ਇਨ੍ਹਾਂ ਲੋਕਾਂ ਦੀ ਵਾਤ ਨਾ ਪੁੱਛਦਾ ਤਾਂ ਖ਼ੌਰਿਆ ਕੀ ਹੁੰਦਾ ? ਇਹੀ ਮਿਹਨਤਕਸ਼ ਲੋਕ ਤਰਕਾਲਾਂ ਪੈਂਦਿਆਂ ਹੀ ਢਾਬਿਆਂ, ਅਹਾਤਿਆਂ ਤੇ ਠੇਕਿਆਂ ਵੱਲ ਵਹੀਰਾਂ ਘੱਤਦੇ ਹਨ। ਇਨ੍ਹਾਂ ਮਹਿਖ਼ਾਨਿਆਂ ਵਿਚ ਇਹ ਲੋਕ ਚਿਰਾਂ ਦੇ ਵਿਛੁੰਨਿਆਂ ਵਾਂਗ ਮਿਲਦੇ ਹਨ। ਇਨ੍ਹਾਂ ਦੇ ਦੁੱਖੜੇ ਤੇ ਥਕੇਵੇਂ ਬਰਫ਼ ਦੀਆਂ ਢੇਲੀਆਂ ਵਾਂਗ ਹੀ ਖੁਰ ਜਾਂਦੇ ਹਨ। ਹਰ ਕੋਈ ਆਪਣੀ ਖ਼ੁਦੀ ਨੂੰ ਬੁਲੰਦ ਕਰਕੇ ਬੈਠ ਜਾਂਦਾ ਹੈ। ਖਾਹਸ਼ਾਂ ਦੇ ਘੋੜੇ ਦੁੜਾਏ ਜਾਂਦੇ ਹਨ ਤੇ ਸੁਪਨਿਆਂ ਨੂੰ ਹਕੀਕਤਾਂ ਵਾਂਗ ਪੇਸ਼ ਕੀਤਾ ਜਾਂਦਾ ਹੈ। ਮਨੁੱਖੀ ਪਿਆਰ ਤੇ ਹਮਦਰਦੀ ਦਾ ਹੜ੍ਹ ਆ ਜਾਂਦਾ ਹੈ। ਰੇਤ ਦੀਆਂ ਨੀਹਾਂ ਉਪਰ ਸਾਂਝਾਂ ਦੇ ਮੀਨਾਰ ਖੜ੍ਹੇ ਕੀਤੇ ਜਾਂਦੇ

ਹਨ। ਵੇਖਦਿਆਂ ਹੀ ਹੱਥਾਂ 'ਤੇ ਸਰ੍ਹੋਂ ਜਮਾਈ ਜਾਂਦੀ ਹੈ। ਮਨੁੱਖੀ ਦੀਵਾਰਾਂ ਨੂੰ ਮਿੰਟੋ ਮਿੰਟੀ ਢੇਰੀ ਕਰਕੇ ਸਾਂਝੀਵਾਲਤਾ ਦੇ ਮਹਿਲ ਖੜ੍ਹੇ ਕੀਤੇ ਜਾਂਦੇ ਹਨ। ਭਾਵੇਂ ਇਹ ਸਵੇਰ ਤਕ ਢੇਰੀ ਹੋਏ ਹੋਣ। ਕੋਈ ਗਿਲਾ ਨਹੀਂ। ਕੱਲ੍ਹ ਰਾਤੀਂ ਫਿਰ ਸਹੀ।

ਥਕਾਵਟ ਸਰੀਰਕ ਵੀ ਹੁੰਦੀ ਹੈ ਤੇ ਮਾਨਸਿਕ ਵੀ। ਕਲਾਕਾਰ, ਸ਼ਾਇਰ, ਲੇਖਕ, ਅਭਿਨੇਤਾ ਤੇ ਵਿਦਵਾਨ ਬਹੁਤੀ ਸਰੀਰਕ ਮੁਸ਼ੱਕਤ ਨਹੀਂ ਕਰਦੇ। ਇਨ੍ਹਾਂ ਦੀ ਥਕਾਵਟ ਮਾਨਸਿਕ ਕਿਸਮ ਦੀ ਹੁੰਦੀ ਹੈ। ਥਕਾਵਟ ਤਾਂ ਥਕਾਵਟ ਹੀ ਹੈ। ਦਾਰੂ ਇਨ੍ਹਾਂ ਇਨਸਾਨਾਂ ਨੂੰ ਵੀ ਬਾਹਾਂ ਵਿਚ ਜਕੜਨ ਲਈ ਬੇਤਾਬ ਹੁੰਦੀ ਹੈ। ਜੇਕ਼ਰ ਦਾਰੂ ਅਜਿਹੇ ਸੰਵੇਦਨਸ਼ੀਲ ਵਿਅਕਤੀਆਂ ਦੀ ਵੇਲੇ ਸਿਰ ਬਾਂਹ ਨਾ ਫੜਦੀ ਤਾਂ ਦੁਨੀਆ ਵਿਚ ਕਲਾ, ਸਾਹਿਤ ਤੇ ਵਿਗਿਆਨ ਦਾ ਇਤਿਹਾਸ ਹੋਰ ਹੀ ਹੁੰਦਾ। ਦੁਨੀਆ ਦੀ ਤਸਵੀਰ ਤੇ ਨਕਸ਼ਾ ਹੋਰ ਦਾ ਹੋਰ ਹੁੰਦਾ। ਧਰਤੀ ਬੋਰੀਅਤ ਦਾ ਪਹਾੜ ਹੁੰਦਾ। ਨਰਕੀ ਨਜ਼ਾਰਿਆਂ ਦਾ ਧਰਤੀ ਉਪਰ ਬੋਲਬਾਲਾ ਹੁੰਦਾ। ਇਹ ਦਾਰੂ ਦਾ ਕ੍ਰਿਸ਼ਮਾ ਹੀ ਹੈ, ਜਿਸਨੇ ਧਰਤੀ ਦੇ ਨਰਕੀ ਨਜ਼ਾਰਿਆਂ ਨੂੰ ਸਵਰਗ ਵਿਚ ਬਦਲਿਆ ਹੈ। ਇਹ ਰਾਤ ਦੀ ਰਾਣੀ ਆਪਣੇ ਥੱਕੇ ਮਾਂਦੇ ਚਹੇਤਿਆਂ ਵਿਚ ਜ਼ਿੰਦਗੀ ਦੀ ਰੂਹ ਫੂਕ ਕੇ ਉਨ੍ਹਾਂ ਦੀ ਡੁੱਬਦੀ ਬੇੜੀ ਨੂੰ ਮੰਝਧਾਰਾਂ ਵਿਚੋਂ ਕੱਢ ਕੇ ਇਕ ਨਵੀਂ ਨਕੋਰ ਯਾਤਰਾ ਲਈ ਇਕ ਵਾਰੀ ਫਿਰ ਤਿਆਰ ਬਰ ਤਿਆਰ ਕਰ ਦਿੰਦੀ ਹੈ। ਇਹ ਕਿਸੇ ਤਲਿਸਮ ਤੋਂ ਘੱਟ ਨਹੀਂ। ਚਮਤਕਾਰ।

ਦੁਨੀਆ ਵਿਚ ਸੱਭੇ ਖ਼ੁਸ਼ਨਸੀਬ ਨਹੀਂ ਹੁੰਦੇ। ਛੜੇ-ਛਾਂਟ, ਹਾਲਾਤ ਤੇ ਕਰਮਾਂ ਦੇ ਮਾਰੇ ਫਿਟਕਾਰੇ, ਜੀਵਨ ਦੀਆਂ ਤਲਖ਼ੀਆਂ ਦੇ ਥਪੇੜੇ ਖਾਣ ਵਾਲੇ ਲੋਕ ਮੁਰਦਾ ਰੂਹਾਂ ਲੈ ਕੇ ਤੁਰੇ ਫਿਰਦੇ ਹਨ। ਜੀਵਨ ਵਿਚ ਚਿੰਤਾਵਾਂ, ਪਰੇਸ਼ਾਨੀਆਂ ਤੇ ਗ਼ਮਾਂ ਦੇ ਭੰਨੇ ਹੋਏ ਲੋਕਾਂ ਦੀ ਧਰਤੀ ਉਪਰ ਕੋਈ ਘਾਟ ਨਹੀਂ। ਕਿਸੇ ਦੀ ਪਤਨੀ ਨਹੀਂ ਰਹੀ, ਕਿਸੇ ਦਾ ਪਤੀ। ਕਿਸੇ ਨੂੰ ਔਲਾਦ ਦੀ ਘਾਟ ਹੈ, ਕਿਸੇ ਨੂੰ ਔਲਾਦ ਤੋਂ ਪ੍ਰੇਸ਼ਾਨੀ ਹੈ। ਕਿਸੇ ਨੂੰ ਪੈਸੇ ਦੀ ਘਾਟ ਹੈ, ਕਿਸੇ ਨੂੰ ਪੈਸੇ ਖੁੱਸਣ ਦਾ ਸੰਸਾ ਹੈ। ਕੋਈ ਰੋਂਦਾ ਚੀਕਦਾ ਨਜ਼ਰੀਂ ਪੈਂਦਾ ਹੈ। 'ਅਖੇ ਰੋਂਦੇ ਕਿਉਂ ਹੋ ?' 'ਜੀ ਵਜ੍ਹਾ ਹੀ ਐਸੀ ਹੈ'। ਇਨ੍ਹਾਂ ਸਭਨਾਂ ਦਾ ਇਕੋ ਇਕ ਸਹਾਰਾ ਦਾਰੂ ਹੁੰਦੀ ਹੈ ਜੋ ਕਿ ਰਾਤ ਦੀ ਰਾਣੀ ਦੇ ਰੂਪ ਵਿਚ ਉਨ੍ਹਾਂ ਦੀ ਦਿਲ ਨਿਵਾਜ਼ੀ ਕਰਕੇ ਉਨ੍ਹਾਂ ਨੂੰ ਇਕ ਵਾਰ ਫਿਰ ਜੀਣ ਜੋਗੇ ਬਣਾਉਣ ਦੀ ਸਮਰੱਥਾ ਰੱਖਦੀ ਹੈ। ਆਮੀਨ !

ਸ਼ਬ ਕੋ ਮਹਿ ਖ਼ੂਬ ਸੀ ਪੀ, ਸੁਬਹ ਕੋ ਤੋਬਾ ਕਰ ਲੀ
ਰਿੰਦ ਕੇ ਰਿੰਦ ਰਹੇ, ਹਾਥ ਸੇ ਜੱਨਤ ਨਾ ਗਈ।

• •

ਦਰਦੀ–ਇਕ ਲੰਗੋਟੀਆ ਯਾਰ

ਦੁਖ ਦਰਦ ਵੇਲੇ ਕੇਵਲ ਮਾਪੇ ਜਾਂ ਯਾਰ ਬੇਲੀ ਜਾਂ ਪਤਨੀ ਜਾਂ ਫਿਰ ਪੁੱਤਰ ਤੇ ਧੀਆਂ ਸਹਾਈ ਹੁੰਦੀਆਂ ਹਨ। ਕਈ ਦਫ਼ਾ ਇਨ੍ਹਾਂ ਸਭਨਾਂ ਵਿਚੋਂ ਵੀ ਕੋਈ ਨਹੀਂ ਬੌਹੜਦਾ। ਜੱਗ ਤਾਂ ਪਹਿਲਾਂ ਹੀ ਤਮਾਸ਼ਬੀਨ ਹੁੰਦਾ ਹੈ। ਬੰਦਾ ਸਵਾ ਲੱਖ ਹੀ ਤੜਫਣ ਲਈ ਰਹਿ ਜਾਂਦਾ ਹੈ। ਉਹ ਆਪਣੇ ਹੁੱਸੇ ਹਾਰੇ ਹੱਥ ਉਪਰ ਨੂੰ ਉਠਾਉਂਦਾ ਹੈ। ਉਸ ਨੂੰ ਉਪਰੋਂ ਖ਼ਲਾਅ ਹੀ ਨਜ਼ਰ ਆਉਂਦਾ ਹੈ। ਖੱਬਿਓਂ-ਸੱਜਿਓਂ ਸੰਤਾਂ ਬਾਬਿਆਂ ਤੇ ਮਹੰਤਾਂ ਕੋਲ ਵੀ ਉਹ ਗੁਹਾਰ ਲਗਾਉਂਦਾ ਹੈ। ਪਰੰਤੂ ਚਾਰੇ ਪਾਸਿਓਂ, ਹੇਠੋਂ ਉਪਰੋਂ ਉਸਨੂੰ ਕੋਈ ਖ਼ੈਰ ਨਹੀਂ ਪਾਉਂਦਾ। ਉਹ ਖ਼ਾਲੀ ਹੱਥ ਘਰ ਨੂੰ ਮੁੜਦਾ ਹੈ। ਉਸਨੂੰ ਘੋਰ ਮਾਯੂਸੀ ਹੁੰਦੀ ਹੈ। ਉਸਦੇ ਬੁੱਲ੍ਹਾਂ ਉਪਰ ਸਿਕਰੀ ਜੰਮਣ ਲੱਗਦੀ ਹੈ। ਸਭ ਸਹਾਰੇ ਤੇ ਓਟਾਂ ਬੇਕਾਰ ਸਾਬਤ ਹੁੰਦੀਆਂ ਹਨ। ਸਭ ਉਪਾਅ ਤੇ ਜੰਤਰ ਮੰਤਰ ਤੰਤਰ ਫੇਲ੍ਹ ਹੋ ਜਾਂਦੇ ਹਨ। ਉਸ ਦੀਆਂ ਬਾਹਵਾਂ ਵੀ ਇਕ ਦੂਜੇ ਦਾ ਸਾਥ ਨਹੀਂ ਦੇਂਦੀਆਂ। ਇਸ ਕਲਯੁਗੀ ਘੜੀ ਵਿਚ ਕੋਈ ਭੁੱਲਿਆ ਭਟਕਿਆ ਤੁਹਾਡੇ ਵਰਗਾ ਸੜਿਆ ਫੂਕਿਆ ਤੇ ਗ਼ਮਾਂ ਦਾ ਮਾਰਿਆ ਤੁਹਾਡੇ ਦਰ ਦਸਤਕ ਦਿੰਦਾ ਹੈ। ਉਹਦੇ ਹੱਥ ਸ਼ੀਸ਼ੀ ਵੇਖ ਕੇ ਤੁਸੀਂ ਗਲਾਸੀਆਂ ਲਿਆਉਣ ਬਾਰੇ ਸੋਚਦੇ ਹੋ। ਵੇਖਦਿਆਂ ਵੇਖਦਿਆਂ ਖਿਜਾਵਾਂ ਬਹਾਰਾਂ ਵਿਚ ਬਦਲੰਣੀਆਂ ਸ਼ੁਰੂ ਹੋ ਜਾਂਦੀਆਂ ਹਨ। ਕਿਸ਼ਤੀ ਨੂੰ ਕਿਨਾਰਾ ਤੇ ਮੋਢਿਆਂ ਨੂੰ ਸਹਾਰਾ ਮਿਲ ਜਾਂਦਾ ਹੈ। ਇਹ ਹੈ ਦਰਦੀ ਬਾਲਮ। ਬਾਕੀ ਸਭ ਝੂਠ।

ਸੰਸਾਰਿਕ ਰਿਸ਼ਤੇ ਏਨੇ ਪਾਇਦਾਰ ਨਹੀਂ ਹੁੰਦੇ। ਇਹ ਨਿਰੋਲ ਸੁਖ ਦੇ ਹੀ ਰਿਸ਼ਤੇ ਹਨ। ਦੁਖ ਵੇਲੇ ਤਾਂ ਦਰਦੀ ਲਾਲਟੈਨ ਲੈ ਕੇ ਲੱਭਣੇ ਪੈਂਦੇ ਹਨ। ਫਿਰ ਵੀ ਨਹੀਂ ਲੱਭਦੇ। ਦੁਨੀਆਦਾਰ ਲੋਕ ਸਾਰੀ ਹਯਾਤੀ ਲਾਰਿਆਂ ਲੱਪਿਆਂ, ਵਾਅਦਿਆਂ ਤੇ ਕੌਲ ਕਰਾਰਾਂ ਨਾਲ ਹੀ ਹੰਢਾ ਛੱਡਦੇ ਹਨ। ਸਾਰੇ ਸਖੀ ਸਰਵਰ ਹੋਣ ਦੇ ਦਾਹਵੇ ਕਰਦੇ ਹਨ ਪਰੰਤੂ ਭੀੜ ਵੇਲੇ ਦੁੰਮ ਦਬਾ ਕੇ ਦੌੜ ਜਾਂਦੇ ਹਨ। ਕੁਫਰ ਤੋਲ ਕੇ ਤੇ ਦਿਲਲਗੀਆਂ ਕਰਕੇ ਲੋਕ ਹਮਦਰਦੀਆਂ ਦਾ ਸਵਾਂਗ ਰਚਾਉਂਦੇ ਹਨ। ਦਾਰੂ ਦੀ ਦੋਸਤੀ ਮਾਨਵੀ ਦੋਸਤੀ ਨਾਲੋਂ ਅਡਰੀ ਹੁੰਦੀ ਹੈ। ਮਨੁੱਖੀ ਰਿਸ਼ਤਿਆਂ ਵਾਲੇ ਤੁਹਾਡਾ ਦਰਦ ਵੰਡਾਉਣ ਦੀ ਆੜ ਵਿਚ ਦੂਣਾ ਕਰਕੇ ਚਲੇ ਜਾਂਦੇ ਹਨ। ਮਨੁੱਖੀ ਸੰਬੰਧੀਆਂ ਦਾ ਆਧਾਰ ਸਵਾਰਥੀ ਤੇ ਸੌੜਾ ਹੁੰਦਾ ਹੈ। ਜਿਉਂ ਹੀ ਸਵਾਰਥ ਪੂਰਾ ਹੁੰਦਾ ਹੈ, ਲੱਤ ਮਾਰ ਕੇ ਅਗਾਂਹ ਜਾਂਦੇ ਹਨ। ਪਰੰਤੂ ਦਾਰੂ ਦਾ ਕਿਰਦਾਰ ਅਜਿਹਾ ਨਹੀਂ ਹੈ। 'ਲਾਈਏ ਤੋੜ ਨਿਭਾਈਏ' ਵਾਲਾ ਪਾਠ ਪੜ੍ਹਿਆ ਜਾਂਦਾ ਹੈ। ਦਾਰੂ ਨੂੰ ਕੋਈ ਸਵਾਰਥ ਨਹੀਂ। ਸਵਾਏ ਤੁਹਾਡੇ ਦੁੱਖਾਂ ਦਰਦਾਂ ਨੂੰ

ਸੁੱਖਾਂ ਵਿਚ ਬਦਲਣ ਦੇ।

ਤੁਹਾਨੂੰ ਸਿਰ ਦਰਦ ਹੋਵੇ ਜਾਂ ਪੇਟ ਦਰਦ ਜਾਂ ਕੋਈ ਹੋਰ ਦਰਦ ਬੁਖਾਰ ਜਾਂ ਔਰ। ਤੁਸੀਂ ਡਾਕਟਰ ਹਕੀਮ ਵੱਲ ਜਾਣ ਲਈ ਸੋਚਦੇ ਹੋ। ਡਾਕਟਰ ਸਾਹਿਬ ਪਹਿਲਾਂ ਹੀ ਤੁਹਾਡੇ ਲਈ ਫਾਹੀ ਗੱਡ ਕੇ ਬੈਠੇ ਹੁੰਦੇ ਹਨ। ਛਿਸਤ ਲਾ ਕੇ, ਘਾਤ ਲਾ ਕੇ, ਉਹ ਤੁਹਾਡੇ ਉਪਰ ਹਮਲਾ ਕਰਦੇ ਹਨ। ਤੁਸੀਂ ਉਨ੍ਹਾਂ ਦੀਆਂ ਦਾਹੜਾਂ ਹੇਠ ਆ ਜਾਂਦੇ ਹੋ। ਉਨ੍ਹਾਂ ਨੂੰ ਇਨ੍ਹਾਂ ਤੁਹਾਡੇ ਦਰਦ ਨਾਲ ਕੋਈ ਸਰੋਕਾਰ ਨਹੀਂ ਹੁੰਦਾ, ਜਿੰਨਾ ਤੁਹਾਡੀ ਜੇਬ ਨਾਲ। ਉਹ ਤੁਹਾਡੇ ਦਰਦਾਂ ਨੂੰ ਹਰਨ ਕਰਨ ਲਈ ਉਪਾਅ ਤੇ ਉਪਰਾਲੇ ਕਰਦੇ ਹਨ। ਉਨ੍ਹਾਂ ਨੂੰ ਤੁਹਾਡੇ ਬੁਖਾਰ ਦੀ ਕਿਸਮ ਸਮਝ ਨਹੀਂ ਆਉਂਦੀ। ਉਹ ਹਰੇਕ ਬੁਖਾਰ ਦੀ ਇਕ ਇਕ ਗੋਲੀ ਤੁਹਾਨੂੰ ਖਾਣ ਲਈ ਦੇਂਦੇ ਹਨ ਤਾਂ ਕਿ ਬੁਖਾਰ ਜਿਹੜਾ ਵੀ ਹੋਵੇ, ਉਹ ਉਤਰ ਜਾਵੇ। ਮਗਰ ਹੁੰਦਾ ਇੰਜ ਹੈ ਕਿ ਗ਼ਲਤ ਦਵਾਈਆਂ ਕਾਰਨ ਤੁਹਾਡਾ ਸਧਾਰਨ ਬੁਖਾਰ ਟਾਈਫਾਈਡ ਵਿਚ ਬਦਲ ਜਾਂਦਾ ਹੈ। ਡਾਕਟਰ ਸਾਹਿਬ ਇਸ ਬੁਖਾਰ ਦੀ ਗਰੰਟੀ ਦੇ ਕੇ ਸ਼ਰਤੀਆ ਇਲਾਜ ਕਰਦੇ ਹਨ। 'ਦਰਦ ਬੜਤਾ ਗਿਆ, ਜਿਓਂ ਜਿਓਂ ਦਵਾ ਕੀ'।

ਤੁਸੀਂ ਕਿਸੇ ਨਿੱਜੀ ਮਾਨਸਿਕ ਉਲਝਣ ਵਿਚ ਹੋ। ਤੁਸੀਂ ਫ਼ੈਸਲਾ ਹੀ ਨਹੀਂ ਕਰ ਸਕਦੇ ਕਿ ਇਸ ਕੜਿੱਕੀ ਵਿਚੋਂ ਨਿਕਲਣਾ ਕਿਵੇਂ ਹੈ ? ਇਕ ਪਾਸੇ ਤੁਹਾਡਾ ਸਮੁੱਚਾ ਪਰਿਵਾਰ ਹੈ ਤੇ ਦੂਜੇ ਪਾਸੇ ਤੁਹਾਡੀ ਹੋਣ ਵਾਲੀ ਪਤਨੀ ਅਰਧਾਂਗਨੀ। ਕਿੱਧਰ ਜਾਵਾਂ ਕੀ ਕਰਾਂ ? ਘਰ ਵਾਲਿਆਂ ਨਾਲ ਸਲਾਹੀਂ ਪੈਂਦੇ ਹੋ। ਉਹ ਤੁਹਾਨੂੰ ਕੋਈ ਹੋਰ ਪੱਟੀ ਪੜ੍ਹਾਉਂਦੇ ਹਨ—ਐਵੇਂ ਰੰਨ ਮਗਰ ਲੱਗ ਕੇ ਆਪਣਿਆਂ ਸਕਿਆਂ ਸੋਧਰਿਆਂ ਨੂੰ ਛੱਡਣ ਦੀ ਮੂਰਖਤਾ ਨਾ ਕਰੀਂ। ਆਪਣੇ ਆਪਣੇ ਹੀ ਹੁੰਦੇ ਨੇ ਆਖ਼ਰਕਾਰ। ਤੁਹਾਡੇ ਭਰਾ ਭਾਈ 'ਬਾਹਵਾਂ' ਦਾ ਵਾਸਤਾ ਪਾਉਂਦੇ ਨੇ ਤੇ ਮਾਪੇ ਖ਼ੂਨ ਤੇ ਖਾਨਦਾਨ ਦਾ। ਮਾਂ-ਪਿਉ ਜਾਈਆਂ ਭੈਣਾਂ ਤੁਹਾਨੂੰ ਮਨਾਉਣ ਲਈ ਪਰਿਵਾਰ ਦੀ ਇੱਜ਼ਤ ਦਾ ਕਿੱਸਾ ਛੇੜਦੀਆਂ ਹਨ। ਇਹ ਸਾਰੇ ਰਿਸ਼ਤੇਦਾਰ ਚਾਹੁੰਦੇ ਹਨ ਕਿ ਤੁਸੀਂ ਆਪਣੀ ਮਨਪਸੰਦ ਤਜ ਕੇ ਉਨ੍ਹਾਂਦੇ ਮਗਰ ਲੱਗੋ ਤੇ ਮਾਪਿਆਂ ਦੀ ਪਸੰਦ 'ਤੇ ਮੋਹਰ ਲਾਉ। ਪਰ ਤੁਹਾਡੀ ਹਾਲਤ ਬੜੀ ਪੇਚੀਦਾ ਹੈ। ਤੁਸਾਂ ਆਪਣੀ ਹੋਣ ਵਾਲੀ ਬੀਵੀ ਨਾਲ ਕਈ ਕੌਲ ਕਰਾਰ ਕੀਤੇ ਹੋਏ ਹਨ। ਹਨੇਰੀਆਂ ਝੱਖੜਾਂ ਵਿਚ ਸਾਥ ਦੇਣ ਦੀਆਂ ਸੁਗੰਧਾਂ ਖਾਧੀਆਂ ਹੋਈਆਂ ਹਨ। ਤੁਸੀਂ ਆਪਣੇ ਦਿਲ ਤੇ ਜਜ਼ਬਾਤਾਂ ਨੂੰ ਵੀ ਦਗਾ ਨਹੀਂ ਦੇਣਾ ਚਾਹੁੰਦੇ। ਦੂਜੇ ਪਾਸੇ ਤੁਸੀਂ ਆਪਣੇ ਪਰਿਵਾਰ ਨੂੰ ਵੀ ਪਿੱਠ ਨਹੀਂ ਦੇਣਾ ਚਾਹੁੰਦੇ। ਇਸ ਦੁਬਿਧਾ ਵਿਚ ਰਾਤ ਦਿਨ ਤੁਸੀਂ ਪਲ ਪਲ ਗਿਣ ਕੇ ਗੁਜ਼ਾਰ ਰਹੇ ਹੋ। ਤੁਹਾਨੂੰ ਕਿਸੇ ਨੇ ਦਾਰੂ ਦੇ ਦਰ ਦਸਤਕ ਦੇਣ ਦੀ ਸਲਾਹ ਦਿੱਤੀ ਹੈ। ਇਸ ਦਸਤਕ ਨਾਲ ਤੁਹਾਨੂੰ ਫੌਰੀ ਆਰਾਮ ਮਿਲਦਾ ਹੈ ਭਾਵੇਂ ਅਸਥਾਈ ਹੀ। ਤੁਸੀਂ ਦਾਰੂ ਦੇ ਆਸਰੇ ਨਾਲ ਸਥਿਰਤਾ ਵੱਲ ਵਧਦੇ ਹੋ ਤੇ ਇਕ ਦਿਨ ਦੋਵਾਂ ਵਿਚੋਂ ਇਕ ਫ਼ੈਸਲਾ ਕਰਨ ਵਿਚ ਕਾਮਯਾਬ ਹੋ ਜਾਂਦੇ ਹੋ। ਜਾਂ ਤੁਸੀਂ ਮਾਪਿਆਂ ਦੀ ਮੰਨ ਲੈਂਦੇ ਹੋ ਜਾਂ ਮਾਪੇ ਤੁਹਾਡੀ ਮੰਗ ਕਬੂਲ ਕਰ ਲੈਂਦੇ ਹਨ। ਬਾਅਦ ਵਿਚ ਭਾਵੇਂ ਤੁਸੀਂ ਦਾਰੂ ਨੂੰ ਦੂਰ ਦੀ ਸਲਾਮ ਮਾਰੀ ਜਾਵੋ ਪਰੰਤੂ ਦਾਰੂ ਦਾ ਪਾਇਆ ਯੋਗਦਾਨ ਤੁਸੀਂ ਸਾਰੀ ਉਮਰ ਭੁੱਲ ਨਹੀਂ ਸਕਦੇ।

ਤੁਹਾਨੂੰ ਬਿਨਾ ਵਜ੍ਹਾ ਕੇਵਲ ਸ਼ੱਕ ਦੀ ਬਨਾ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਤੁਹਾਡੇ ਉਪਰ ਕਤਲ ਦਾ ਕੇਸ ਪਾਇਆ ਗਿਆ ਹੈ। ਭਾਵੇਂ ਤੁਸੀਂ ਬਿਲਕੁਲ ਨਿਰਦੋਸ਼ ਹੋ ਪਰ ਤੁਸੀਂ ਆਪਣੀ ਨਿਰਦੋਸ਼ਤਾ ਸਾਬਤ ਨਹੀਂ ਕਰ ਪਾ ਰਹੇ। ਮੌਕੇ ਦੀ ਤੁਹਾਡੇ ਹੱਕ ਵਿਚ ਕੋਈ ਗਵਾਹੀ ਨਹੀਂ। ਤੁਸੀਂ ਐਨ ਮੌਕੇ 'ਤੇ ਫੜੇ ਜਾਂਦੇ ਹੋ ਤੇ ਅਸਲੀ ਦੋਸ਼ੀ ਫਰਾਰ ਹੋ ਜਾਂਦਾ ਹੈ। ਤੁਸੀਂ ਇਕੱਲੇ ਪੁਲਿਸ ਦੇ ਕਾਬੂ ਆ ਗਏ ਹੋ ਤੇ ਪੁਲਿਸ ਨੇ ਵੀ ਤੁਹਾਨੂੰ ਅਸਲੀ ਦੋਸ਼ੀ ਸਮਝ ਲਿਆ ਹੈ। ਤੁਹਾਡੇ ਯਾਰ ਦੋਸਤ, ਰਿਸ਼ਤੇਦਾਰ, ਕਾਨੂੰਨਨ ਤੁਹਾਡੀ ਕੋਈ ਸਹਾਇਤਾ ਨਹੀਂ ਕਰ ਸਕਦੇ। ਇਹ ਮੌਕੇ 'ਤੇ ਹਾਜ਼ਰ ਨਹੀਂ ਸਨ। ਇਸ ਲਈ ਉਨ੍ਹਾਂ ਦੀ ਗਵਾਹੀ ਦਾ ਟਕਾ ਮੁੱਲ ਨਹੀਂ। ਤੁਹਾਡੇ ਹੰਝੂਆਂ ਨੂੰ ਪੂੰਝਣ ਵਾਲਾ ਕੋਈ ਨਹੀਂ। ਤੁਹਾਡੇ ਦਿਲ ਨੂੰ ਦਿਲਾਸਾ ਦੇਣ ਵਾਲਾ ਕੋਈ ਨਹੀਂ। ਤੁਹਾਡੀ ਹਾਮੀ ਭਰਨ ਵਾਲਿਆਂ ਦੀ ਅਦਾਲਤਾਂ ਵਿਚ ਕੋਈ ਵੁੱਕਤ ਨਹੀਂ। ਕੋਈ ਤੁਹਾਡੇ ਨਾਲ ਹਮਦਰਦੀ ਜਿਤਾ ਕੇ ਤੁਹਾਨੂੰ ਸਲਾਖਾਂ ਵਿਚੋਂ ਨਹੀਂ ਕੱਢ ਸਕਦਾ। ਇਸ ਸਥਿਤੀ ਵਿਚ ਕਈ ਵਾਰ ਤੁਸੀਂ ਆਪਣੀ ਜੀਵਨ ਲੀਲ੍ਹਾ ਖ਼ਤਮ ਕਰਨ ਲਈ ਸੋਚਦੇ ਹੋ ਪਰੰਤੂ ਜੇਲ੍ਹ ਵਿਚ ਤੁਸੀਂ ਇਹ ਵੀ ਰੀਝ ਪੂਰੀ ਨਹੀਂ ਕਰ ਸਕਦੇ। ਤੁਸੀਂ ਜੇਲ੍ਹ ਵਾਰਡਾਂ ਦੀ ਮਿਹਰਬਾਨੀ ਨਾਲ ਦਾਰੂ ਨੂੰ ਗਲਵੱਕੜੀ ਪਾਉਂਦੇ ਹੋ ਤੇ ਰੱਬ ਉੱਤੇ ਡੋਰੀਆਂ ਸੁੱਟ ਕੇ ਸੌਂ ਜਾਂਦੇ ਹੋ। ਤੁਸੀਂ ਪਹਿਲਾਂ ਜਦੋਂ ਵੀ ਆਪਣੇ ਬਾਰੇ ਸੋਚਦੇ ਸੀ, ਤੁਹਾਨੂੰ ਡੋਬੂ ਤੇ ਹੌਲਾਂ ਪੈਂਦੀਆਂ ਸਨ। ਪਰ ਹੁਣ ਦਾਰੂ ਨੇ ਤੁਹਾਨੂੰ ਇਨ੍ਹਾਂ ਘੁੰਮਣਘੇਰੀਆਂ ਵਿਚੋਂ ਸਹੀ ਸਲਾਮਤ ਬਾਹਰ ਕੱਢ ਲਿਆਂਦਾ ਹੈ। ਅਖ਼ੀਰ ਸੌ ਦਿਨ ਚੋਰ ਦਾ ਤੇ ਇਕ ਦਿਨ ਸਾਧ ਦਾ। ਇਕ ਦਿਨ ਤੁਹਾਡੀ ਨਿਰਦੋਸ਼ਤਾ ਦਾ ਅਦਾਲਤ ਨੂੰ ਵੀ ਪਤਾ ਲੱਗ ਜਾਂਦਾ ਹੈ। ਜਿਸ ਬਿਨਾ 'ਤੇ ਤੁਸੀਂ ਸ਼ਿਕੰਜੇ ਵਿਚ ਫਸੇ ਸੀ, ਉਸੇ ਆਧਾਰ 'ਤੇ ਤੁਹਾਨੂੰ ਬਰੀ ਕੀਤਾ ਜਾਂਦਾ ਹੈ। ਇਹ ਹੈ ਦਾਰੂ ਦੀ ਦੋਸਤੀ।

ਤੁਸੀਂ ਕ੍ਰੋਧ ਤੇ ਅਣਖ ਵਿਚ ਆ ਕੇ ਕਿਸੇ ਯਾਰ ਦੋਸਤ ਜਾਂ ਨਜ਼ਦੀਕੀ ਦਾ ਕਤਲ ਕਰ ਦਿੰਦੇ ਹੋ। ਭਾਵੇਂ ਇਹ ਕੰਮ ਕਿਸੇ ਖ਼ਾਸ ਮਾਨਸਿਕ ਅਵਸਥਾ ਵਿਚ ਕੀਤਾ ਗਿਆ ਸੀ ਪਰ ਕਾਨੂੰਨ ਦੀਆਂ ਨਜ਼ਰਾਂ ਵਿਚ ਤੁਸੀਂ ਮੁਜਰਮ ਹੋ। ਅਣਖ ਨੂੰ ਕਾਨੂੰਨ ਨਹੀਂ ਜਾਣਦਾ ਇਹ ਕੇਹੜੀ ਬਲਾ ਹੈ। ਤੁਸੀਂ ਕਿਸੇ ਦੀ ਹੱਤਿਆ ਤੱਤੇ-ਘਾਅ ਸ਼ੁਭ ਸਮਾਜੀ ਭਾਵਨਾ ਨਾਲ ਕੀਤੀ ਹੈ ਪਰ ਹੁਣ ਤੁਹਾਡੀ ਕੋਈ ਪੁਕਾਰ ਸੁਣਨ ਵਾਲਾ ਨਹੀਂ। ਨਾ ਕੋਈ ਧਰਤੀ 'ਤੇ ਨਾ ਹੀ ਉਪਰ ਤੇ ਨਾ ਹੀ ਆਸੇ ਪਾਸੇ। ਤੁਸੀਂ ਸਮਾਜ ਦੀਆਂ ਨਜ਼ਰਾਂ ਵਿਚ ਕਾਤਿਲ ਹੋ। ਤੁਹਾਡੇ ਉਪਰ ਕਤਲ ਦੀਆਂ ਸਾਰੀਆਂ ਧਾਰਾਵਾਂ ਲਗਾਈਆਂ ਗਈਆਂ ਹਨ ਤਾਂ ਕਿ ਤੁਸੀਂ ਬਾਹਰ ਨਾ ਆ ਸਕੋ। ਤੁਹਾਡੀਆਂ ਸਭ ਅਪੀਲਾਂ ਦਲੀਲਾਂ ਤੇ ਫ਼ਰਿਆਦਾਂ ਰੱਦੀ ਦੀ ਟੋਕਰੀ ਵਿਚ ਪਹੁੰਚ ਚੁੱਕੀਆਂ ਹਨ। ਅੱਲ੍ਹਾ ਵੀ ਤੁਹਾਨੂੰ ਬੇਗੁਨਾਹ ਨਹੀਂ ਸਮਝਤਾ। ਤੁਹਾਡਾ ਕੋਈ ਬਚਾਅ ਨਹੀਂ। ਡੁੱਬਦੇ ਨੂੰ ਤੀਲ੍ਹੇ ਦਾ ਸਹਾਰਾ। ਤੁਸੀਂ ਦਾਰੂ ਨੂੰ ਹੀ ਆਪਣਾ ਸੰਬੰਧੀ ਸਮਝ ਕੇ ਬਰੀ ਹੋਣ ਦੀਆਂ ਬੇਬੁਨਿਆਦ ਆਸਾਂ ਲਗਾਈ ਬੈਠੇ ਹੋ। ਹੁਣ ਤੁਹਾਡੇ ਦਰਦਾਂ ਦੇ ਜ਼ਹਿਰ ਨੂੰ ਦਾਰੂ ਨੇ ਅੰਮ੍ਰਿਤ ਸਮਝ ਕੇ ਪੀ ਲਿਆ ਹੈ। ਤੁਹਾਡੇ ਦਰਦ ਹੁਣ ਉਸਦੇ ਖਾਤੇ ਵਿਚ ਲਿਖੇ ਗਏ ਹਨ। ਤੁਸੀਂ ਆਖ਼ਰੀ ਤਰਲਾ ਸਮਝ ਕੇ ਰਹਿਮ ਦੀ ਅਪੀਲ ਕੀਤੀ ਸੀ। ਇਹ ਅਣਖੀ ਹੱਤਿਆ ਸਮਝ ਕੇ ਪ੍ਰਵਾਨ ਕੀਤੀ ਗਈ

ਹੈ। ਤੁਸੀਂ ਸਹੀ ਸਲਾਮਤ ਬਾਹਰ ਆ ਜਾਂਦੇ ਹੋ। ਗ਼ਜ਼ਬ ਹੋ ਜਾਂਦਾ ਹੈ। ਅੱਲ੍ਹਾ ਦੀ ਸੌਂਹ ਜੇਕਰ ਦਾਰੂ ਤੁਹਾਡੀ ਸਮੇਂ ਸਿਰ ਦਿਲ ਨਿਵਾਜ਼ੀ ਨਾ ਕਰਦਾ ਤਾਂ ਕਦੇ ਦੇ ਅੱਲ੍ਹਾ ਨੂੰ ਪਿਆਰੇ ਹੋ ਜਾਣਾ ਸੀ। ਬਹੁਤ ਸਾਰੇ ਤੁਹਾਡੇ ਵਰਗੇ ਗ਼ਮ ਨਾਲ ਹੀ ਸੜ ਸੁੱਕ ਤੇ ਮਰ ਮੁੱਕ ਜਾਂਦੇ ਹਨ।

ਜਗਤ ਮੇਂ ਝੂਠੀ ਦੇਖੀ ਪ੍ਰੀਤ...

ਦੁਖ ਦਰਦ ਵਿਚ ਜੇਕਰ ਕੋਈ ਮੀਤ ਮਹਿਰਮ ਨਾ ਹੋਵੇ ਤਾਂ ਦਰਦ ਸਹਾਰਨਾ ਕਠਿਨ ਹੋ ਜਾਂਦਾ ਹੈ। ਜਦੋਂ ਬੰਦੇ ਉਪਰ ਦੁੱਖਾਂ ਦੇ ਪਹਾੜ ਡਿੱਗਦੇ ਹਨ ਤਾਂ ਅਕਲ ਸੁੰਨ ਹੋ ਜਾਂਦੀ ਹੈ। ਦੁਨੀਆ ਦੇ ਸਾਥੀ ਤੇ ਸਹਾਰੇ ਅਸਥਾਈ ਸਾਬਤ ਹੁੰਦੇ ਹਨ। ਪਲ ਦੋ ਪਲ ਦਿਲਬਰੀਆਂ ਕਰਨ ਤੋਂ ਬਾਅਦ ਲੋਕ ਦਿਲਲਗੀਆਂ ਕਰਨ ਲੱਗ ਪੈਂਦੇ ਹਨ। ਅੰਗ-ਸੰਗ ਰਹਿਣ ਬਹਿਣ ਦੇ ਦਾਹਵੇ ਤਾਂ ਬਥੇਰੇ ਕੀਤੇ ਜਾਂਦੇ ਹਨ ਪਰ ਇਹ ਦਾਹਵੇ ਦੱਪੇ ਕੱਖ ਕਾਨਿਆਂ ਦੇ ਢਾਰਿਆਂ ਵਾਂਗ ਢੇਰੀ ਹੋ ਜਾਂਦੇ ਹਨ। ਜਿਨ੍ਹਾਂ ਨੂੰ ਦੁੱਖਾਂ ਦਰਦਾਂ ਚੀਸਾਂ ਨੇ ਚੁਫ਼ੇਰਿਓਂ ਘੇਰਾ ਪਾਇਆ ਹੋਇਆ ਹੈ, ਉਹ ਵਿਚਾਰੇ ਕਿਧਰ ਜਾਣ। ਉਹ ਓੜਕ ਦਾਰੂ ਦੇ ਦਰ ਦਸਤਕ ਦੇਂਦੇ ਹਨ। ਦਾਰੂ ਉਨ੍ਹਾਂ ਨੂੰ ਜੀ ਆਇਆਂ ਆਖਦਾ ਹੈ। ਦੋ ਦੀਵਾਨੇ ਮਿਲਦੇ ਗਿਲਦੇ ਹਨ। ਖ਼ੂਬ ਮੁਲਾਕਾਤ ਹੁੰਦੀ ਹੈ। ਦਰਦ ਰਫਤਾ ਰਫਤਾ ਬਿਖਰਦਾ ਜਾਂਦਾ ਹੈ। ਚੀਸਾਂ ਚੁੱਪੀ ਧਾਰਨ ਲੱਗਦੀਆਂ ਹਨ। ਦਾਰੂ ਆਪਣੇ ਦੋਸਤ ਨੂੰ ਦਰਦ ਦੀ ਦਲਦਲ ਵਿਚੋਂ ਕੱਢ ਲੈਂਦਾ ਹੈ। ਸੁਖ ਜੇਕਰ ਸਥਾਈ ਨਹੀਂ ਹੁੰਦੇ ਤਾਂ ਦੁਖ ਕਿਵੇਂ ਸਥਾਈ ਹੋਣਗੇ ? ਅੱਜ ਹੈਗੇ ਨੇ, ਕੱਲ੍ਹ ਨਹੀਂ ਵੀ ਹੋ ਸਕਦੇ ਹਨ। ਇਹ ਕਰਾਮਾਤ ਦਾਰੂ ਦੀ ਹੈ। ਬਿਨਾਂ ਕਿਸੇ ਲੋਭ ਲਾਲਚ ਤੋਂ। ਇਸ ਲਈ ਸਾਨੂੰ ਇਹ ਮੰਨਣਾ ਹੀ ਪਵੇਗਾ ਕਿ ਦਾਰੂ ਤੇ ਦਰਦ ਦਾ ਕੋਈ ਰੂਹਾਨੀ ਰਿਸ਼ਤਾ ਹੈ, ਜਿਹੜਾ ਕਿ ਮਨੁੱਖੀ ਰਿਸ਼ਤਿਆਂ ਨਾਲੋਂ ਕਿਧਰੇ ਪੁਖਤਾ ਤੇ ਟਿਕਾਊ ਹੁੰਦਾ ਹੈ। ਇਹ ਹੈ ਦਾਸਤਾਂ ਦਰਦੀ ਬਾਲਮ ਦੀ।

ਚਿੰਤਾ ਫਿਕਰਾਂ ਹੱਥੋਂ ਸੜਦੇ
ਆ ਸਾਕੀ ਦਾ ਪੱਲਾ ਫੜਦੇ
ਮੈਖ਼ਾਨੇ ਵਿਚ ਸੱਤੇ ਖ਼ੈਰਾਂ
ਚਿੰਤਾ ਗ਼ਮ ਏਥੇ ਨਹੀਂ ਵੜਦੇ।

• •

ਦਾਰੂ ਤੇ ਦਰਿਆ ਦਿਲੀ

ਸ਼ਰਾਬ ਹਮੇਸ਼ਾ ਸਿਆਣੀਆਂ, ਸੂਝਵਾਨ, ਬਹਾਦਰ, ਸੁੰਦਰ ਅਤੇ ਖ਼ੁਸ਼ਹਾਲ ਕੌਮਾਂ ਨੇ ਪੀਤੀ ਹੈ। ਸਿਆਣੇ ਕਹਿੰਦੇ ਨੇ ਦਾਰੂ ਗਿੱਦੜਾਂ ਨੂੰ ਸ਼ੇਰ ਤੇ ਸ਼ੇਰਾਂ ਨੂੰ ਬੱਬਰ ਸ਼ੇਰ ਬਣਾ ਦਿੰਦਾ ਹੈ। ਸ਼ਾਇਦ ਤਾਹੀਉਂ ਤਾਂ ਪਿਛਲੇ ਯੁਗ ਵਿਚ ਹਾਥੀਆਂ ਨੂੰ ਮਦਰਾ ਪਿਲਾ ਕੇ ਮਸਤ ਕੀਤਾ ਜਾਂਦਾ ਸੀ। ਦਾਰੂ ਦੇ ਸਰੂਰ ਵਿਚ, ਜਿਥੇ ਉਹ ਪਹਿਲਾਂ ਪਿੱਛੇ ਨੂੰ ਭੱਜਣ ਲਈ ਤਿਆਰੀਆਂ ਬੰਨ੍ਹ ਰਹੇ ਸਨ, ਹੁਣ ਦੁਸ਼ਮਣ ਦੀਆਂ ਫ਼ੌਜਾਂ ਨੂੰ ਲਿਤਾੜਨ ਲਈ ਉਤਾਵਲੇ ਹੋ ਜਾਂਦੇ ਹਨ। ਉਨ੍ਹਾਂ ਨੂੰ ਕਾਬੂ ਹੇਠ ਰੱਖਣਾ ਕਠਿਨ ਹੋ ਜਾਂਦਾ ਸੀ। ਇਸੇ ਲਈ ਰਾਜੇ ਮਹਾਰਾਜੇ ਆਪਣੀਆਂ ਫ਼ੌਜਾਂ ਨੂੰ ਦਾਰੂ ਪਿਲਾ ਕੇ ਮੈਦਾਨੇ-ਜੰਗ ਵਿਚ ਉਤਾਰਿਆ ਕਰਦੇ ਸਨ ਤਾਂ ਕਿ ਉਨ੍ਹਾਂ ਦੇ ਜ਼ਿਹਨ 'ਚੋਂ ਦੁਸ਼ਮਣ ਦਾ ਭੈਅ ਜਾਂਦਾ ਰਹੇ। ਦਾਰੂ ਦੇ ਲੋਰ ਵਿਚ ਫ਼ੌਜੀ ਭਾਈ ਟੋਇਆਂ ਟਿੱਬਿਆਂ, ਜੰਗਲਾਂ ਤੇ ਪਰਬਤਾਂ ਨੂੰ ਪਾਰ ਕਰਦਿਆਂ ਗੁਰੇਜ਼ ਨਹੀਂ ਸਨ ਕਰਦੇ। ਜੰਗ ਕੀ ਸ਼ਾਂਤੀ ਵੇਲੇ ਵੀ, ਫ਼ੌਜਾਂ ਦਾ ਮਨੋਬਲ ਉੱਚਾ ਰੱਖਣ ਲਈ ਸਰਕਾਰਾਂ ਦਾਰੂ ਦੇ ਕੋਟੇ ਮੁੱਕਣ ਨਹੀਂ ਸਨ ਦਿੰਦੀਆਂ ਤਾਂ ਕਿ ਲੋੜ ਵੇਲੇ ਉਨ੍ਹਾਂ ਵਿਚ ਸਾਹਸ ਤੇ ਸ਼ਕਤੀ ਬਣੇ ਰਹਿਣ।

ਦਾਰੂ ਕਈ ਦਫ਼ਾ ਅਣਹੋਣੀ ਨੂੰ ਹੋਣੀ ਵਿਚ ਬਦਲ ਦਿੰਦਾ ਹੈ।ਅਸੰਭਵ ਨੂੰ ਸੰਭਵ ਬਣਾ ਦਿੰਦਾ ਹੈ। ਇਕ ਵਾਰੀ ਸ਼ਰਾਬ ਦੇ ਡਰੱਮ ਵਿਚ ਚੂਹਾ ਡਿੱਗ ਪਿਆ। ਉਹ ਸਾਰੀ ਰਾਤ ਡਰੱਮ ਵਿਚ ਹੀ ਤੈਰਦਾ ਰਿਹਾ। ਦਿਨ ਚੜ੍ਹਿਆ ਤਾਂ ਠੇਕੇਦਾਰ ਨੇ ਉਸ ਨੂੰ ਵੇਖ ਕੇ ਪੂਛੋਂ ਫੜ ਕੇ ਬਾਹਰ ਵਗਾਤਾ ਸੁੱਟਿਆ। ਉਹ ਸੜਕ ਵਿਚਕਾਰ ਡਿੱਗਾ ਤੇ ਡਿੱਗਦਿਆਂ ਸਾਰ ਹੀ ਪਿਛਲੇ ਪੈਰਾਂ 'ਤੇ ਖਲੋ ਕੇ ਠੇਕੇਦਾਰ ਨੂੰ ਕਹਿਣ ਲੱਗਾ—"ਠੇਕੇਦਾਰਾ ਲਿਆ ਤੇਰੀ ਬਿੱਲੀ ਕਿਥੇ ਆ ?" ਇਹ ਅਦੁੱਤੀ ਸ਼ਕਤੀ ਤੇ ਸਾਹਸ ਕੇਵਲ ਦਾਰੂ ਨਾਲ ਹੀ ਜਨਮਦਾ ਹੈ। ਕਬਰਾਂ ਵਿਚੋਂ ਮੁਰਦੇ ਉੱਠਣ ਲਈ ਤਤਪਰ ਹੋ ਜਾਂਦੇ ਹਨ। ਗਇਆਂ ਗੁਜ਼ਰਿਆਂ ਦੀ ਗਿਣਤੀ ਜਿਊਂਦਿਆਂ ਜਾਗਦਿਆਂ ਵਿਚ ਹੋਣੀ ਲੱਗਦੀ ਹੈ।

ਇਕ ਦੋਸਤ ਦੇ ਲੜਕੇ ਦੀ ਬਾਰਾਤ ਲੜਕੀ ਦੇ ਘਰ ਵੱਲ ਬੈਂਡ ਵਾਜਿਆਂ ਨਾਲ ਤੁਰ ਪਈ। ਬਰਾਤੀ ਦੂਹੋ-ਦੂਹ ਭੰਗੜਾ ਪਾਉਣ ਲੱਗ ਪਏ। ਸੰਗਦੇ ਸੰਗਦੇ ਕਈ ਨੱਚਣ ਟੱਪਣ ਲੱਗ ਪਏ ਤੇ ਇਕ ਦੂਜੇ ਦੇ ਦੁਆਲੇ ਆਪਣੇ ਆਪਣੇ ਅੰਦਾਜ਼ ਨਾਲ ਗੇੜੇ ਕੱਟਣ ਲੱਗੇ। ਹਾਲੇ ਥੋੜ੍ਹੀ ਦੂਰ ਹੀ ਗਏ ਸਨ ਕਿ ਬਹੁਤੇ ਜਾਣੇ ਅੱਕ ਥੱਕ ਗਏ। ਪੁੱਛਣ ਲੱਗੇ ਕਿ ਕੁੜੀ ਵਾਲਿਆਂ ਦਾ ਘਰ ਹਾਲੇ ਕਿੰਨਾ ਕੁ ਦੂਰ ਹੈ ? ਘਰ ਵਾਲਿਆਂ ਆਖਿਆ, "ਬਸ ਦੋ ਤਿੰਨ ਗਲੀਆਂ ਲੰਘ ਕੇ ਆਵੇਗਾ।" ਉਹ ਜੀ ਭਿਆਣੇ ਹੋ ਕੇ ਫਿਰ ਨੱਚਣ

ਲੱਗ ਪੈਣ ਤੇ ਫਿਰ ਦੁਲਹਨ ਦੇ ਘਰ ਦੀ ਦੂਰੀ ਬਾਰੇ ਪੁੱਛਣ। ਇਸ ਤਰ੍ਹਾਂ ਉਨ੍ਹਾਂ ਤਿੰਨ ਚਾਰ ਦਫ਼ਾ ਪੁੱਛਿਆ। ਘਰ ਵਾਲੇ ਸਮਝ ਗਏ। ਉਨ੍ਹਾਂ ਇਕ ਪਾਸੇ ਕਰਕੇ ਖ਼ਾਸ ਖ਼ਾਸ ਨੱਚਣ ਵਾਲਿਆਂ ਨੂੰ ਦਾਰੂ ਪਿਲਾਇਆ। ਬੈਂਡ ਵਾਲਿਆਂ ਦੀ ਵੀ ਤੂਤੀ ਹੌਲੀ ਵੱਜਣ ਲੱਗ ਪਈ ਸੀ। ਉਨ੍ਹਾਂ ਨੂੰ 'ਪ੍ਰਸ਼ਾਦਿ' ਦਿੱਤਾ ਗਿਆ। ਲਉ ਜੀ, ਹੁਣ ਤਾਂ ਦ੍ਰਿਸ਼ ਹੀ ਬਦਲ ਗਿਆ। ਹਾਲੇ ਲੜਕੀ ਵਾਲਿਆਂ ਦਾ ਘਰ ਦੂਰ ਸੀ ਪਰ ਹੁਣ ਕਿਸੇ ਨੇ ਵੀ ਘਰ ਵਾਲਿਆਂ ਨੂੰ ਦੁਲਹਨ ਦੇ ਘਰ ਦੀ ਦੂਰੀ ਨਹੀਂ ਪੁੱਛੀ। ਬੈਂਡ ਵਾਲੇ ਅੱਡੀਆਂ ਚੁੱਕ ਚੁੱਕ ਕੇ ਤਰਜਾਂ ਕੱਢ ਰਹੇ ਸਨ। ਪਤਾ ਹੀ ਨਾ ਲੱਗਾ ਕਦੋਂ ਕੁੜੀ ਵਾਲਿਆਂ ਦਾ ਘਰ ਆ ਗਿਆ। ਪੈਂਡੇ ਦਾ ਕੋਈ ਚਿੱਤ-ਚੇਤਾ ਹੀ ਨਾ ਰਿਹਾ। ਵੇਖਦਿਆਂ ਵੇਖਦਿਆਂ ਹੀ 'ਹਮ ਘਰ ਸਾਜਨ ਆਏ' ਹੋਣ ਲੱਗੀ।

ਪਿੰਡਾਂ ਵਿਚ ਜ਼ਮੀਨਾਂ ਜਾਇਦਾਦਾਂ ਦੇ ਅਕਸਰ ਝਗੜੇ ਹੋ ਜਾਂਦੇ ਹਨ। ਕਈ ਲੋਕ ਇਨ੍ਹਾਂ ਨੂੰ ਆਪਣੇ ਬਾਹੂ ਬਲ ਨਾਲ ਨਿਪਟਾਉਣ ਲਈ ਦਾਰੂ ਦੇ ਦਰ ਦਸਤਕ ਦਿੰਦੇ ਹਨ। ਜਿਹੜੇ ਕਬਜ਼ੇ ਲੈਣ ਵਿਚ ਪੁਲਿਸ ਵੀ ਕਈ ਵਾਰ ਝਿਜਕਦੀ ਹੈ, ਉਸ ਨੂੰ ਹਿੰਮਤੀ ਲੋਕ ਕੁਝ ਕੁ ਘੰਟਿਆਂ ਵਿਚ ਲੈ ਡਿੱਗਦੇ ਹਨ। ਲੱਸੀ ਤੇ ਮਲਾਈਆਂ ਵਾਲਾ ਦੁੱਧ ਪੀਣ ਵਾਲੇ ਮਜਨੂੰ ਅਜਿਹੇ ਸਮਿਆਂ 'ਤੇ ਪਿੱਠ ਵਿਖਾ ਜਾਂਦੇ ਹਨ। ਕਬਜ਼ਾ ਲੈਣ ਵਾਲੇ ਆਪਣੇ ਹਮਾਇਤਾਂ ਨੂੰ ਦੋ ਹਾੜੇ ਪਿਲਾ ਕੇ ਸਿਰਲੱਥ ਸ਼ੁਰੂ ਹੋਣ ਦੀ ਥਾਪਨਾ ਦਿੰਦੇ ਹਨ। 'ਚੜ੍ਹ ਜਾ ਬੱਚਾ ਸੂਲੀ ਰਾਮ ਭਲੀ ਕਰੇਗਾ।' ਜਦੋਂ ਜੱਗ ਵਿਚੋਂ ਪਾਈ ਘਰ ਦੀ ਕੱਢੀ ਦਾ ਸਰੂਰ ਆਉਣ ਲੱਗਦਾ ਹੈ ਤਾਂ ਉਹ ਬੁਲਬੁਲੀਆਂ ਮਾਰਦੇ ਆਖਦੇ ਹਨ—"ਭਾਊ ਦਸ ਖਾਂ ਕਿਥੇ ਜਾਣਾ ਈ। ਫੜ ਕੇ ਮੋਛੇ ਪਾ ਦਿਆਂਗੇ।" ਉਹ ਬੱਕਰੇ ਬੁਲਾਉਂਦੇ ਝਗੜੇ ਵਾਲੀ ਪੈਲੀ ਵੱਲ ਵਹੀਰਾਂ ਘੱਤਦੇ ਹਨ ਤੇ ਬਹੁਤੀ ਵਾਰ ਤਾਂ ਵਿਰੋਧੀ ਧਿਰ ਦੁੰਮ ਦਬਾ ਕੇ ਦੌੜ ਜਾਂਦਾ ਹੈ ਤੇ ਮੈਦਾਨ ਫਤਿਹ ਹੋ ਜਾਂਦਾ ਹੈ। ਜੇਕਰ ਇਹੀ ਕਬਜ਼ਾ ਪੁਲਿਸ ਜਾਂ ਕਾਨੂੰਨ ਰਾਹੀਂ ਲਿਆ ਜਾਂਦਾ ਹੈ ਤਾਂ ਵਰ੍ਹੇ ਲੱਗ ਜਾਣੇ ਸਨ ਤੇ ਵਕੀਲਾਂ ਤੇ ਪੁਲਿਸ ਨੇ ਪੈਲੀ ਦੇ ਮੁੱਲ ਜਿੰਨੇ ਪੈਸੇ ਪਹਿਲਾਂ ਹੀ ਖਰਚਾ ਦੇਣੇ ਸਨ। ਧੰਨ ਤੇ ਸਮੇਂ ਦੀ ਵਾਧੂ ਬਰਬਾਦੀ ਹੋਣੀ ਸੀ। ਜੇਕਰ ਅਗਲਾ ਅਦਾਲਤੋਂ ਸਟੇਅ ਲੈ ਆਵੇ ਤਾਂ ਹੋਰ ਦੋ-ਚਾਰ ਸਾਲ ਉਡੀਕਣਾ ਪੈ ਸਕਦਾ ਹੈ। ਜਿਹੜਾ ਜ਼ਿਮੀਂਦਾਰ ਸੱਚਾ ਹੋਵੇ ਤਾਂ ਉਹ ਅਕਸਰ ਇਸ ਤੁਰੰਤ ਕਾਰਵਾਈ ਦਾ ਰਸਤਾ ਫੜਨ ਦੀ ਹਿੰਮਤ ਕਰਦਾ ਹੈ। ਝੂਠ ਦੇ ਪੈਰ ਨਹੀਂ ਹੁੰਦੇ, ਇਸ ਲਈ ਉਹ ਜਬਰਦਸਤੀ ਕਾਬਜ਼ਾਂ ਨੂੰ ਅੱਗੇ ਲਾ ਤੁਰਦਾ ਹੈ।

ਸਾਡੇ ਵਾਰ੍ਹੇ ਪਾਹਰੇ ਪਿੰਡਾਂ ਵਿਚ ਜ਼ਿਮੀਂਦਾਰਾਂ ਵਾਢੀਆਂ ਦੌਰਾਨ ਆਪਸ ਵਿਚ ਮੇਲਾ ਪਾਇਆ ਕਰਦੇ ਸਨ ਤਾਂ ਕਿ ਕੰਮ ਜਲਦੀ ਨਿਬੜ ਜਾਵੇ। ਇਕੋ ਦਿਨ ਸੈਂਕੜੇ ਭਰੀਆਂ ਦੇ ਗਾਹ ਗਾਹੇ ਜਾਂਦੇ ਸਨ। ਗਰਮੀ ਨੂੰ ਦੂਰ ਕਰਨ ਤੇ ਮੇਲੀਆਂ ਨੂੰ ਖ਼ੁਸ਼ ਕਰਨ ਲਈ ਘਿਉ ਸ਼ੱਕਰ ਕੜਾਹ ਤੇ ਸੱਤੂ ਵਰਤਾਏ ਜਾਂਦੇ ਸਨ। ਐਪਰ ਜੇਕਰ ਫਿਰ ਵੀ ਗਾਹ ਭਾਰੀ ਹੋਣ ਕਰਕੇ ਅੜ ਖਲੋਵੇ ਤਾਂ ਘਰ ਵਾਲੇ ਮੇਲੀਆਂ ਨੂੰ ਦਾਰੂ ਪਿਲਾਉਂਦੇ ਤੇ ਉਹ ਫਿਰ ਦੁੜੰਗੀਆਂ ਮਾਰਦੇ ਫਲਿਆਂ ਉਪਰ ਚੜ੍ਹ ਜਾਂਦੇ ਤੇ ਭੱਜ ਨੱਸ ਕੇ ਸੂਰਜ ਡੁੱਬਣ ਤੋਂ ਪਹਿਲਾਂ ਗਾਹ ਵਾਲਾ ਕੰਮ ਫਤਹਿ ਕਰ ਲੈਂਦੇ ਸਨ। ਸੱਭੇ ਕਾਜ ਸੁਹੇਲੜੇ ਹੋ ਜਾਂਦੇ

ਸਨ। ਘਰ ਜਾ ਕੇ ਦਾਰੂ ਦੀ ਫਿਰ ਝੜੀ ਲੱਗਦੀ ਸੀ ਤੇ ਬਹੁਤੇ ਮੇਲੀ, ਮੇਲ ਪਾਉਣ ਵਾਲਿਆਂ ਦੇ ਘਰ ਹੀ ਰਾਤ ਕੱਟਦੇ ਸਨ ਅਤੇ ਸੁਰਤ ਆਉਣ 'ਤੇ ਆਪਣੇ ਘਰਾਂ ਨੂੰ ਪਰਤਦੇ ਸਨ।

ਜਦੋਂ ਨਨਕਾਣਾ ਸਾਹਿਬ ਦਾ ਮੋਰਚਾ ਲੱਗਾ ਸੀ ਤਾਂ ਦੋ ਢਾਈ ਸੌ ਸੂਰਮਿਆਂ ਦਾ ਇਕ ਜਥਾ ਭਾਈ ਲਛਮਣ ਸਿੰਘ ਧਾਰੋਵਾਲੀ ਦੀ ਕਮਾਨ ਹੇਠ ਅਰਦਾਸ ਸੋਧ ਕੇ, ਨਨਕਾਣੇ ਸਾਹਿਬ ਦੇ ਗੁਰਧਾਮ ਨੂੰ, ਮਹੰਤ ਨਰਾਇਣ ਦਾਸ ਦੇ ਵਹਿਸ਼ੀ ਪੰਜੇ ਤੋਂ ਛੁਡਾਉਣ ਲਈ, ਨਨਕਾਣਾ ਸਾਹਿਬ ਵੱਲ ਰਵਾਨਾ ਹੋਇਆ। ਬਦਮਾਸ਼ ਮਹੰਤ ਦੇ ਗੁੰਡਿਆਂ ਦਾ ਸੰਭਾਵੀ ਖ਼ਤਰਾ ਜਾਣ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਜਥੇ ਨੂੰ ਨਨਕਾਣਾ ਸਾਹਿਬ ਜਾਣ ਤੋਂ ਰੋਕਣ ਲਈ ਕੁਝ ਨੁਮਾਇੰਦੇ ਅਗਾਊਂ ਭੇਜੇ। ਜਦੋਂ ਇਨ੍ਹਾਂ ਨੁਮਾਇੰਦਿਆਂ ਦਾ ਜਥੇ ਨਾਲ ਟਾਕਰਾ ਹੋਇਆ ਤਾਂ ਜਥਾ ਨਨਕਾਣਾ ਸਾਹਿਬ ਦੇ ਨੇੜੇ ਪੁੱਜ ਚੁੱਕਾ ਸੀ। ਸ਼੍ਰੋਮਣੀ ਕਮੇਟੀ ਦਾ ਫੁਰਮਾਨ ਸੁਣ ਕੇ ਜਥੇਦਾਰ ਨੇ ਬਾਕੀਆਂ ਨਾਲ ਸਲਾਹ ਮਸ਼ਵਰਾ ਸ਼ੁਰੂ ਕਰ ਦਿੱਤਾ। ਜੱਥੇ ਵਿਚ ਢਹਿੰਦੀਆਂ ਕਲਾਂ ਦੀਆਂ ਗੱਲਾਂ ਬਾਤਾਂ ਸ਼ੁਰੂ ਹੋ ਗਈਆਂ। ਉਸੇ ਵਕਤ ਇਸ ਜਥੇ ਦੇ ਮੀਤ ਪ੍ਰਧਾਨ ਜਥੇਦਾਰ ਟਹਿਲ ਸਿੰਘ ਨਿਜ਼ਾਮਪੁਰੀ ਨੇ ਹਿੰਮਤ ਵਿਖਾਈ। ਉਹ ਛਾਲ ਮਾਰ ਕੇ ਜਥੇ ਦੇ ਸਾਹਮਣੇ ਜਾ ਖਲੋਤਾ। ਉਸ ਨੇ ਕਾਹਲੀ ਨਾਲ ਆਪਣੀ ਖੂੰਡੀ ਨਾਲ ਜਥੇ ਦੇ ਅੱਗੇ ਇਕ ਲਕੀਰ ਵਾਹ ਕੇ ਆਖਿਆ—"ਭਰਾਉ ਆਪਾਂ ਪਿੰਡੋਂ ਅਰਦਾਸਾ ਸੋਧ ਕੇ ਤੁਰੇ ਹਾਂ! ਅਸੀਂ ਵਾਪਸ ਨਹੀਂ ਜਾਵਾਂਗੇ। ਜਿਹੜਾ ਪਿਉ ਦਾ ਪੁੱਤਰ ਏ ਉਹ ਲਕੀਰ ਪਾਰ ਕਰ ਕੇ ਮੇਰੇ ਪਾਸ ਆ ਜਾਵੇ।" ਇਸ ਦਾ ਤਲਿਸਮੀ ਅਸਰ ਹੋਇਆ। ਪਿਉ ਵਾਲਾ ਹੋ ਕੇ ਕੋਈ 'ਹਰਾਮਦਾ' ਕਹਾਉਣਾ ਨਹੀਂ ਸੀ ਚਾਹੁੰਦਾ। ਸਾਰੇ ਜੈਕਾਰੇ ਬੁਲਾਉਂਦੇ ਨਨਕਾਣੇ ਵੱਲ ਵਹਿ ਤੁਰੇ। ਅੱਗੇ ਜੋ ਕੁਝ ਵਾਪਰਿਆ, ਇਤਿਹਾਸ ਭਲੀਭਾਂਤ ਜਾਣੂ ਹੈ। ਗੁਰਧਾਮਾਂ ਨੂੰ ਪਾਕ ਕਰਾਉਣ ਦੀ ਇਹ ਤਾਂ ਸ਼ੁਭ ਬੋਹਣੀ ਹੋਈ ਸੀ। ਬਾਅਦ ਵਿਚ ਸਿੱਖਾਂ ਨੇ ਸਾਰੇ ਇਤਿਹਾਸਕ ਗੁਰਧਾਮ ਭ੍ਰਿਸ਼ਟ ਮਹੰਤਾਂ ਤੋਂ ਆਜ਼ਾਦ ਕਰਵਾ ਲਏ ਸਨ।

ਜਦੋਂ ਇਟਲੀ ਵਿਚ ਨਪੋਲੀਅਨ ਬੋਨਾਪਾਰਟ ਐਲਪਸ ਪਰਬਤ ਪਾਰ ਕਰਕੇ ਆਸਟ੍ਰੀਆ ਉਪਰ ਹਮਲਾ ਕਰਨਾ ਚਾਹੁੰਦਾ ਸੀ ਤਾਂ ਉਸਦੀ ਸੈਨਾ ਨੇ ਇਸ ਪਰਬਤ ਦੀ ਉਚਾਈ ਤੇ ਬਰਫ਼ ਨੂੰ ਵੇਖ ਕੇ ਅੱਗੇ ਜਾਣ ਤੋਂ ਨਾਂਹ ਕਰ ਦਿੱਤੀ। ਜਰਨੈਲ ਵੀ ਫ਼ੌਜ ਨੂੰ ਅੱਗੇ ਲਿਜਾਣ ਤੋਂ ਅਸਮਰਥ ਰਹੇ। ਜਦੋਂ ਨਪੋਲੀਅਨ ਨੂੰ ਇਸ ਦਾ ਪਤਾ ਲੱਗਾ ਤਾਂ ਉਹ ਉਸ ਵਕਤ ਆਪਣੇ ਕੈਂਪ ਵਿਚ ਦਾਰੂ ਪੀ ਰਿਹਾ ਸੀ। ਸੁਣਦਿਆਂ ਸਾਰ ਉਹ ਘੋੜੇ 'ਤੇ ਸਵਾਰ ਹੋ ਕੇ ਕੈਂਪ ਤੋਂ ਬਾਹਰ ਨਿਕਲਿਆ ਤੇ ਫ਼ੌਜਾਂ ਦੇ ਮੁਹਰੇ ਹੋ ਕੇ ਐਲਪਸ ਵੱਲ ਵਧਣ ਲੱਗਾ। ਉਹ ਦਗੜ ਦਗੜ ਕਰਕੇ ਐਲਪਸ ਉਪਰ ਚੜ੍ਹ ਗਿਆ ਤੇ ਸਾਰੀ ਫ਼ੌਜ 'ਸ਼ਹਿਨਸ਼ਾਹ ਜ਼ਿੰਦਾਬਾਦ' ਦੇ ਨਾਹਰੇ ਲਾਉਂਦੀ ਉਸਦੇ ਮਗਰ ਮਗਰ ਪਰਬਤ ਪਾਰ ਕਰ ਗਈ। ਦਾਰੂ ਯੋਧਿਆਂ ਵਿਚ ਅਜਿਹੀ ਸ਼ਕਤੀ ਭਰਦੀ ਹੈ ਕਿ ਉਹ ਪਹਾੜਾਂ ਨਾਲ ਮੱਥਾ ਲਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ।

ਬਾਬਰ ਦੀ ਵੀਰਤਾ ਦਾ ਵੀ ਇਹੋ ਰਾਜ਼ ਸੀ। ਉਹ ਦਾਰੂ ਪਾਣੀ ਦਾ ਬੇਹੱਦ ਸ਼ੌਕੀਨ

ਸੀ।ਉਹ ਆਪਣੇ ਬਾਹੂ ਬਲ ਨਾਲ ਮਕਦੂਨੀਆਂ ਦੀ ਰਿਆਸਤ ਤੋਂ ਕੂਚ ਕਰਦਾ ਹੋਇਆ ਕਈਆਂ ਰਿਆਸਤਾਂ ਨੂੰ ਫ਼ਤਹਿ ਕਰਦਾ ਕਾਬਲ ਪਹੁੰਚਿਆ। ਉਸ ਨੇ ਭਾਰਤ ਉਪਰ ਹਮਲੇ ਸ਼ੁਰੂ ਕਰ ਦਿੱਤੇ। ਉਸ ਨੇ ਆਪਣੇ ਬਾਰਾਂ ਹਜ਼ਾਰ ਘੋੜ ਸਵਾਰਾਂ ਨਾਲ ਇਬਰਾਹੀਮ ਲੋਧੀ ਦੀ ਲੱਖ ਤੋਂ ਵੱਧ ਫ਼ੌਜ ਨੂੰ ਪੈਰਾਂ ਹੇਠ ਲਿਤਾੜਿਆ ਤੇ ਦਿੱਲੀ ਉਪਰ ਕਬਜ਼ਾ ਕੀਤਾ। ਰਾਣਾ ਸਾਂਘਾ ਵਿਰੁੱਧ ਲੜਾਈ ਵੇਲੇ ਉਸ ਨੇ ਦਾਰੂ ਤੋਂ ਤੋਬਾ ਕੀਤੀ। ਉਹ ਜਿੱਤ ਤਾਂ ਗਿਆ ਪਰ ਬਾਅਦ ਵਿਚ ਉਸ ਨੇ ਆਪਣੇ ਰਾਜ ਨੂੰ ਉਤਰੀ ਭਾਰਤ ਤਕ ਹੀ ਸੀਮਤ ਕਰ ਦਿੱਤਾ। ਬਹੁਤੀ ਦਾਰੂ ਪੀਣ ਕਾਰਨ ਉਸ ਵਿਚ ਕਮਜ਼ੋਰੀਆਂ ਆ ਰਹੀਆਂ ਸਨ। ਉਹ ਵੇਲੇ ਸਿਰ ਸੰਭਲ ਗਿਆ। ਗ਼ਲਤ ਦਾਰੂ ਸ਼ੇਰਾਂ ਨੂੰ ਗਿੱਦੜ ਬਣਾ ਸਕਦੀ ਹੈ ਪਰ ਸਹੀ ਤੇ ਸਮੇਂ ਸਿਰ ਪੀਤੀ ਦਾਰੂ ਗਿੱਦੜਾਂ ਨੂੰ ਸ਼ੇਰ ਤੇ ਸ਼ੇਰਾਂ ਨੂੰ ਬੱਬਰ ਸ਼ੇਰ ਬਣਾਉਣ ਦੀ ਸਮਰੱਥਾ ਰੱਖਦੀ ਹੈ।

ਮੁਸੀਬਤ ਵੇਲੇ ਗ਼ਮਗੀਨ ਹੋ ਕੇ ਗੋਡੇ ਟੇਕ ਦੇਣੇ ਵਰਿਆਮਾਂ ਦਾ ਕੰਮ ਨਹੀਂ। ਜੀਵਨ ਸੰਗਰਾਮ ਦੀਆਂ ਹਕੀਕਤਾਂ ਤੇ ਤਲਖ਼ੀਆਂ ਦਾ ਮੁਕਾਬਲਾ ਕਰਦਾ ਹੋਇਆ ਕੋਈ ਯੋਧਾ ਜਦੋਂ ਢੇਰੀ ਢਾਹ ਬੈਠਦਾ ਹੈ ਤਾਂ ਦਾਰੂ ਦਾ ਘੁੱਟ ਉਸ ਵਿਚ ਦੋਬਾਰਾ ਰੂਹ ਫੂਕ ਦਿੰਦਾ ਹੈ। ਉਹ ਆਦਮੀ ਦਾਰੂ ਪੀਣ ਬਾਅਦ ਇਕ ਵਾਰ ਫੇਰ ਕਾਇਮ ਹੋ ਜਾਂਦਾ ਹੈ ਤੇ ਚੂਹੇ ਵਾਂਗ ਬਿੱਲੀ ਨੂੰ ਲਲਕਾਰਨ ਲੱਗਦਾ ਹੈ। ਇਹ ਕਰਾਮਾਤ ਦਾਰੂ ਨਾਲ ਹੀ ਵਰਤ ਸਕਦੀ ਹੈ। ਇਹ ਇਕ ਇਤਿਹਾਸਕ ਸੱਚਾਈ ਹੈ ਕਿ ਦਾਰੂ ਹਮੇਸ਼ਾ ਸਿਆਣੀਆਂ ਤੇ ਬਹਾਦਰ ਕੌਮਾਂ ਨੇ ਹੀ ਪੀਤੀ ਹੈ ਤੇ ਪੀ ਰਹੇ ਹਨ।

• •

ਦਾਰੂ ਤੇ ਸ਼ਾਹੀ ਦਰਬਾਰ

ਸਾਡਾ ਲੋਕਰਾਜ ਤਾਂ ਸੌਂਹ ਗੁਰੂ ਦੀ ਚਲਦਾ ਹੀ ਦਾਰੂ ਦੇ ਸਿਰ 'ਤੇ ਹੈ। ਇਸ ਲੋਕ ਰਾਜ ਨੂੰ ਜੇਕਰ ਦਾਰੂ ਰਾਜ ਵੀ ਕਿਹਾ ਜਾਵੇ ਤਾਂ ਕੋਈ ਕੁਫ਼ਰ ਤੋਲਣ ਵਾਲੀ ਗੱਲ ਨਹੀਂ ਹੋਵੇਗੀ। ਚੋਣਾਂ ਪੰਚਾਇਤੀ ਹੋਣ ਜਾਂ ਪਾਰਲੀਮੈਂਟ ਦੀਆਂ, ਰਾਜਾਂ ਨਿਗਮਾਂ ਦੀਆਂ ਹੋਣ ਜਾਂ ਕਿਸੇ ਸਭਾ ਸੁਸਾਇਟੀ ਦੀਆਂ, ਦਾਰੂ ਦੇ ਪ੍ਰਨਾਲੇ ਵਗਣ ਲੱਗਦੇ ਹਨ। ਜਿੰਨੀ ਦਾਰੂ ਕੋਈ ਵੱਧ ਜਾਂ ਵਧੀਆ ਪਿਲਾ ਸਕਦਾ ਹੈ, ਉਹੀ ਗੱਦੀ ਉੱਤੇ ਕਾਬਜ਼ ਹੋ ਸਕਦਾ ਹੈ। ਜੇਕਰ ਤੁਸੀਂ ਧਰਮ ਜਾਂ ਸਦਾਚਾਰ ਦੇ ਪ੍ਰਭਾਵ ਹੇਠ ਕੁਝ ਨਹੀਂ ਕਰਦੇ ਤੇ ਸੁੱਕੀ ਨੇਕ ਚਲਣੀ ਦਾ ਭਾਸ਼ਣ ਹੀ ਦੇਣ ਤਕ ਸੀਮਤ ਹੋ ਜਾਂਦੇ ਹੋ ਤਾਂ ਤੁਹਾਡਾ ਪ੍ਰਧਾਨ ਮੰਤਰੀ ਸ. ਮਨਮੋਹਨ ਸਿੰਘ ਵਰਗਾ ਹੀ ਹਸ਼ਰ ਹੋਵੇਗਾ। ਜੇਕਰ ਤੁਹਾਡੀ ਜਮਾਨਤ ਜ਼ਬਤ ਹੋਣੋਂ ਬਚ ਜਾਵੇ ਤਾਂ ਗਨੀਮਤ ਸਮਝੋ।

ਇਸ ਭੁੱਖੇ ਨੰਗੇ ਦੇਸ਼ ਵਿਚ ਦਾਰੂ ਨੂੰ ਹੀ ਲੋਕੀ ਅੰਮ੍ਰਿਤ ਸਮਝਦੇ ਹਨ। ਉਨ੍ਹਾਂ ਦੀ ਤੁੱਛ ਬੁੱਧੀ ਅੰਮ੍ਰਿਤ ਦੇ ਅੰਤਰੀਵ ਭਾਵ ਸਮਝਣ ਤੋਂ ਅਸਮਰੱਥ ਹੈ। ਉਨ੍ਹਾਂ ਲਈ ਕਿਸੇ ਉਮੀਦਵਾਰ ਦੀਆਂ ਡਿਗਰੀਆਂ, ਪ੍ਰਾਪਤੀਆਂ, ਸੂਝ ਸਮਝ, ਕਾਬਲੀਅਤ ਅਤੇ ਨਿੱਜੀ ਕਿਰਦਾਰ ਦੀ ਧੇਲਾ ਵੀ ਕਦਰ ਨਹੀਂ। ਜਿਹੜਾ ਵੱਧ ਤੋਂ ਵੱਧ ਬੋਤਲਾਂ ਦੇ ਢੱਕਣ ਖੋਲ੍ਹ ਸਕਦਾ ਹੈ, ਉਸ ਨੂੰ ਇਥੋਂ ਦੀ ਕੁਰਬਲ ਕੁਰਬਲ ਕਰਦੀ ਆਬਾਦੀ, ਹਾਰਾਂ ਨਾਲ ਲੱਦ ਕੇ ਸਿੰਘਾਸਨ 'ਤੇ ਬਿਠਾ ਦੇਂਦੀ ਹੈ। ਸੱਚੇ ਸੁੱਚੇ ਤੇ ਦੁੱਧ ਨਹਾਤੇ ਨੇਤਾਵਾਂ ਦੀ ਉਨ੍ਹਾਂ ਦੇ ਕੰਗਾਲ ਤੇ ਕਠੋਰ ਹਿਰਦਿਆਂ ਵਿਚ ਕੋਈ ਕਦਰ ਨਹੀਂ ਹੁੰਦੀ। ਲੁੱਚੇ ਲੰਡੇ ਤੇ ਕਾਤਲਾਂ ਨਾਲ ਕਾਨੂੰਨ ਵੀ ਨਰਮੀ ਨਾਲ ਪੇਸ਼ ਆਉਂਦਾ ਹੈ। ਉਨ੍ਹਾਂ ਨੂੰ ਪਨਾਹ ਦਿੰਦਾ ਹੈ ਤੇ ਹੱਲਾਸ਼ੇਰੀ ਦੇਂਦਾ ਹੋਇਆ, ਚਰਨੀਂ ਪੈਣ ਤਕ ਜਾਂਦਾ ਹੈ। ਅਜਿਹੇ ਲੋਕ ਪੈਸੇ ਤੇ ਦਾਰੂ ਦੇ ਧੱਕੇ ਧੋੜਿਆਂ ਤੇ ਧੌਂਸ ਨਾਲ ਹੀ ਲੋਕ ਤੇ ਵਿਧਾਨ ਸਭਾਵਾਂ ਤਕ ਤਸ਼ਰੀਫ ਲੈ ਜਾਂਦੇ ਹਨ।

ਜਦੋਂ ਸਰਕਾਰ ਦਾ ਗਠਨ ਹੋ ਜਾਂਦਾ ਹੈ, ਉਸ ਨੂੰ ਚੱਲਦਾ ਰੱਖਣ ਵਾਸਤੇ ਦਾਰੂ ਦੇ ਸਹਿਯੋਗ ਦੀ ਡਾਹਢੀ ਲੋੜ ਹੁੰਦੀ ਹੈ। ਸਰਕਾਰਾਂ ਕੋਈ ਉਦਯੋਗ, ਤਜਾਰਤੀ ਅਦਾਰਾ ਜਾਂ ਸ਼ਿਲਪੀ ਕੇਂਦਰ ਖੋਲ੍ਹਣ ਦੀ ਜਗ੍ਹਾ ਸ਼ਰਾਬ ਦੀਆਂ ਫ਼ੈਕਟਰੀਆਂ ਦਾ ਜਾਲ ਵਿਛਾ ਦੇਂਦੀ ਹੈ। ਕਿਸਾਨ ਨਾਲੇ ਗੰਨਾ ਬੀਜਣ, ਵਪਾਰੀ ਚੀਨੀ ਬਣਾਉਣ ਤੇ ਰਹਿੰਦ ਖੂੰਹਦ ਨਾਲ ਦਾਰੂ ਦੀਆਂ ਫੈਟਕਰੀਆਂ ਚਲਾਉਣਾ ਉਦਯੋਗੀ ਅਦਾਰੇ ਦਸ ਰੁਪਏ ਦੀ ਬੋਤਲ ਬਣਾ ਕੇ, ਦਾਰੂ ਦੀ ਉਹੀ ਬੋਤਲ ਸੈਂਕੜੇ ਰੁਪਿਆਂ ਦੀ ਫਰੋਖ਼ਤ ਕਰਦੇ ਹਨ। ਇਸ ਨਾਲੋਂ ਸਾਫ ਸੁਥਰਾ ਤੇ ਸਸਤਾ ਸੌਦਾ ਹੋਰ ਕੀ ਹੋ ਸਕਦਾ ਹੈ ? ਅਰਬਾਂ ਰੁਪੈ ਜੋ ਦਾਰੂ ਕਰ ਦੇ

ਸਰਕਾਰੀ ਖ਼ਜ਼ਾਨਿਆਂ ਵਿਚ ਇਕੱਤਰ ਹੁੰਦੇ ਹਨ, ਉਨ੍ਹਾਂ ਨਾਲ ਲੋਕ ਭਲਾਈ ਦੇ ਕਾਰਜ ਰਾਸ ਆਉਂਦੇ ਹਨ। ਏਨੀ ਕਮਾਈ ਕਿਸੇ ਵੀ ਹੋਰ ਅਦਾਰੇ ਤੋਂ ਇਕੱਤਰ ਨਹੀਂ ਹੁੰਦੀ।

ਦਾਰੂ ਦਾ ਧੰਦਾ ਲੋਕਾਂ ਦੇ ਚੋਣਵੇਂ ਬੰਦਿਆਂ ਦੇ ਹੱਥ ਹੁੰਦਾ ਹੈ। ਉਹ ਲੋਕ ਏਕਾ ਕਰਕੇ ਸਾਰੇ ਠੇਕੇ ਹਥਿਆ ਲੈਂਦੇ ਹਨ। ਇਹ ਕੰਮ ਰਾਜਸੀ ਨੇਤਾਵਾਂ ਦੀ ਮਿਲੀਭੁਗਤ ਨਾਲ ਅੰਜ਼ਾਮ ਹੁੰਦਾ ਹੈ। ਇਹੀ ਸਿਆਸੀ ਲੋਕ ਆਮ ਚੋਣਾ ਵੇਲੇ ਲੋਕਾਂ ਨੂੰ ਦਾਰੂ ਵਿਚ ਡੋਬਣ ਲਈ, ਇਨ੍ਹਾਂ ਹੀ ਠੇਕੇਦਾਰਾਂ ਕੋਲੋਂ ਚੋਣ ਫੰਡ ਲੈਂਦੇ ਹਨ। ਇਹ ਰਕਮ ਕਰੋੜਾਂ ਅਰਬਾਂ ਰੁਪਏਆਂ ਵਿਚ ਹੁੰਦੀ ਹੈ। ਸਿਆਸੀ ਲੋਕ ਇਨ੍ਹਾਂ ਚਹੇਤੇ ਠੇਕੇਦਾਰਾਂ ਨੂੰ ਦਾਰੂ ਕਿਸੇ ਵੀ ਭਾਅ ਵੇਚਣ ਦੀ ਖੁੱਲ੍ਹ ਦੇ ਦੇਂਦੇ ਹਨ। ਉਹ ਲੋਕ ਮੂੰਹ-ਮੰਗੇ ਦਾਮ ਲਾ ਕੇ ਲੋਕਾਂ ਦੀ ਪੂਰੀ ਛਿੱਲ ਲਾਹੁੰਦੇ ਹਨ। ਇਹੀ ਲੋਕ ਦਫ਼ਤਰਾਂ ਵਿਚ ਬੈਠੇ ਲੋਕ ਰਾਜ ਦੀਆਂ ਸੂਈਆਂ ਘੁਮਾਉਂਦੇ ਹਨ। ਹਰੇਕ ਸ਼ਰਾਬ ਸਮਰਾਟ ਦੀ ਮੁੱਠੀ ਜਾਂ ਜੇਬ ਵਿਚ ਲੋਕ ਜਾਂ ਵਿਧਾਨ ਸਭਾਵਾਂ ਦੇ ਮੈਂਬਰ ਹੁੰਦੇ ਹਨ। ਇਹੀ ਲੋਕ ਸਰਕਾਰਾਂ ਨੂੰ ਬਚਾਉਣ ਤੇ ਹਟਾਉਣ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਮੈਂਬਰਾਂ ਦੀ ਸਿਆਸੀ ਭੰਨ ਤੋੜ ਜੋੜ ਮਰੋੜ ਵੇਲੇ, ਅਜਿਹੇ ਆਦਮੀ ਥੈਲੀਆਂ ਲੈ ਕੇ ਨੇਤਾਵਾਂ ਨਾਲ ਘੁੰਮਦੇ ਵਿਖਾਈ ਦੇਂਦੇ ਹਨ।

ਲੋਕ ਰਾਜ ਦੀਆਂ, ਸਾਡੇ ਨੇਤਾਵਾਂ ਵਾਂਗ ਗਰੀਬ ਲੋਕਾਂ ਨੂੰ ਵੀ ਮੌਜਾਂ ਹਨ। ਦੋਵੇਂ ਮੌਜਾਂ ਕਰਦੇ ਹਨ। ਰਾਜੇ ਤੇ ਰੰਕ ਵੀ। ਜੇਕਰ ਉਹ ਲੋਕ ਗਰੀਬ ਹੋਣ ਦੇ ਨਾਤੇ ਵਿਸਕੀਆਂ ਨਹੀਂ ਲੈ ਸਕਦੇ ਤਾਂ ਉਨ੍ਹਾਂ ਨੂੰ ਘਰਾਂ ਵਿਚ ਹੀ ਭੱਠੀ ਲਾਉਣ ਤੇ ਮੈਖ਼ਾਨੇ ਸਜਾਉਣ ਦੀ ਪੂਰੀ ਖੁੱਲ੍ਹ ਡੁੱਲ੍ਹ ਦਿੱਤੀ ਜਾਂਦੀ ਹੈ। ਆਪ ਕੱਢੋ ਤੇ ਪੀਓ ਤੇ ਲੋਕਾਂ ਨੂੰ ਪਿਲਾਓ। ਇਹੀ ਤਾਂ 'ਲੋਕ ਰਾਜ' ਹੈ। ਲੋਕਾਂ ਨੂੰ ਪਿਲਾਓ, ਛਕਾਓ ਤੇ ਘੁੰਮਾਓ, ਇਹੀ ਤਾਂ ਭਰਾਓ ਲੋਕਰਾਜ ਹੈ। ਪੇਂਡੂ ਚੋਣਾਂ ਦੇ ਦਿਨਾਂ ਵਿਚ ਭਾਵੇਂ ਪੰਚਾਇਤੀ, ਬਲਾਕ ਸੰਮਤੀ ਜਾਂ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਵੇਲੇ ਲੋਕਾਂ ਨੂੰ ਮਹੀਨਿਆਂ ਬੱਧੀ ਕੱਢਣ ਤੇ ਵੇਚਣ ਦੀ ਅਣ-ਐਲਾਨੀ ਆਗਿਆ ਦਿੱਤੀ ਜਾਂਦੀ ਹੈ।

ਪੀਣ ਵਾਲੇ ਵੋਟਰ ਜਦੋਂ ਪੀ ਪੀ ਕੇ ਮਦਹੋਸ਼ ਹੋ ਜਾਂਦੇ ਹਨ ਤਾਂ ਉਨ੍ਹਾਂ ਦੇ ਵੋਟ ਦਬੋਚ ਕੇ ਜ਼ਰਾਇਮ ਪੇਸ਼ਾ ਕਿਸਮ ਦੇ ਚਾਲੂ ਜਿਹੇ ਪੇਸ਼ਾਵਰ ਲੋਕ, ਪੰਚ ਤੇ ਸਰਪੰਚ ਬਣ ਬੈਠਦੇ ਹਨ। ਇਹੀ ਲੋਕ ਇਲਾਕੇ ਦੇ ਠਾਣੇਦਾਰਾਂ ਤੇ ਵਿਧਾਨਕਾਰਾਂ ਨਾਲ ਰਲ ਮਿਲ ਕੇ ਬੰਬੀਆਂ ਤੇ ਹਵੇਲੀਆਂ ਵਿਚ ਸ਼ਰਾਬ ਦੇ ਡਰੱਮ ਚਾੜ੍ਹੀ ਰੱਖਦੇ ਹਨ। ਸਾਰਾ ਪੰਜਾਬ ਡਰੰਮਾਂ ਵਿਚ ਉਬਲ ਰਿਹਾ ਹੈ। 'ਘਰ ਦਾ ਕਮਾਦ ਹੋਵੇ, ਘਰ ਦੀ ਹੀ ਸ਼ਰਾਬ ਹੋਵੇ, ਖੁੱਲ੍ਹ ਬੇਹਿਸਾਬ ਹੋਵੇ, ਪੀਂਦਾ ਜਨਾਬ ਹੋਵੇ ਤੇ ਆਪਣਾ ਹੀ ਪੰਜਾਬ ਹੋਵੇ'। ਕਿਉਂ ਨਾ ਉਡਾਈਏ ਧੂੜਾਂ ਤੇ ਚੱਕ ਦੇਈਏ ਫੱਟੇ।

ਸਾਡੇ ਦੇਸ਼ ਦੇ ਲੋਕ ਅਨਪੜ੍ਹ ਹਨ। ਪੜ੍ਹਿਆਂ ਲਿਖਿਆਂ ਵਿਚੋਂ ਵੀ ਅੱਧੋਂ ਵੱਧ ਨੀਮ ਅਨਪੜ੍ਹ ਹਨ ਤੇ ਪੜ੍ਹਾਈ ਦੀ ਸਹੀ ਅਹਿਮੀਅਤ ਨਹੀਂ ਜਾਣਦੇ। ਜੇਕਰ ਉਹ ਸਹੀ ਢੰਗ ਨਾਲ ਪੜ੍ਹ ਲਿਖ ਜਾਣ ਤਾਂ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਸਕਦੀ ਹੈ। ਕਈਆਂ ਨੇ ਤਾਂ ਨਕਲਾਂ ਮਾਰ ਕੇ ਧੱਕੇ ਨਾਲ ਡਿਗਰੀਆਂ ਹਥਿਆਈਆਂ ਹਨ। ਇਨ੍ਹਾਂ ਲੋਕਾਂ ਕੋਲੋਂ ਵੋਟ ਖਰੀਦਣ ਲਈ ਸਾਡੇ ਹਾਕਮਾਂ ਦੀ ਦਾਰੂ ਬਾਂਹ ਫੜਦਾ ਹੈ। ਚੋਣਾਂ ਵੇਲੇ ਲੋਕਾਂ ਨੂੰ

ਸਸਤੀ ਤੇ ਮੁਫ਼ਤ ਸ਼ਰਾਬ ਪਿਲਾ ਕੇ ਕਮਲੇ ਰਮਲੇ ਤੇ ਯਮਲੇ ਬਣਾਇਆ ਜਾਂਦਾ ਹੈ। ਇਸ ਸੂਰਤੇ ਹਾਲ ਵਿਚ ਉਨ੍ਹਾਂ ਕੋਲੋਂ ਭਾਵੇਂ ਹੱਥ ਨਾਲ ਮੋਹਰ ਲਗਵਾ ਲਓ, ਭਾਵੇਂ ਪੈਰ ਨਾਲ। ਮਸ਼ੀਨਾਂ ਦੇ ਬਟਨ ਨੱਪਣ ਦੀ ਉਨ੍ਹਾਂ ਕੋਲ ਹੋਸ਼ ਨਹੀਂ ਹੁੰਦੀ। ਕੌਣ ਸਾਲਾ ਪੁੱਛਦਾ ਹੈ ? ਦਾਰੂ ਤੋਂ ਬਿਨਾਂ ਇਸ ਕਾਰਜ ਨੂੰ ਕੋਈ ਸੰਪੂਰਨ ਵੀ ਨਹੀਂ ਕਰ ਸਕਦਾ। ਇਨ੍ਹਾਂ ਨਸ਼ੱਈਆਂ ਨੂੰ ਦਾਰੂ ਵਿਚੋਂ ਹੀ ਇੰਦਰਾ ਤੇ ਸੋਨੀਆ ਗਾਂਧੀ ਨਜ਼ਰ ਆਉਂਦੀ ਹੈ।

ਸਾਡੀਆਂ ਲੋਕ ਭਲਾਈ ਯੁਕਤ ਸਰਕਾਰਾਂ ਨਸ਼ਾ ਮੁਕਤ ਭਾਰਤ ਦਾ ਦਾਅਵਾ ਕਰਦੀਆਂ ਹਨ। ਨਸ਼ਾ ਰਹਿਤ ਵੋਟਾਂ ਪਾਉਣ ਦੇ ਦਾਅਵੇ ਠੋਕੇ ਜਾਂਦੇ ਹਨ। ਪਰ ਇਹ ਕਹਿਣ ਲਿਖਣ ਦੀਆਂ ਹੀ ਫੋਕੀਆਂ ਟਾਹਰਾਂ ਹਨ। ਇਨ੍ਹਾਂ ਦਾ ਜ਼ਮੀਨੀ ਹਕੀਕਤਾਂ ਨਾਲ ਕੋਈ ਤਾਲਮੇਲ ਨਹੀਂ ਬੈਠਦਾ। ਸਾਡਾ ਸਮਾਜ ਨਸ਼ਿਆਂ ਦੀ ਦਲਦਲ ਵਿਚੋਂ ਉਭਰਨ ਦੀ ਕੋਸ਼ਿਸ਼ ਕਰਦਾ ਹੈ। ਜਿਉਂ ਜਿਉਂ ਉਭਰਨ ਦੀ ਕੋਸ਼ਿਸ਼ ਕਰਦਾ ਹੈ, ਤਿਉਂ ਤਿਉਂ ਉਹ ਇਸ ਵਿਚ ਧੱਸਦਾ ਤੇ ਗਰਕਦਾ ਜਾ ਰਿਹਾ ਹੈ। ਕੋਈ ਵੀ ਢਿੱਡੋਂ ਲੋਕਾਂ ਦੀ ਭਲਾਈ ਕਰਨ ਦਾ ਇਛੁੱਕ ਨਹੀਂ ਹੈ। ਸਭ ਆਪਣੇ ਆਪਣੇ ਉੱਲੂ ਸਿੱਧੇ ਕਰਨ ਵਿਚ ਵਿਅਸਤ ਹਨ। ਲੋਕਾਂ ਦੀ ਭਲਾਈ ਜਾਵੇ ਢੱਠੇ ਖੂਹ ਵਿਚ। ਇਹੀ ਨੇਤਾ ਚੋਣਾਂ ਦੌਰਾਨ ਦਾਰੂ ਦੇ ਟਰੱਕ ਲੱਦ ਕੇ ਵੋਟਰਾਂ ਦੇ ਘਰੀਂ ਪੁਚਾਉਂਦੇ ਹਨ। ਉਨ੍ਹਾਂ ਦੀ ਇਹ ਦਿਲੀ ਇੱਛਾ ਹੁੰਦੀ ਹੈ ਕਿ ਕੋਈ ਵੀ ਵਿਚਾਰਾ ਇਸ ਪ੍ਰਸ਼ਾਦ ਤੋਂ ਵਾਂਝਿਆ ਨਾ ਰਹੇ। ਨਦੀ ਨਾਮ ਸੰਜੋਗੀ ਮੇਲੇ। ਪੰਜ ਸਾਲ ਬਾਅਦ ਫਿਰ ਕਿਧਰੇ ਇਨ੍ਹਾਂ ਦਾਦੂ ਪੰਥੀਆਂ ਨੇ ਲੋਕਾਂ ਦੇ ਦਰਬਾਰ ਵਿਚ ਪੇਸ਼ ਹੋਣਾ ਹੁੰਦਾ ਹੈ।

ਸਿਆਸੀ ਬੰਦੇ ਲੋਕ ਭਲਾਈ ਨਹੀਂ ਕੇਵਲ ਜੋੜ ਤੋੜ ਮਰੋੜ ਦੀ ਰਾਜਨੀਤੀ ਕਰਦੇ ਹਨ। ਕਿਸੇ ਦਾ ਵੀ ਸਿਆਸੀ ਭਵਿੱਖ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਹੁੰਦਾ। ਸਿਆਸਤ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ ਦਾ, ਹੱਸਦਿਆਂ ਰਾਤ ਲੰਘੀ, ਪਤਾ ਨਹੀਂ ਸਵੇਰ ਦਾ। ਇਸ ਬੇਕਰਾਰੀ ਤੇ ਅਨਿਸ਼ਚਤਤਾ ਦੇ ਆਲਮ ਵਿਚ ਉਹ ਦਾਰੂ ਦੀ ਸੱਜੀ ਬਾਂਹ ਫੜਦੇ ਹਨ ਅਤੇ ਓਨਾ ਚਿਰ ਫੜੀ ਰੱਖਦੇ ਹਨ ਜਿੰਨਾ ਚਿਰ ਨੀਂਦਰ ਉਨ੍ਹਾਂ ਨੂੰ ਆਪਣੀਆਂ ਬਾਹਾਂ ਵਿਚ ਲਪੇਟ ਨਹੀਂ ਲੈਂਦੀ। ਇਸ ਤਰ੍ਹਾਂ ਅਕਸਰ ਹਰ ਰੋਜ਼ ਹੁੰਦਾ ਹੈ। ਆਪੇ ਹੀ ਅੰਦਾਜ਼ੇ ਲਗਾ ਲਓ ਕਿ ਦਾਰੂ ਤੇ ਸਰਕਾਰਾਂ ਦੇ ਪੇਚੇ ਕਿੰਨੇ ਪੀਡੇ ਹੁੰਦੇ ਹਨ।

ਜਦੋਂ ਵੀ ਸਿਆਸੀ ਬੰਦੇ ਕੋਈ ਸਿਆਸੀ ਮਸਲਾ ਵਿਚਾਰਨਾ ਚਾਹੁਣ ਤਾਂ ਉਹ ਦਾਰੂ ਦੇ ਗਿਰਦ ਜੁੜਦੇ ਹਨ। ਸ਼ਤਰੰਜ ਦੀ ਇਸ ਖੇਡ ਵਿਚ ਕੇਹੜਾ ਪਿਆਦਾ ਅੱਗੇ ਖੜਨਾ ਤੇ ਕੀਹਨੂੰ ਪਿੱਛੇ ਖੜਨਾ, ਇਹ ਦਾਰੂ ਦੀਆਂ ਮਹਿਫ਼ਲਾਂ ਵਿਚ ਹੀ ਵਿਚਾਰਿਆ ਜਾਂਦਾ ਹੈ। ਦਾਰੂ ਪੀ ਕੇ ਜੋ ਫੁਰਨੇ ਫੁਰਦੇ ਹਨ, ਉਹ ਹੋਰ ਕਿਸੇ ਨਸ਼ੇ ਜਾਂ ਦੁਆਈ ਨਾਲ ਮੁਮਕਿਨ ਨਹੀਂ। ਦਾਰੂ ਦੇ ਪ੍ਰਭਾਵ ਵਿਚ ਉਹ ਇਕ ਦੂਜੇ ਅੱਗੇ ਕਿਤਾਬ ਵਾਂਗਰਾਂ ਖੁੱਲ੍ਹਦੇ ਹਨ ਜਿਸ ਨਾਲ ਉਨ੍ਹਾਂ ਦੇ ਰਾਜਸੀ ਮਤਭੇਦਾਂ ਤੇ ਨੇੜਤਾ ਦਾ ਪਤਾ ਚੱਲਦਾ ਰਹਿੰਦਾ ਹੈ। ਇਸ ਲਈ ਉਹ ਇਕ ਦੂਜੇ ਦਲ ਜਾਂ ਗੁੱਟ ਕੋਲੋਂ ਸੁਚੇਤ ਹੋ ਕੇ ਚੱਲਦੇ ਹਨ। ਇਸ ਲਈ ਉਹ ਇਕ ਦੂਜੇ ਦੀਆਂ ਠਿੱਬੀਆਂ ਤੇ ਠੇਡਿਆਂ ਤੋਂ ਬਚੇ ਰਹਿੰਦੇ ਹਨ। ਰਾਜਸੀ ਭਾਸ਼ਾ ਵਿਚ ਇਸ ਨੂੰ ਡਿਨਰ ਡਿਪਲੋਮੇਸੀ ਆਖਿਆ ਜਾਂਦਾ ਹੈ। ਰਾਜਸੀ ਨੇਤਾ ਆਪਣੇ ਪਰ

ਤੋਲਣ ਤੋਂ ਪਹਿਲਾਂ ਅਜਿਹੇ ਭੋਜਾਂ ਦਾ ਆਯੋਜਨ ਕਰਦੇ ਹਨ। ਅਖ਼ੀਰ ਵਿਚ ਇਹੀ ਕਹਿਣਾ ਬਣਦਾ ਹੈ ਕਿ ਦਾਰੂ ਸਿਆਸੀ ਲੋਕਾਂ ਲਈ ਮਹਿਬੂਬਾ ਦੀ ਭੂਮਿਕਾ ਨਿਭਾਉਂਦੀ ਹੈ ਪਰ ਇਸ ਨਾਲ ਕੱਚ ਵਾਂਗ ਬੜੀ ਸਾਵਧਾਨੀ ਨਾਲ ਚੱਲਣਾ ਪੈਂਦਾ ਹੈ। ਆਮ ਆਦਮੀ ਨੂੰ ਇਹ ਲੀਲਾ ਸਮਝ ਨਹੀਂ ਆਉਂਦੀ। ਵਾਹਿਗੁਰੂ ਵਾਹਿਗੁਰੂ ਬੋਲੋ ਜੀ।

ਲੜਤੇ ਹੈਂ ਬਾਹਿਰ ਜਾਕਰ
ਯੇਹ ਸ਼ੈਖ਼ ਔਰ ਬਰਾਮਣ
ਪੀਤੇ ਹੈਂ ਮੈਅਕਦੇ ਮੇਂ
ਸਾਗਰ ਸਾਗਰ ਬਦਲ ਕਰ।

• •

ਦਾਰੂ ਤੇ ਦੋਸਤੀਆਂ ਯਰਾਨੇ

ਵੇਖਿਆ ਗਿਆ ਹੈ ਕਿ ਦਾਰੂ ਪੀਣ ਵਾਲੇ ਬਹੁਤੇ ਅਮੂਮਨ ਖ਼ੁਸ਼ਦਿਲ, ਫਰਾਖਦਿਲ ਅਤੇ ਦਿਲ ਦਾਰੂ ਹੁੰਦੇ ਹਨ। ਜਦੋਂ ਕਿ ਨਾ ਪੀਣ ਵਾਲੇ ਬਹੁਤੇ ਕੰਜੂਸ ਸੜੀਅਲ ਅਤੇ ਸੰਕੀਰਨ ਤੇ ਸਵਾਰਥੀ ਰੁਚੀਆਂ ਵਾਲੇ ਹੁੰਦੇ ਹਨ। ਪੀਣ ਵਾਲੇ ਬਹੁਤੇ ਅੰਦਰੋਂ ਬਾਹਰੋਂ ਇਕ ਹੁੰਦੇ ਹਨ ਜਦੋਂ ਕਿ ਨਾ ਪੀਣ ਵਾਲਿਆਂ ਨਾਲ ਤੁਸੀਂ ਪਹਿਲੀ ਮੁਲਾਕਾਤ ਵਿਚ ਹੀ ਖੁੱਲ੍ਹ ਜਾਂਦੇ ਹੋ ਤੇ ਜਦੋਂ ਕਿ ਨਾ ਪੀਣ ਵਾਲੇ ਬਹੁਤੇ ਸਕੇ ਪਿਉ ਨੂੰ ਵੀ ਦਿਲ ਦੀ ਗੱਲ ਨਹੀਂ ਦੱਸਦੇ। ਦੋਵਾਂ ਨੂੰ ਇਹ ਵੱਖਰੇ ਵੱਖਰੇ ਸੁਭਾਅ ਕੁਦਰਤ ਨੇ ਦਿੱਤੇ ਹਨ। ਇਸ ਕਰਕੇ ਲੋਕ ਪੀਣ ਵਾਲਿਆਂ ਨੂੰ (ਧਾਰਮਕ ਲੋਕਾਂ ਨੂੰ ਛੱਡ ਕੇ) ਨਾ ਪੀਣ ਵਾਲਿਆਂ ਨਾਲੋਂ, ਇਨਸਾਨੀ ਕਦਰਾਂ ਕੀਮਤਾਂ ਦੇ ਵਧੇਰੇ ਨਜ਼ਦੀਕ ਸਮਝਦੇ ਹਨ। ਪੀਣ ਵਾਲੇ ਵਧੇਰੇ ਰਹਿਮ ਦਿਲ ਹੁੰਦੇ ਹਨ।

ਦੋਸਤੀ ਅਸਲੀ ਹੋਣੀ ਚਾਹੀਦੀ ਹੈ, ਛੋਲਿਆਂ ਦਾ ਵੱਢ ਨਹੀਂ। ਜਦੋਂ ਦੋ ਸੱਤ ਇਕੱਠੇ ਹੁੰਦੇ ਹਨ ਤਾਂ ਦੋਸਤੀ ਦੀ ਨੀਂਹ ਬੱਝ ਜਾਂਦੀ ਹੈ। ਇਸ ਨੀਂਹ ਉਪਰ ਜੇਕਰ ਵਫ਼ਾ, ਨੇਕੀ ਤੇ ਈਮਾਨਦਾਰੀ ਦੀ ਉਸਾਰੀ ਕੀਤੀ ਜਾਵੇ ਤਾਂ ਦੋਸਤੀ ਪਾਏਦਾਰ ਹੋਵੇਗੀ। ਜੇਕਰ ਸਵਾਰਥ, ਮੌਕਾਪ੍ਰਸਤੀ ਅਤੇ ਬੇਈਮਾਨੀ ਦੀ ਉਸਾਰੀ ਕੀਤੀ ਜਾਵੇ ਤਾਂ ਦੋ ਸੱਤ ਨਿਖੜਨੇ ਸ਼ੁਰੂ ਹੋ ਜਾਂਦੇ ਹਨ। ਇਸੇ ਲਈ ਯਾਰੀਆਂ ਲਾਈ ਦੀਆਂ ਤਾਂ ਹਰ ਰੋਜ਼ ਹਨ ਪਰ ਨਿਭਦੀਆਂ ਘੱਟ ਹੀ ਹਨ। ਉਸਾਰੀ ਵਿਚ ਲੱਗਾ ਸੱਚਾਈ ਤੇ ਵਫ਼ਾ ਦਾ ਸੀਮੈਂਟ ਦੋਸਤੀ ਨੂੰ ਫੌਲਾਦੀ ਬਣਾ ਦਿੰਦਾ ਹੈ ਤੇ ਪਰ ਸਵਾਰਥ ਦੀ ਰੇਤ ਨਾਲ ਦੋਸਤੀਆਂ ਮਰੂੰਡੇ ਵਾਂਗ ਭੁਰ ਜਾਂਦੀਆਂ ਹਨ। ਇਹ ਵੀ ਵੇਖਿਆ ਗਿਆ ਹੈ ਕਿ ਹਮ-ਪਿਆਲਾ ਲੋਕਾਂ ਦੀਆਂ ਦੋਸਤੀਆਂ ਤੇ ਯਰਾਨੇ ਪੁਖਤਾ ਹੁੰਦੇ ਹਨ ਤੇ ਚਾਹ ਨਾਲ ਬਣਾਈਆਂ ਦੋਸਤੀਆਂ, ਚਾਹ ਦੇ ਠੰਡੇ ਹੋਣ ਨਾਲ ਹੀ ਲੜਖੜਾਉਣ ਲੱਗਦੀਆਂ ਹਨ। ਕਈ ਵਾਰ ਦਾਰੂ ਦੀਆਂ ਦੋਸਤੀਆਂ ਵੀ ਦੁਸ਼ਮਣੀ ਵਿਚ ਬਦਲ ਜਾਂਦੀਆਂ ਹਨ ਪਰ ਇਸ ਵਿਚ ਦਾਰੂ ਦਾ ਕੋਈ ਕਸੂਰ ਨਹੀਂ ਹੁੰਦਾ। ਕਸੂਰ ਪੀਣ ਵਾਲੇ ਬੰਦਿਆਂ ਦੀਆਂ ਨੀਯਤਾਂ ਵਿਚ ਹੁੰਦਾ ਹੈ। ਦਾਰੂ ਤਾਂ ਪਾਣੀ ਹੈ। ਪਾਣੀ ਵੀ ਜਰਮ ਰਹਿਤ। ਇਸ ਨੇ ਕੀ ਵਿਗਾੜ ਪੈਦਾ ਕਰਨਾ ਹੈ ?

ਸਾਡੇ ਸਮਾਜ ਵਿਚ ਜਦੋਂ ਕੋਈ ਦਾਅਵਤ ਦਿੱਤੀ ਜਾਂਦੀ ਹੈ ਤਾਂ ਲੋਕ ਪੁੱਛਦੇ ਹਨ ਜਾਂ ਕਾਰਡ ਤੋਂ ਦਰਿਆਫਤ ਕਰਦੇ ਹਨ ਕਿ ਦਾਅਵਤ ਦਾਰੂ ਯੁਕਤ ਹੈ ਜਾਂ ਦਾਰੂ ਰਹਿਤ। ਜੇਕਰ ਇਹ ਦਾਅਵਤ ਦਾਰੂ ਰਹਿਤ ਹੋਵੇ ਤਾਂ ਬਹੁਤੇ ਪਰਿਵਾਰ ਆਪਣੀਆਂ ਜ਼ਨਾਨੀਆਂ ਜਾਂ ਬੱਚਿਆਂ ਨੂੰ ਭੇਜ ਦੇਂਦੇ ਹਨ ਤੇ ਹਾਜ਼ਰੀ ਲਵਾ ਲੈਂਦੇ ਹਨ। ਜੇਕਰ

ਦਾਅਵਤ ਜਾਂ ਪਾਰਟੀ ਦਾਰੂ ਯੁਕਤ ਹੋਵੇ ਤਾਂ ਬੜੀ ਸ਼ਰਧਾ ਤੇ ਭਾਵਨਾ ਨਾਲ ਇਸ ਵਿਚ ਪਰਿਵਾਰਾਂ ਦੇ ਮਰਦ ਲੋਕ ਸ਼ਿਰਕਤ ਕਰਦੇ ਹਨ। ਉਥੇ ਜਾਂਦਿਆਂ ਹੀ ਉਨ੍ਹਾਂ ਦੀ ਮਹਿਫ਼ਲ ਰੰਗੀਨ ਹੋ ਜਾਂਦੀ ਹੈ। ਦਾਰੂ ਦੇ ਗਲਾਸ ਵੇਖ ਕੇ ਉਹ ਲੋਕ ਫੁੱਲਾਂ ਵਾਂਗ ਖਿੜ ਜਾਂਦੇ ਹਨ। ਸਾਰੇ ਸਮਾਗਮ ਦੀ, ਇਨ੍ਹਾਂ ਲੋਕਾਂ ਦੀ ਬਦੌਲਤ ਰੰਗਤ ਹੀ ਬਦਲ ਜਾਂਦੀ ਹੈ। ਮੇਲੀ ਇੰਜ ਮਹਿਸੂਸ ਕਰਦੇ ਹਨ ਜਿਵੇਂ ਸੌਹਰੇ ਆਏ ਹੋਣ। ਉਹ ਮਿੰਟਾਂ ਸਕਿੰਟਾਂ ਵਿਚ ਇਕ ਦੂਜੇ ਨਾਲ ਚੌੜ ਚਪੱਟ ਖੁੱਲ੍ਹ ਜਾਂਦੇ ਹਨ। ਹੱਸ-ਹੱਸ ਗੱਲਾਂ ਕਰਦੇ ਅਤੇ ਇਕ ਦੂਜੇ ਦੇ ਸਦਕੇ ਜਾਣ ਨੂੰ ਫਿਰਦੇ ਹਨ। ਅਜਿਹੇ ਮਾਹੌਲ ਤੇ ਮਹਿਫ਼ਲ ਵਿਚੋਂ ਕਿਸੇ ਦਾ ਉੱਠਣ ਨੂੰ ਦਿਲ ਨਹੀਂ ਕਰਦਾ। ਪਰੰਤੂ ਇਹੀ ਲੋਕ ਜੇਕਰ ਮਜਬੂਰਨ ਕਿਸੇ ਦਾਰੂ ਰਹਿਤ ਸਮਾਗਮ ਵਿਚ ਆ ਵੀ ਜਾਣ ਤਾਂ ਜਾਂਦਿਆਂ ਹੀ ਸਿਰ ਸੁੱਟ ਕੇ ਬੈਠ ਜਾਂਦੇ ਹਨ ਜਾਂ ਉਬਾਸੀਆਂ ਮਾਰਨ ਲੱਗਦੇ ਹਨ। ਰੋਟੀ ਖਾਂਦਿਆਂ ਸਾਰ ਹੀ ਇਹ ਲੋਕ ਉੱਠਣ ਦੀ ਕਰਦੇ ਹਨ ਅਤੇ ਸਮਾਗਮ ਆਯੋਜਕਾਂ ਨੂੰ ਬਾਅਦ ਵਿਚ ਗਾਲ੍ਹਾਂ ਕੱਢ ਕੇ ਆਪਣੀ ਭੜਾਸ ਕੱਢਦੇ ਰਹਿੰਦੇ ਹਨ।

ਲੰਗੋਟੀਏ ਯਾਰ ਆਮ ਤੌਰ 'ਤੇ ਹਮ-ਪਿਆਲਾ ਹੀ ਹੋਇਆ ਕਰਦੇ ਹਨ। ਪੀਣ ਵਾਲਿਆਂ ਦੇ ਸੁਭਾਅ ਰਲਦੇ ਮਿਲਦੇ ਹੁੰਦੇ ਹਨ। ਪੀਣ ਦਾ ਸ਼ੌਕੀਨ ਸੱਤ ਵਲ ਭੰਨ ਕੇ ਦੂਜੇ ਸ਼ੌਕੀਨ ਨੂੰ ਲੱਭ ਲੈਂਦਾ ਹੈ। ਉਹ ਦੋਸਤੀ ਦੀਆਂ ਨੀਂਹਾਂ ਦਾਰੂ ਨਾਲ ਸਿੰਜਣਾ ਸ਼ੁਰੂ ਕਰਦੇ ਹਨ। ਦੋਸਤੀ ਦੇ ਬੂਟੇ ਲਈ ਦਾਰੂ ਖਾਦ ਦਾ ਕੰਮ ਦਿੰਦਾ ਹੈ। ਜੇਕਰ ਕੋਈ ਇਸ ਬੂਟੇ ਨੂੰ ਚਾਹ, ਦੁੱਧ ਜਾਂ ਲੱਸੀ ਨਾਲ ਸਿੰਜਣ ਦੀ ਕੋਸ਼ਿਸ਼ ਕਰੇ ਤਾਂ ਇਹ ਵਸਤੂਆਂ ਦੋਸਤੀ ਦੇ ਜੋੜਾਂ ਵਿਚ ਬੈਠ ਜਾਣਗੀਆਂ ਤੇ ਬੂਟਾ ਮੁਰਝਾਉਣਾ ਸ਼ੁਰੂ ਕਰ ਦੇਵੇਗਾ। ਅੱਜ ਕੱਲ੍ਹ ਜਦੋਂ ਕਿ ਰਿਸ਼ਤਿਆਂ ਨਾਤਿਆਂ ਵਿਚ ਦਰਾੜਾਂ ਪੈ ਰਹੀਆਂ ਹਨ ਤੇ ਖ਼ੂਨ ਸਫ਼ੈਦ ਹੋ ਰਹੇ ਹਨ। ਕੇਵਲ ਯਾਰੀਆਂ ਦੋਸਤੀਆਂ ਹੀ ਇਨ੍ਹਾਂ ਖ਼ੂਨ ਦੇ ਰਿਸ਼ਤਿਆਂ ਦੀ ਜਗ੍ਹਾ ਲੈ ਸਕਦੀਆਂ ਹਨ। ਦੋਸਤੀਆਂ ਵਿਚ ਗਰਜ਼ ਨਹੀਂ ਹੁੰਦੀ। ਕਿਸੇ ਨੇ ਠੀਕ ਹੀ ਆਖਿਆ—

ਬੀਤੇ ਜ਼ਮਾਨੇ ਦੀ ਗੱਲ ਨਾ ਛੇੜੋ,
ਆਪਣੇ ਬੇਗ਼ਾਨੇ ਦੀ ਗੱਲ ਨਾ ਛੇੜੋ।
ਮੁਹੱਬਤਾਂ 'ਚ ਗਰਜ਼ ਦਾ ਅੰਸ਼ ਹੈ ਮਿਲਿਆ,
ਆਪਣੇ ਬੇਗ਼ਾਨੇ ਦੀ ਗੱਲ ਨਾ ਛੇੜੋ।

ਰਿਸ਼ਤੇਦਾਰ ਤੁਹਾਡੇ ਜੀਵਨ ਨੂੰ ਬੋਝਲ, ਖ਼ੁਸ਼ਕ ਤੇ ਕੰਡੇਦਾਰ ਬਣਾ ਛੱਡਦੇ ਹਨ। ਜੇਕਰ ਉਹ ਤੁਹਾਡੇ ਨਾਲ ਸਮਾਜਕ ਸਮਾਗਮ ਵਿਚ ਪੀਣ ਖਾਣ ਵੀ ਤਾਂ ਉਹ ਅੰਦਰੂਨੀ ਕਿੜ ਨਹੀਂ ਛੱਡਦੇ। ਇਸ ਵੇਲੇ ਕੇਵਲ ਤੁਹਾਡੇ ਯਾਰ ਮਿੱਤਰ ਹੀ ਹਮ-ਪਿਆਲਾ ਬਣ ਕੇ ਤੁਹਾਡੀ ਝੋਲੀ ਖ਼ੁਸ਼ੀਆਂ ਤੇ ਅਸ਼ੀਰਵਾਦਾਂ ਨਾਲ ਡੱਕੋ-ਡੱਕ ਕਰ ਦੇਂਦੇ ਹਨ। ਕਿੰਨਾ ਫ਼ਰਕ ਹੈ ? ਕਿਥੇ ਰਾਮ ਰਾਮ, ਕਿਥੇ ਟੈਂ ਟੈਂ।

ਜਿਹੜਾ ਸ਼ਖ਼ਸ ਪੀਣ ਦਾ ਸ਼ੌਕੀਨ ਹੋਵੇ, ਉਹਦੇ ਘਰ ਰੌਣਕ ਮੇਲੇ ਲੱਗੇ ਰਹਿੰਦੇ ਹਨ। ਉਸਦੇ ਇਸ਼ਾਰੇ ਤੇ ਜ਼ਬਾਨੀ ਸੱਦੇ 'ਤੇ ਹੀ ਲੋਕ ਉਸ ਵੱਲ ਵਹੀਰਾਂ ਘੱਤ ਦੇਂਦੇ ਹਨ। ਜਾ ਕੇ ਵਧਾਈਆਂ ਦੇਂਦੇ ਹਨ ਤੇ ਬਗਲਗੀਰ ਹੁੰਦੇ ਨਹੀਂ ਥੱਕਦੇ। ਇਸ ਦੇ ਉਲਟ ਜਦੋਂ

ਕਿਸੇ ਵੈਸ਼ਨੋ ਪਰਿਵਾਰ ਵੱਲੋਂ ਲਿਖਤੀ ਸੱਦਾ ਵੀ ਆਵੇ ਤਾਂ ਕਈਆਂ ਦਾ ਵੱਢਿਆਂ ਰੂਹ ਨਹੀਂ ਕਰਦਾ ਜਾਣ ਨੂੰ। ਧੱਕੇ ਧਕਾਏ ਤੇ ਬੱਧੇ ਰੁੱਝੇ ਜੇਕਰ ਉਨ੍ਹਾਂ ਦੇ ਘਰ ਪਹੁੰਚ ਵੀ ਜਾਣ ਤਾਂ ਇੰਜ ਜਾਂਦੇ ਹਨ ਜਿਵੇਂ ਉਨ੍ਹਾਂ ਦੀ ਬਲੀ ਦੇਣੀ ਹੋਵੇ। ਡਿੱਗਦੇ ਢਠਦੇ ਤੇ ਉਬਾਸੀਆਂ ਮਾਰਦੇ ਜਦੋਂ ਅਜਿਹੇ ਲੋਕ ਦਾਰੂ ਰਹਿਤ ਸਮਾਗਮ ਤੇ ਪਹੁੰਚਦੇ ਹਨ ਤਾਂ ਇੰਜ ਲੱਗਦਾ ਹੈ ਜਿਵੇਂ ਕਿਸੇ ਵਿਆਹ ਨਹੀਂ ਮੁਕਾਣੇ ਆਏ ਹੋਣ। ਦੂਸਰੇ ਪਾਸੇ ਦਾਰੂ ਯੁਕਤ ਸਮਾਗਮ ਤੋਂ ਇਹੀ ਲੋਕ ਝੂਮਦੇ ਤੇ ਵਧਾਈਆਂ ਦੇਂਦੇ ਘਰਾਂ ਨੂੰ ਪਰਤਦੇ ਹਨ। ਦੁਨੀਆ ਵਿਚ ਪੀਣ ਪਿਲਾਉਣ ਵਾਲਿਆਂ ਦੀ ਸ਼ਾਨ ਹੀ ਨਿਰਾਲੀ ਹੈ। ਉੱਡਦੇ ਫਿਰਦੇ ਹਨ ਦਾਰੂ ਦੇ ਖੰਭ ਲਾ ਕੇ।

ਕਿਸੇ ਪ੍ਰਾਹੁਣੇ ਨੂੰ ਸੌ ਦੁੱਧ ਮਲਾਈਆਂ ਮਿਠਾਈਆਂ ਤੇ ਸ਼ਰਦਾਈਆਂ ਪਿਲਾਓ, ਉਹ ਅਕਸਰ ਭੁੱਲ ਜਾਂਦਾ ਹੈ। ਉਸੇ ਮਹਿਮਾਨ ਨੂੰ ਇਕ ਵਾਰੀ ਦਾਰੂ ਪਿਲਾਉ, ਉਹ ਸੌ ਜਗ੍ਹਾ ਸੌ ਵਾਰੀ ਤੁਹਾਡੀ ਉਪਮਾ ਕਰਦਾ ਨਹੀਂ ਥੱਕਦਾ। ਕੱਚੀ ਯਾਰੀ ਲੱਡੂਆਂ ਦੀ, ਲੱਡੂ ਮੁੱਕੇ ਨਹੀਂ ਤੇ ਯਰਾਨੇ ਤੜੱਕ ਕਰਕੇ ਟੁੱਟੇ ਨਹੀਂ। ਦੂਜੇ ਪਾਸੇ ਦਾਰੂ ਨਾਲ ਤ੍ਰੋਪੇ ਲਾਏ ਕਦੀ ਉੱਧੜਦੇ ਨਹੀਂ। ਵੇਖਣ ਵਿਚ ਆਇਆ ਹੈ ਕਿ ਦਾਰੂ ਦੀ ਬੋਤਲ ਬੰਦ ਤੇ ਜਾਮ ਹੋਏ ਦਰਵਾਜ਼ੇ ਖੋਲ੍ਹ ਦੇਂਦੀ ਹੈ। ਜੇ ਕਿਧਰੇ ਦਫ਼ਤਰ ਕਚਹਿਰੀ ਕੋਈ ਕੰਮ ਅੜ ਜਾਵੇ ਤਾਂ ਦਾਰੂ ਦਾ ਇਕੋ ਟੀਕਾ ਸਭ ਅੜਚਣਾਂ ਦੂਰ ਕਰ ਦਿੰਦਾ ਹੈ। ਜੋ ਕੰਮ ਸਿਫ਼ਾਰਸ਼ਾਂ ਤੇ ਵਾਕਫ਼ੀਅਤਾਂ ਨਹੀਂ ਕਰ ਸਕਦੀਆਂ, ਉਹ ਕੰਮ ਰੰਮ ਅੱਗੇ ਨਹੀਂ ਟਿਕਦਾ। ਰੰਮ ਚਲਾਏ ਕੰਮ। ਸਭ ਕਾਇਦੇ ਕਾਨੂੰਨ ਤੇ ਦੀਨ ਮਜ਼ਬ ਦਾਰੂ ਦੀ ਗਲਾਸੀ ਵਿਚ ਡੁੱਬ ਜਾਂਦੇ ਹਨ। ਕਿਸੇ ਅਫ਼ਸਰ ਨੂੰ ਲੱਸੀ ਦੀ ਦਾਅਵਤ ਦਿਉ, ਤੁਹਾਡਾ ਹੁੰਦਾ ਹੁੰਦਾ ਕੰਮ ਵੀ ਅਟਕ ਜਾਵੇਗਾ। ਦਾਰੂ ਦੀਆਂ ਪੇਟੀਆਂ ਅੜੀਅਲ ਅਫ਼ਸਰਾਂ ਨੂੰ ਵੀ ਪਟੇ ਪਾ ਦਿੰਦੀਆਂ ਹਨ। ਕਿਸੇ ਸ਼ਾਇਰ ਨੇ ਠੀਕ ਹੀ ਤਾਂ ਕਿਹਾ ਹੈ—

ਦਾਰੂ ਪੀ ਕੇ ਕਾਰਜ ਅਸਾਨ ਹੋ ਜਾਂਦੇ
ਇਕ ਪਿਆਲੇ ਤੋਂ ਕਈ ਕੁਰਬਾਨ ਹੋ ਜਾਂਦੇ।
ਅਸ਼ਕੇ ਜਾਵਾਂ ਮਹਿ ਤੇਰੇ ਜਾਦੂਆਂ ਤੋਂ
ਪੀਂਦਿਆਂ ਪੀਂਦਿਆਂ ਬੁੱਢੇ ਜਵਾਨ ਹੋ ਜਾਂਦੇ।

ਇਸ ਤਰ੍ਹਾਂ ਜ਼ਿੰਦਗੀ ਦੇ ਮੁਹਾਜ ਉਪਰ ਕਈ ਮੁਲਤਾਨ ਦਾਰੂ ਦੀ ਕ੍ਰਿਪਾ ਨਾਲ ਹੀ ਫ਼ਤਹਿ ਹੋ ਜਾਂਦੇ ਹਨ। ਸ਼ਾਇਦ ਇਸੇ ਕਰਕੇ ਜਿਹੜਾ ਅਫ਼ਸਰ ਕੋਈ ਸਿਫਾਰਸ਼ ਨਾ ਮੰਨਦਾ ਹੋਵੇ, ਉਸਦਾ ਹਮ-ਪਿਆਲਾ ਲੱਭਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜੇ ਲੱਭ ਪਵੇ ਤਾਂ ਕੰਮ ਅਵੱਸ਼ ਹੋ ਜਾਂਦਾ ਹੈ। ਜੇਕਰ ਕੋਈ ਅਫ਼ਸਰ ਸੂਫ਼ੀ ਤੇ ਅੜੀਅਲ ਹੋਵੇ, ਉਸ ਕੋਲੋਂ ਕੰਮ ਲੈਣਾ, ਝੋਟਿਆਂ ਦੇ ਘਰੋਂ ਲੱਸੀ ਲੱਭਣ ਬਰਾਬਰ ਹੁੰਦਾ ਹੈ।

ਆਪਣੇ ਜੀਵਨ ਉਪਰ ਝਾਤ ਮਾਰੋ। ਤੁਹਾਡੇ ਹਮ-ਪਿਆਲਾ ਹੀ ਤੁਹਾਡੇ ਅੰਗ ਸੰਗ ਰਹਿਣ ਦੀ ਜੁਰਅਤ ਕਰਦੇ ਹਨ। ਬਾਕੀ ਲੋਕ ਕੰਮ ਪੈਣ 'ਤੇ ਪਿੱਠ ਵਿਖਾਉਣ ਦੀ ਗੁਸਤਾਖ਼ੀ ਕਰਦੇ ਹਨ। ਖ਼ੂਨ ਦੇ ਸਾਕਾਂ ਸੰਬੰਧੀਆਂ ਉਪਰ ਅੱਜ ਕੱਲ੍ਹ ਘੱਟ ਹੀ ਇਤਬਾਰ ਕੀਤਾ ਜਾਂਦਾ ਹੈ। ਯਾਰਾਂ ਦੋਸਤਾਂ ਦਾ ਰੱਬ ਜਿੰਨਾ ਆਸਰਾ ਹੁੰਦਾ ਹੈ। ਯਾਰੀਆਂ ਦੋਸਤੀਆਂ

ਬਣ ਤਾਂ ਜਾਂਦੀਆਂ ਹਨ ਪਰ ਪੱਕੀਆਂ ਦਾਰੂ ਦੀਆਂ ਦਾਅਵਤਾਂ ਨਾਲ ਹੀ ਹਨ। ਖ਼ੁਸ਼ਹਾਲ ਜੀਵਨ ਦਾ ਰਾਜ਼ ਹੀ ਇਹੀ ਹੈ ਕਿ ਤੁਹਾਡੇ ਚਾਰ ਲੰਗੋਟੀਏ ਯਾਰ ਬੇਲੀ ਹੋਣ, ਜਿਹੜੇ ਤੁਹਾਡੇ ਜੀਵਨ ਵਿਚੋਂ ਤਲਖ਼ੀਆਂ ਤੇ ਬੇਵਫ਼ਾਈਆਂ ਦਾ ਜ਼ਹਿਰ ਡੀਕ ਲਾ ਕੇ ਪੀ ਸਕਦੇ ਹੋਣ। ਉਹ ਤੁਹਾਡੇ ਜੀਵਨ ਨੂੰ ਖ਼ੁਸ਼ੀਆਂ ਤੇ ਖੇੜਿਆਂ ਵਿਚ ਮੜ ਦੇਣਗੇ। ਇਤਫ਼ਾਕ ਹੈ ਕਿ ਅਜਿਹੇ ਭਲੇ ਲੋਕ ਮੈਅਖ਼ਾਨਿਆਂ ਵਿਚ ਹੀ ਮਿਲਦੇ ਹਨ। ਕਿਸੇ ਸ਼ਾਇਰ ਨੇ ਇਨ੍ਹਾਂ ਬਾਰੇ ਠੀਕ ਹੀ ਤਾਂ ਫਰਮਾਇਆ ਹੈ—

ਯੇਹ ਬੰਦੇ ਬੰਦਗੀ ਕਰਕੇ ਭੀ ਬੰਦੇ ਬਨ ਨਹੀਂ ਸਕਤੇ
ਮਗਰ ਹਮ 'ਬੜੇ ਖਾਨੇ' ਸੇ ਨਿਕਲਤੇ ਹੈਂ, ਖ਼ੁਦਾ ਬਨ ਕਰ।

ਇਹ ਵੀ ਹਕੀਕਤ ਹੈ ਕਿ ਸਾਨੂੰ ਢਿੱਡ ਪੀੜ ਹੁੰਦੀ ਵੀ ਦਾਰੂ ਕਰਕੇ ਹੈ ਤੇ ਹਟਦੀ ਵੀ ਦਾਰੂ ਨਾਲ ਹੀ ਹੈ। ਸਿਰ ਪੀੜ ਵੀ ਦਾਰੂ ਨਾਲ ਹੁੰਦੀ ਹੈ ਤੇ ਹਟਦੀ ਵੀ ਦਾਰੂ ਨਾਲ ਹੈ। ਲੜਾਈਆਂ ਝਗੜੇ ਵੀ ਦਾਰੂ ਨਾਲ ਹੁੰਦੇ ਨੇ ਤੇ ਸਮਝੌਤੇ ਵੀ ਦਾਰੂ ਨਾਲ ਹੀ। ਇਸੇ ਤਰ੍ਹਾਂ ਦੋਸਤੀਆਂ ਟੁੱਟਦੀਆਂ ਵੀ ਦਾਰੂ ਨਾਲ ਨੇ ਤੇ ਗੰਢਦਾ ਵੀ ਇਨ੍ਹਾਂ ਨੂੰ ਦਾਰੂ ਹੀ ਹੈ। ਦੋਸਤੀ ਦੀ ਦੁਨੀਆ ਵਿਚ ਦਾਰੂ ਦੀ ਵਿਸ਼ੇਸ਼ ਅਹਿਮੀਅਤ ਹੈ। ਸਿਰ ਸੜੇ ਲੋਕ ਦਾਰੂ ਦੇ ਇਸ ਮਹਾਨ ਯੋਗਦਾਨ ਨੂੰ ਆਸਾਨੀ ਨਾਲ ਨਜ਼ਰ ਅੰਦਾਜ਼ ਨਹੀਂ ਕਰ ਸਕਦੇ। ਇਹ ਬਣੇ ਹੀ ਇਕ ਦੂਜੇ ਲਈ ਹਨ।

ਮੂਸਾ ਧੱਕੇ ਧੋੜੇ ਖਾ ਕੇ
ਕੀ ਲਿਆ ਹੈ ਤੂਰ 'ਤੇ ਜਾ ਕੇ
ਉਸ ਜਲਵੇ ਨੂੰ ਤੱਕ ਲੈਂਦਾ
ਯਾਰਾਂ ਦੇ ਮੈਅਖ਼ਾਨੇ ਆ ਕੇ

• •

ਦਾਰੂ ਤੇ ਅਦਬ ਅਦੀਬ

ਚੰਦ ਕੁ ਧਾਰਮਿਕ ਰੁਚੀਆਂ ਵਾਲੇ ਸਾਹਿਤਕਾਰ ਤੇ ਕਲਾਕਾਰ ਛੱਡ ਕੇ ਬਾਕੀ ਤਮਾਮ ਸਾਹਿਤਕਾਰ ਤੇ ਸ਼ਾਇਰ ਦਾਰੂ ਦੇ ਸ਼ੌਕੀਨ ਹੋਏ ਹਨ। ਇਹ ਸ਼ਾਇਦ ਕੋਈ ਧੁਰੋਂ ਸੰਜੋਗ ਹੈ। ਇਹ ਕੌੜਾ ਜਲ ਉਨ੍ਹਾਂ ਲਈ 'ਆਬੇ ਹਯਾਤ' ਦਾ ਕੰਮ ਦਿੰਦਾ ਹੈ। ਇਸੇ ਲਈ ਦਾਰੂ ਤੇ ਅਦੀਬ ਅਜ਼ਲਾਂ ਤੋਂ ਇਕ ਦੂਜੇ ਦੇ ਅੰਗ ਸੰਗ ਰਹੇ ਹਨ। ਵੇਖਣ ਸੁਣਨ ਵਿਚ ਵੀ ਆਇਆ ਹੈ ਕਿ ਅਦਬ ਸਿਰਜਣ ਤੋਂ ਪਹਿਲਾਂ ਤੇ ਬਾਅਦ ਵਿਚ ਅਦੀਬ ਲੋਕ ਅਕਸਰ ਦਾਰੂ ਦੀ ਮੰਗ ਕਰਦੇ ਹਨ ਅਤੇ ਆਪਣਾ ਹੱਕ ਸਮਝ ਕੇ ਇਸ ਦੀ ਮੰਗ ਕਰਦੇ ਹਨ। ਉਹ ਮਜ਼੍ਹਬੀ ਤੇ ਸਮਾਜੀ ਬੰਦਨਾਂ ਤੇ ਬੰਦਸ਼ਾਂ ਦੀ ਪ੍ਰਵਾਹ ਨਹੀਂ ਕਰਦੇ। ਮਿਰਜ਼ਾ ਗਾਲਿਬ ਭਾਵੇਂ ਮੁਸਲਮਾਨ ਸੀ ਪਰ ਜਹੀਰੂਦੀਨ ਬਾਬਰ ਵਾਂਗ ਦਾਰੂ ਦਾ ਪੂਰਾ ਵਜਰੀ ਸੀ। ਗ਼ਾਲਿਬ ਨੂੰ ਜਦ ਕਿਸੇ ਅੰਗਰੇਜ਼ ਜੱਜ ਨੇ ਪੁੱਛਿਆ—"ਤੇਰਾ ਮਜ਼੍ਹਬ ਕੀ ਹੈ ?" ਉਸ ਨੇ ਆਖਿਆ—"ਮੈਂ ਅੱਧਾ ਮੁਸਲਮਾਨ ਹਾਂ। ਸ਼ਰਾਬ ਪੀਂਦਾ ਹਾਂ ਲੇਕਿਨ ਸੂਰ ਦਾ ਮਾਸ ਨਹੀਂ ਖਾਂਦਾ।" ਦਾਰੂ ਪੀਣ ਵਾਲਿਆਂ ਵਿਚ ਸੱਚ ਬੋਲਣ ਦੀ ਅਦੁੱਤੀ ਜੁਰਅਤ ਹੁੰਦੀ ਹੈ। ਜੇਕਰ ਕੋਈ ਸ਼ਖ਼ਸ ਦਾਰੂ ਪੀ ਕੇ ਹੀ ਸੱਚ ਬੋਲੇ ਤਾਂ ਇਸ ਨਾਲੋਂ ਖਰਾ ਸੌਦਾ ਹੋਰ ਕੀ ਹੋ ਸਕਦਾ ਹੈ ? ਕੁੱਤੇ ਬਿੱਲੇ ਤਾਂ ਸੱਚ ਨਹੀਂ ਬੋਲ ਸਕਦੇ।

ਜਦੋਂ ਅਦੀਬਾਂ ਦੀਆਂ ਮਹਿਫ਼ਲਾਂ ਜੰਮਦੀਆਂ ਹਨ ਤਾਂ ਦਾਰੂ ਵਿਆਹ ਵਿਚ ਨੈਣ ਵਾਂਗ ਫਿਰਦੀ ਹੈ। ਚਾਹ ਤੇ ਕੌਫ਼ੀ ਵੀ ਭਾਵੇਂ ਨਸ਼ੇ ਹਨ ਪਰ ਇਨ੍ਹਾਂ ਦੀਆਂ ਮਹਿਫ਼ਲਾਂ ਨੂੰ ਹੋਮੋਪੈਥਿਕ ਸਮਝਿਆ ਜਾਂਦਾ ਹੈ। ਦਰਅਸਲ ਇਨ੍ਹਾਂ ਨੂੰ ਮਹਿਫ਼ਲਾਂ ਕਿਹਾ ਹੀ ਨਹੀਂ ਜਾ ਸਕਦਾ। ਮਹਿਫ਼ਲਾਂ ਸੋਭਦੀਆਂ ਹੀ ਦਾਰੂ ਨਾਲ ਹਨ। ਜਦੋਂ ਕਿਸੇ ਜਸ਼ਨ ਵਿਚ ਦਾਰੂ ਵਰਤੀਂਦੀ ਹੈ ਤਾਂ ਜਾਣੋ ਆਨੰਦ ਛਾ ਜਾਂਦਾ ਹੈ ਅਤੇ ਅਦੀਬ ਮੱਕੀ ਦੇ ਦਾਣਿਆਂ ਵਾਂਗ ਫੁੱਲ ਜਾਂਦੇ ਹਨ। ਉਨ੍ਹਾਂ ਦੇ ਚਿਹਰਿਆਂ 'ਤੇ ਇਕ ਅਜੀਬ ਅਤੇ ਅਦਭੁਤ ਰੰਗਤ ਛਾ ਜਾਂਦੀ ਹੈ। ਪ੍ਰੋ. ਮੋਹਨ ਸਿੰਘ ਵਰਗੇ ਅਜ਼ੀਮ ਸ਼ਾਇਰ, ਸੀਸ ਤੇ ਗਲਾਸ ਧਰ ਕੇ ਨੱਚਦੇ ਟੱਪਦੇ ਤੇ ਸ਼ਾਇਰੀ ਦੀ ਝੜੀ ਲਗਾ ਦੇਂਦੇ ਹਨ। ਸ਼ਿਵ ਕੁਮਾਰ ਵਰਗੇ 'ਖੁੱਲ੍ਹ ਜਾ ਸਿਮ ਸਿਮ' ਦਾਰੂ ਸਦਕਾ ਹੀ ਗੀਤਾਂ ਦੀਆਂ ਹੇਕਾਂ ਤੇ ਹੂਕਾਂ ਨਾਲ ਅੰਬਰੀਂ ਭੜਥੂ ਪਾਉਂਦੇ ਸਨ ਤੇ ਮੰਟੋ ਵਰਗੇ ਅਦੁੱਤੀ ਕਹਾਣੀਕਾਰ ਦਾਰੂ ਦੀ ਕਿਰਪਾ ਨਾਲ ਹੀ ਤਸਲੀਮੀ ਅਫ਼ਸਾਨੇ ਉਗਲਦੇ ਹਨ।

ਅਦੀਬ ਲੋਕ ਆਮ ਤੌਰ 'ਤੇ ਹੀ ਸੰਵੇਦਨਸ਼ੀਲ ਹੁੰਦੇ ਹਨ। ਉਹ ਆਪਣੇ ਰੋਜ਼ਮੱਰਾ ਜੀਵਨ ਵਿਚ ਸਮਾਜਕ ਵਧੀਕੀਆਂ ਤੇ ਗੁਸਤਾਖ਼ੀਆਂ ਕਾਰਨ ਪਰੇਸ਼ਾਨ ਤੇ ਤਲਖ਼ ਹੋ

ਜਾਂਦੇ ਹਨ। ਕੁਝ ਸਮਾਜਿਕ ਸਥਿਤੀਆਂ ਤੇ ਘਟਨਾਵਾਂ ਉਨ੍ਹਾਂ ਨੂੰ ਅਕਸਰ ਬੇਜ਼ਾਰ ਕਰਦੀਆਂ ਹਨ। ਇਸ ਆਲਮ ਵਿਚ ਉਹ ਦਾਰੂ ਦਾ ਸਹਾਰਾ ਲੋਚਦੇ ਹਨ ਤੇ ਗ਼ਮ ਗ਼ਲਤ ਕਰਦੇ ਹਨ। ਉਹ ਆਪਣੀ ਕਲਾ ਰਾਹੀਂ ਇਨ੍ਹਾਂ ਚੋਟਾਂ ਤੇ ਝਟਕਿਆਂ ਨੂੰ ਕੁਝ ਇਸ ਤਰ੍ਹਾਂ ਪੇਸ਼ ਕਰਦੇ ਹਨ ਕਿ ਸਮਾਜ ਵਿਚ ਹਲਚਲ ਪੈਦਾ ਹੋ ਜਾਂਦੀ ਹੈ। ਉਨ੍ਹਾਂ ਦੀਆਂ ਕਿਰਤਾਂ ਸਮਾਜ ਵਿਚ ਕ੍ਰਾਂਤੀ ਲਿਆਉਣ ਲਈ ਜਨ ਸਾਧਾਰਨ ਵਿਚ ਚੇਤਨਾ ਦਾ ਜਵਾਰਭਾਟੇ ਪੈਦਾ ਕਰਕੇ ਉਨ੍ਹਾਂ ਦੀ ਕੁੰਭਕਰਨੀ ਨੀਂਦਰ ਨੂੰ ਹਲੂਣਾ ਦੇਂਦੇ ਹਨ। ਦਾਰੂ ਇਨ੍ਹਾਂ ਕਲਾਕਾਰਾਂ ਦਾ ਸੰਤੁਲਨ ਕਾਇਮ ਰੱਖਦਾ ਹੈ। ਕਈ ਅਦੀਬ ਜੋ ਕਿਸੇ ਧਾਰਮਿਕ ਜਾਂ ਨਿੱਜੀ ਵਜ੍ਹਾ ਕਾਰਨ ਦਾਰੂ ਦੇ ਦਰ ਦਸਤਕ ਨਹੀਂ ਦੇਂਦੇ, ਜਾਂ ਤਾਂ ਦੀਵਾਨੇ ਹੋ ਜਾਂਦੇ ਹਨ ਜਾਂ ਫਿਰ ਮੌਕੇ ਦੀਆਂ ਹਕੂਮਤਾਂ ਅੱਗੇ ਗੋਡੇ ਟੇਕ ਦੇਂਦੇ ਹਨ ਤੇ ਉਨ੍ਹਾਂ ਦੇ ਹੱਥ ਠੋਕੇ ਹੀ ਬਣ ਕੇ ਰਹਿ ਜਾਂਦੇ ਹਨ। ਇਸ ਤਰ੍ਹਾਂ ਅਦਬ ਦੀ ਦੁਨੀਆ ਵਿਚ ਦਾਰੂ ਅਦੀਬਾਂ ਦੇ ਸੰਗ ਆਪ ਖਲੋਂਦਾ ਹੈ। ਉਨ੍ਹਾਂ ਨੂੰ ਤੱਤੀ ਵਾਓ ਨਹੀਂ ਲੱਗਣ ਦਿੰਦਾ।

ਕਈ ਅਦੀਬਾਂ ਦੀ ਸਰੀਰਕ ਤੇ ਮਾਨਸਿਕ ਬਣਤਰ ਹੀ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਉਹ ਚਲਦੇ ਹੀ ਦਾਰੂ ਦੇ ਈਂਧਨ ਨਾਲ ਹਨ। ਵਿਲੀਅਮ ਸ਼ੈਕਸਪੀਅਰ ਵਰਗਾ ਨਾਟਕਕਾਰ ਹਾਲੇ ਤਕ ਸੰਸਾਰ ਵਿਚ ਨਹੀਂ ਹੋਇਆ। ਉਹ ਦਾਰੂ ਦੇ ਪੂਰੇ ਵਜਰੀ ਸਨ। ਉਨ੍ਹਾਂ ਨੇ ਆਪਣੇ ਜੀਵਨ ਕਾਲ ਦੌਰਾਨ 37 ਨਾਟਕ ਲਿਖੇ ਜਿਨ੍ਹਾਂ ਦਾ ਅਦਬੀ ਦੁਨੀਆ ਵਿਚ ਕੋਈ ਸਾਨੀ ਨਹੀਂ। ਲਾਰਡ ਬਾਇਰਨ, ਬਰਨਜ਼, ਮੰਟੋ, ਸਾਹਿਰ ਅਤੇ ਸਹਿਗਲ ਵਰਗਿਆਂ ਦੀ ਬੈਟਰੀ ਕੇਵਲ ਦਾਰੂ ਨਾਲ ਹੀ ਚਾਰਜ ਹੁੰਦੀ ਸੀ। ਦਾਰੂ ਤੋਂ ਬਿਨਾਂ ਉਨ੍ਹਾਂ ਦੀ ਕਲਾ ਦਾ ਕਿਆਸ ਕਰਨਾ ਲਗਭਗ ਅਸੰਭਵ ਸੀ। ਉਨ੍ਹਾਂ ਦੀ ਕਲਾ ਵਿਰੁੱਧ ਕੋਈ ਕਿੰਤੂ ਪਰੰਤੂ ਨਹੀਂ ਕਰ ਸਕਦਾ। ਲੱਸੀਆਂ ਤੇ ਸ਼ਰਦਾਈਆਂ ਪੀਣ ਵਾਲੇ ਅਦਬ ਦੀ ਦੁਨੀਆ ਵਿਚ ਏਨੀਆਂ ਲੰਮੀਆਂ ਤੇ ਡੂੰਘੀਆਂ ਉਡਾਣਾਂ ਨਹੀਂ ਭਰ ਸਕਦੇ। ਇਹ ਵੀ ਸੱਚ ਹੈ ਕਿ ਦਾਰੂ ਪੀ ਕੇ ਚੰਗੀ ਸ਼ਾਇਰੀ ਜਾਂ ਸਾਹਿਤ ਨਹੀਂ ਰਚਿਆ ਜਾ ਸਕਦਾ। ਦਾਰੂ ਦਾ ਅਸਰ ਜ਼ਾਇਆ ਹੋਣ ਉਪਰੰਤ ਹੀ ਇਹ ਲੋਕ ਆਪਣੀ ਰਚਨਾ ਕਰਦੇ ਸਨ। ਖ਼ੁਸ਼ਵੰਤ ਸਿੰਘ ਭਾਰਤ ਦੇ ਮਹਾਨ ਲੇਖਕ ਹਨ। ਉਹ 93 ਵਰ੍ਹੇ ਦੇ ਹੋਣ ਦੇ ਬਾਵਜੂਦ ਰੋਜ਼ਾਨਾ ਦਾਰੂ ਦਾ ਸੇਵਨ ਕਰਦੇ ਹਨ ਤੇ ਘੱਟ ਹੀ ਕਦੇ ਬਿਮਾਰ ਹੋਏ ਹਨ। ਦਾਰੂ ਨੇ ਉਨ੍ਹਾਂ ਵਿਚ ਕੋਈ ਵਿਗਾੜ ਨਹੀਂ ਪੈਦਾ ਕੀਤਾ। ਸਗੋਂ ਉਨ੍ਹਾਂ ਨੂੰ ਮਹਾਨ ਲੇਖਕ ਹੋਣ ਵਿਚ ਸਹਾਈ ਹੋਇਆ ਹੈ। ਅਦੀਬਾਂ ਨੂੰ ਅਦੀਬ ਬਣਨ ਤੇ ਅਦਬ ਤੇ ਫ਼ਨ ਦੀਆਂ ਸਿਖ਼ਰਾਂ ਛੂਹਣ ਵਿਚ ਦਾਰੂ ਦੀ ਭੂਮਿਕਾ ਮਹੱਤਵਪੂਰਨ ਹੈ। ਇਹ ਵੀ ਹਕੀਕਤ ਹੈ ਕੇ ਹੱਦੋਂ ਵੱਧ ਪੀਣ ਕਰਕੇ ਕਈਆਂ ਸ਼ਾਇਰਾਂ ਤੇ ਅਦੀਬਾਂ ਨੇ ਆਪਣੀ ਸਿਹਤ ਦਾ ਸੱਤਿਆਨਾਸ ਕੀਤਾ ਅਤੇ ਆਪਣੀ ਕਬਰ ਆਪਣੇ ਹੀ ਕਰ ਕੰਵਲਾਂ ਨਾਲ ਨਿਰਮਤ ਕੀਤੀ ਅਤੇ ਮੌਤ ਨੂੰ ਮਾਸੀ ਆਖਿਆ।

ਪੂਰਬ ਦੇ ਅਦੀਬਾਂ ਨੂੰ ਦਾਰੂ ਦਾ ਦਰ ਖੜਕਾਉਣ ਲਈ ਪਹਿਲਾਂ ਧਰਮ ਦੀ ਕੰਧ ਟੱਪਣੀ ਪੈਂਦੀ ਹੈ। ਪਰ ਇਹ ਲੋਕ ਇਹ ਕੰਧ ਟੱਪਣਾ ਆਪਣਾ ਧਰਮ ਸਮਝਦੇ ਹੋਏ ਆਪਣੀ ਯਾਤਰਾ ਜਾਰੀ ਰੱਖਦੇ ਹਨ। ਕਲਾਕਾਰਾਂ ਦੇ ਜੰਮਣ ਅਤੇ ਮੌਲਣ ਲਈ ਜਿੰਨੀ ਪੱਛਮ ਦੀ ਧਰਤੀ ਦਰਖੇਜ਼ ਹੈ, ਓਨੀ ਪੂਰਬ ਵਿਚ ਨਹੀਂ। ਪੂਰਬ ਦੀ ਆਬੋ-ਹਵਾ ਬਹੁਤ ਸਾਰੇ

ਕਲਾਕਾਰਾਂ ਨੂੰ ਮੁਆਫਕ ਨਹੀਂ ਹੁੰਦੀ ਪਰ ਫਿਰ ਵੀ ਕਈ ਸ਼ੇਰ ਦੂਲੇ ਸਭ ਬੰਦਸ਼ਾਂ ਬੰਧਨ ਤੋੜ ਭੰਨ ਕੇ ਆਪਣੀ ਹੋਂਦ ਜਗਾਉਂਦੇ ਹਨ। ਅਦੀਬਾਂ ਨੂੰ ਦਾਰੂ ਦੀ ਮਨਾਹੀ ਕਲਾ ਤੋਂ ਵਰਜਦੀ ਨਹੀਂ। ਸਗੋਂ ਉਹ ਲੋਕ ਬੜੀ ਸ਼ਿੱਦਤ ਅਤੇ ਸ਼ਰਧਾ ਨਾਲ ਆਪਣੀ ਮੰਜ਼ਿਲ ਵੱਲ ਵਧਦੇ ਹਨ ਅਤੇ ਅਦਬ ਦੀ ਦੁਨੀਆ ਵਿਚ ਅਮਰ ਹੋ ਜਾਂਦੇ ਹਨ। ਧਾਰਮਿਕ ਬੰਦਸ਼ਾਂ ਨੇ ਧਰਤੀ ਤੇ ਸਮਾਜ ਨੂੰ ਕੋਹਝਾ ਤੇ ਕਲਹਿਣਾ ਬਣਾਇਆ ਹੈ। ਜਦੋਂ ਕਿ ਅਦੀਬਾਂ ਤੇ ਫ਼ਨਕਾਰਾਂ ਨੇ ਧਰਤੀ ਨੂੰ ਗੁਲਜ਼ਾਰ ਤੇ ਸੁਨਹਿਰੀ ਬਣਾਉਣ ਵਿਚ ਕੋਈ ਕਸਰ ਨਹੀਂ ਛੱਡੀ। ਇਹ ਇੱਟ ਖੜਿੱਕਾ ਸਦੀਆਂ ਤੋਂ ਬਦਸਤੂਰ ਚਲਦਾ ਆ ਰਿਹਾ ਹੈ। ਨੌਂ ਮਣ ਤੇਲ ਵੀ ਇਕੱਠਾ ਹੁੰਦਾ ਰਿਹਾ ਤੇ ਰਾਧਾ ਨੱਚਦੀ ਵੀ ਰਹੀ ਹੈ। ਸ਼ਾਇਦ ਧਾਰਮਿਕ ਵਿਰੋਧਤਾ ਨੇ ਹੀ ਦਾਰੂ ਨੂੰ ਹੋਰ ਹਰਮਨ ਪਿਆਰਾ ਬਣਾਇਆ ਹੈ ਤੇ ਕਲਾਕਾਰਾਂ ਦੀ ਕਲਾ ਨੂੰ ਨਿਖਾਰਿਆ ਹੈ।

ਧਾਰਮਿਕ ਲੋਕ ਸਾਰੇ ਸਿਆਣੇ ਨਹੀਂ ਹੁੰਦੇ ਤੇ ਨਾ ਹੀ ਅਦਬੀ ਲੋਕ ਸਾਰੇ ਦੀਵਾਨੇ ਤੇ ਸਿਰ ਫਿਰੇ। ਅਦੀਬ ਘੱਟ ਗਿਣਤੀ ਵਿਚ ਹੋਣ ਕਾਰਨ ਹਮੇਸ਼ਾ ਤੋਂ ਗ਼ੈਰ ਅਦਬੀ ਬਹੁਗਿਣਤੀ ਦਾ ਸ਼ਿਕਾਰ ਰਹੇ ਹਨ। ਪਰੰਤੂ ਅਦੀਬ ਲੋਕ ਧਾਰਮਿਕ ਲੋਕਾਂ ਵਾਂਗ ਦੰਭੀ ਜਾਂ ਪਖੰਡੀ ਨਹੀਂ ਹੁੰਦੇ। ਅਦਬੀ ਲੋਕ ਜਮਾਂਦਰੂ ਹੀ ਸੱਚ ਦੇ ਪਹਿਰੇਦਾਰ ਹੁੰਦੇ ਹਨ। ਦਾਰੂ ਇਨ੍ਹਾਂ ਨੂੰ ਇਹ ਪਹਿਰਾ ਨਿਧੜਕ ਹੋ ਕੇ ਦੇਣ ਲਈ ਪ੍ਰੇਰਦੀ ਹੈ। ਦਾਰੂ ਹੀ ਅਦੀਬਾਂ ਨੂੰ ਸਮਾਜਕ ਲੁੱਟ ਖਸੁੱਟ ਅਤੇ ਬੇਇਨਸਾਫ਼ੀ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨ ਦਾ ਬਲ ਬਖ਼ਸ਼ਦੀ ਹੈ। ਲੱਸੀ ਪੀ ਕੇ ਬਘਿਆੜਾਂ ਨਾਲ ਸੰਘਰਸ਼ ਨਹੀਂ ਕੀਤਾ ਜਾ ਸਕਦਾ। ਬਲ ਤੇ ਸਾਹਸ ਤਾਂ ਸਾਡੀਆਂ ਅੰਦਰੂਨੀ ਜਗੀਰਾਂ ਹਨ। ਦਾਰੂ ਇਨ੍ਹਾਂ ਖ਼ਜ਼ਾਨਿਆਂ ਦੇ ਦਰ ਖੋਲ੍ਹਣ ਵਿਚ ਅਦੀਬਾਂ ਦੇ ਅੰਗ ਸੰਗ ਸਹਾਈ ਹੁੰਦਾ ਹੈ। ਦਾਰੂ ਦਾ ਸਾਡੇ ਇਖਲਾਕ ਨਾਲ ਕੋਈ ਸੰਬੰਧ ਨਹੀਂ। ਇਹ ਤਾਂ ਇਕ ਪਾਣੀ ਹੈ ਜੋ ਟਾਨਿਕ ਦਾ ਕੰਮ ਦਿੰਦਾ ਹੈ। ਧਾਰਮਿਕ ਤੇ ਦਾਨੇ ਲੋਕ ਖਾਹ ਮਖਾਹ ਇਸਦੀ ਵਿਰੋਧਤਾ ਕਰਦੇ ਹਨ। ਜ਼ਰੂਰੀ ਨਹੀਂ ਕਿ ਇਹ ਲੋਕ ਵਿਸ਼ਾਲ ਹਿਰਦੇ ਵਾਲੇ ਤੇ ਦੂਰ-ਦਰਸ਼ੀ ਹੋਣ। ਇਸ ਤਬਕੇ ਨੇ ਜਿਥੇ ਸਮਾਜ ਨੂੰ ਉਸਾਰੂ ਤੇ ਨਰੋਈਆਂ ਕੀਮਤਾਂ ਅਪਣਾਉਣ ਲਈ ਪ੍ਰੇਰਿਆ ਹੈ ਉਥੇ ਸਮਾਜ ਦੀਆਂ ਉਭਰਦੀਆਂ ਅਤੇ ਅਗਾਂਹਵਧੂ ਸ਼ਕਤੀਆਂ ਤੇ ਲਹਿਰਾਂ ਦੀ ਨਜਾਇਜ਼ ਵਿਰੋਧਤਾ ਕੀਤੀ ਹੈ। ਜਿਨ੍ਹਾਂ ਵਿਅਕਤੀਆਂ ਨੇ ਸਮਾਜ ਨੂੰ ਸੁਨਹਿਰੀ ਸਵੇਰਾਂ ਵੱਲ ਮੋੜਨਾ ਸੀ ਉਨ੍ਹਾਂ ਨੂੰ ਇਨ੍ਹਾਂ ਭੱਦਰ ਪੁਰਸ਼ਾਂ ਨੇ ਉੱਗਣ ਹੀ ਨਹੀਂ ਦਿੱਤਾ। ਪਰੰਪਰਾਵਾਦੀ ਸਮਾਜਿਕ ਤੇ ਧਾਰਮਿਕ ਨੇਤਾਵਾਂ ਨੇ ਸਾਡੀ ਨੌਜਵਾਨ ਪੀੜ੍ਹੀ ਦੀ ਮੌਲਕਤਾ ਨੂੰ ਹਮੇਸ਼ਾ ਭੰਗ ਕੀਤਾ ਹੈ ਤੇ ਉਨ੍ਹਾਂ ਨੂੰ ਬੇਸੁਰੇ ਰਾਗ ਅਲਾਪਣ ਲਈ ਮਜਬੂਰ ਕੀਤਾ ਹੈ। ਅਗਾਂਹ ਤੋਂ ਵਾਹਿਗੁਰੂ ਇਨ੍ਹਾਂ ਨੂੰ ਸੁਮੱਤ ਬਖ਼ਸ਼ੇ।

ਵਿਸ਼ਵ ਸਾਹਿਤ ਤੇ ਕਲਾ ਨੇ ਇਸ ਪ੍ਰਿਥਵੀ ਦਾ ਮੂੰਹ ਮੱਥਾ ਸੰਵਾਰਿਆ ਤੇ ਸਜਾਇਆ ਹੈ। ਸਾਡਾ ਵਿਰਸਾ ਤੇ ਸਭਿਆਚਾਰ ਅਦੀਬਾਂ ਤੇ ਕਲਾਕਾਰਾਂ ਦੀਆਂ ਮਹਾਨ ਕਿਰਤਾਂ ਨਾਲ ਸ਼ਿੰਗਾਰਿਆ ਹੋਇਆ ਹੈ। ਦਾਰੂ ਨੇ ਇਸ ਕਾਰਜ ਵਿਚ ਸੋਨੇ ਉਪਰ ਸੁਹਾਗੇ ਦਾ ਕੰਮ ਦਿੱਤਾ ਹੈ। ਕਿਆਸ ਕਰੋ ਕਿ ਜੇਕਰ ਇਹ ਅਜ਼ੀਮ ਤੇ ਅਦੁੱਤੀ ਅਦੀਬ ਤੇ ਫਨਕਾਰ ਸਾਡੇ ਸੰਸਕ੍ਰਿਤਕ ਵਿਰਸੇ ਦਾ ਸ਼ਿੰਗਾਰ ਨਾ ਬਣਦੇ ਤਾਂ ਸਾਡੇ ਮਨੁੱਖੀ ਸਮਾਜ ਦੀ ਦਿੱਖ ਕਿਸ ਤਰ੍ਹਾਂ ਦੀ ਹੁੰਦੀ। ਅਦੀਬ ਦੁਨੀਆ ਜ਼ਿੰਦਾਬਾਦ।

ਦਾਰੂ ਤੇ ਚੜ੍ਹਦੀ ਕਲਾ

ਦਾਰੂ ਚੜ੍ਹਦੀ ਕਲਾ ਦਾ ਦੂਜਾ ਨਾਮ ਹੈ। ਇਸ ਦਾ ਨਾਮ ਸੁਣਦਿਆਂ ਇਸਦੇ ਦਰਸ਼ਨ ਕੀਤਿਆਂ ਅਤੇ ਇਸਦਾ ਜ਼ਾਇਕਾ ਚਖਦਿਆਂ ਹੀ ਮੁਰਦੇ ਵੀ ਇਕ ਵਾਰ ਫਿਰ ਜੀਣ ਦਾ ਇਰਾਦਾ ਬਣਾ ਲੈਂਦੇ ਹਨ। ਧਰਮ ਰਾਜ ਨੂੰ ਟਾ ਟਾ ਕਰਦੇ ਉਹ ਦੋਬਾਰਾ ਲੋਕ ਵੱਲ ਮੁੱਖ ਮੋੜ ਲੈਂਦੇ ਹਨ। ਦਾਰੂ ਹੀ ਇਕ ਅਜਿਹਾ ਨਸ਼ਾ ਹੈ ਜਿਹੜਾ ਬੰਦੇ ਨੂੰ ਦਲੇਰ ਤੇ ਸਾਹਸੀ ਬਣਾਉਂਦਾ ਹੈ। ਜਿਹੜਾ ਬੰਦਾ ਕੁੱਤੀ ਨੂੰ ਸੋਟੀ ਨਾ ਮਾਰ ਸਕਦਾ ਹੋਵੇ, ਉਹ ਦੋ ਘੁੱਟ ਪੀ ਕੇ ਸ਼ੇਰਾਂ ਨੂੰ ਲਲਕਾਰਦਾ ਫਿਰਦਾ ਹੈ। ਬਾਕੀ ਨਸ਼ੇ ਬੰਦੇ ਨੂੰ ਮਗਨ, ਮਸਤ ਜਾਂ ਸੁੰਨ ਹੀ ਕਰਦੇ ਹਨ ਪਰੰਤੂ ਦਾਰੂ ਬਿੱਲੀਆਂ ਨੂੰ ਸ਼ੇਰ ਬਣਾਉਣ ਦੀ ਅਦੁੱਤੀ ਕਰਾਮਾਤ ਰੱਖਦਾ ਹੈ। ਜੇਕਰ ਕੋਈ ਸੈਨਾ ਪਿੱਠ ਦੇ ਕੇ ਖਿਿੜਕਦੀ ਤੇ ਮੈਦਾਨ ਛੱਡਣ ਨੂੰ ਫਿਰੇ ਤਾਂ ਫ਼ੌਜੀ ਜਰਨੈਲ ਉਨ੍ਹਾਂ ਨੂੰ ਦਾਰੂ ਪਿਲਾ ਕੇ ਫਿਰ ਮੈਦਾਨ ਵੱਲ ਭੇਜਦੇ ਹਨ। ਇਹੀ ਸੈਨਿਕ ਫਿਰ ਸਿਰਲੱਥ ਸੂਰੇ ਬਣ ਕੇ ਦੁਸ਼ਮਣਾਂ ਨੂੰ ਲੱਭ ਲੱਭ ਮਾਰਦੇ ਹਨ। ਚੜ੍ਹ ਜਾ ਬੱਚਾ ਸੂਲੀ ਰਾਮ ਭਲੀ ਕਰੇਗਾ। ਦੂਜੇ ਨਸ਼ੇ ਪੀ ਕੇ ਬੰਦੇ ਮੌਜੀ ਠਾਕਰ ਤੇ ਸੁਖ ਰਹਿਣੇ ਹੋ ਜਾਂਦੇ ਹਨ। ਬਹੁਤੇ ਲੇਟ ਕੇ ਆਰਾਮ ਕਰਨਾ ਹੀ ਬਿਹਤਰ ਸਮਝਦੇ ਹਨ। ਕਿਸੇ ਸ਼ਾਇਰ ਨੇ ਕਿਸੇ ਮੁੱਲਾਂ ਨੂੰ ਮਜ਼ਾਕ ਨਾਲ ਠੀਕ ਹੀ ਤਾਂ ਆਖਿਆ ਸੀ—

> ਮੁੱਲਾਂ ਅਗਰ ਅਸਰ ਹੈ ਦੁਆ ਮੇਂ, ਤੋ ਮਸਜਿਦ ਹਿਲਾ ਕੇ ਦਿਖਾ
> ਗਰ ਨਹੀਂ ਤੋ ਦੋ ਘੁੰਟ ਪੀ ਔਰ ਮਸਜਿਦ ਕੋ ਹਿਲਤਾ ਦੇਖ।

ਜਦੋਂ ਕੋਈ ਢੇਰੀ ਢਾਹ ਕੇ ਸਿਰ ਸੁੱਟ ਕੇ, ਹਾਰ ਹੰਭ ਕੇ ਅੱਕ ਥੱਕ ਕੇ, ਥੱਕ ਟੁੱਟ ਕੇ ਚੂਰੋ ਚੂਰ ਹੋ ਜਾਵੇ ਤਾਂ ਉਸਦੀ ਮਨੋਬਿਰਤੀ ਬਦੋਬਦੀ ਢਹਿੰਦੀਆਂ ਕਲਾਂ ਵੱਲ ਖਿਸਕਣੀ ਸ਼ੁਰੂ ਹੋ ਜਾਂਦੀ ਹੈ। ਉਹ ਆਮ ਤੌਰ 'ਤੇ ਛਿੱਥਾ, ਲਾਚਾਰ ਤੇ ਜੀ-ਭਿਆਣਾ ਹੋ ਕੇ ਗੋਡੇ ਟੇਕ ਦੇਂਦਾ ਹੈ। ਹਥਿਆਰ ਸੁੱਟ ਦੇਂਦਾ ਹੈ। ਉਹ ਘਰ ਦੀਆਂ ਨੁੱਕਰਾਂ ਲੱਭਦਾ ਫਿਰਦਾ ਹੈ। ਖ਼ੁਸ਼ਕਿਸਮਤੀ ਨਾਲ ਜੇਕਰ ਉਸ ਵੇਲੇ ਉਸਦਾ ਕੋਈ ਲੰਗੋਟੀਆ ਚਾਣਚੱਕ ਆ ਟਪਕੇ ਅਤੇ ਉਸ ਨੇ ਅਧੀਆ ਕੱਛ ਵਿਚ ਦਿੱਤਾ ਹੋਵੇ, ਉਸਦੀ ਆਮਦ ਸਾਰਾ ਦ੍ਰਿਸ਼ ਹੀ ਬਦਲ ਦੇਂਦੀ ਹੈ। ਉਹੀ ਬੰਦਾ ਦੋ ਚਾਰ ਘੁੱਟ ਪੀ ਕੇ ਮੋਰਾਂ ਵਾਂਗ ਪੈਲਾਂ ਪਾਉਣੀਆਂ ਸ਼ੁਰੂ ਕਰ ਦੇਂਦਾ ਹੈ। ਮਿੰਟੋ-ਮਿੰਟੀ ਲਹਿਰਾਂ ਬਹਿਰਾਂ ਛਾਅ ਜਾਂਦੀਆਂ ਹਨ। ਉਹ ਪਲੋ ਪਲੀ ਨੌਂ-ਬਰ-ਨੌਂ ਹੋ ਜਾਂਦਾ ਹੈ। ਕੋਈ ਯਕੀਨ ਨਹੀਂ ਕਰੇਗਾ ਕਿ ਇਹੀ ਆਦਮੀ ਕੁਝ ਪਲ ਪਹਿਲਾਂ ਮੁਰਦਿਆਂ ਵਾਂਗ ਢੱਠਾ ਪਿਆ ਸੀ ਤੇ ਹੁਣ ਉਹ ਦਾਰੂ ਨਾਲ ਮੁਲਾਕਾਤ ਬਾਅਦ ਡੱਡੂ ਵਾਂਗ ਟਪੂਸੀਆਂ ਮਾਰਦਾ ਫਿਰਦਾ ਹੈ। ਟਟਹਿਣੇ ਵਾਂਗ ਜਗਮਗ ਜਗਮਗ ਕਰਦਾ

ਫਿਰਦਾ ਹੈ। ਉਹ ਰੱਬ ਨੂੰ ਪੇਚਾ ਪਾਉਣ ਨੂੰ ਫਿਰਦਾ ਹੈ। ਮਿਰਜ਼ੇ ਵਾਂਗ ਅੰਬਰਾਂ ਨੂੰ ਵੰਗਾਰਨ ਲੱਗਦਾ ਹੈ।

ਦਾਰੂ ਦੇ ਸ਼ੌਕੀਨ ਦਿਨ ਚੜ੍ਹਦੇ ਹੀ ਰਾਤ ਦੀ ਉਡੀਕ ਕਰਨ ਲੱਗ ਪੈਂਦੇ ਹਨ। ਉਹ ਦਿਨੇ ਪੀਂਦੇ ਨਹੀਂ ਪਰੰਤੂ ਉਨ੍ਹਾਂ ਨੂੰ ਸ਼ਾਮ ਦਾ ਇੰਤਜ਼ਾਰ ਹੀ ਨਸ਼ੱਈ ਕਰ ਦਿੰਦੀ ਹੈ। ਉਹ ਦੂਹੋ-ਦੂਹ ਮਨ ਮਾਰ ਕੇ ਲਹੂ ਪਸੀਨਾ ਇਕ ਕਰ ਛੱਡਦੇ ਹਨ। ਕੋਹਲੂ ਦੇ ਬੈਲ ਵਾਂਗ ਜੁਪੇ ਰਹਿੰਦੇ ਸਨ। ਦਾਰੂ ਪੀਣ ਦਾ ਚਾਅ ਹੀ ਮਸ਼ੂਕ ਵਾਂਗ ਉਸ ਨੂੰ ਚੜ੍ਹਦੀਆਂ ਕਲਾਂ ਵਿਚ ਰੱਖਦਾ ਹੈ। ਥਕਾਵਟ ਉਨ੍ਹਾਂ ਦੇ ਲਾਗੇ ਵੀ ਨਹੀਂ ਫਟਕਦੀ। ਸ਼ਾਮਾਂ ਪੈਂਦਿਆਂ ਹੀ ਉਹ ਮੱਕੀ ਦੇ ਦਾਣੇ ਵਾਂਗ ਖਿੜ ਜਾਂਦੇ ਹਨ। ਨਾੜਾਂ ਵਿਚ ਖ਼ੂਨ ਭੱਜਣਾ ਸ਼ੁਰੂ ਕਰਦਾ ਹੈ ਅਤੇ ਚਿਹਰੇ ਦੀ ਰੰਗਤ ਹੀ ਬਦਲ ਜਾਂਦੀ ਹੈ। ਉਸਦੇ ਖ਼ੁਸ਼ੀ ਨਾਲ ਪੈਰ ਭੁੰਜੇ ਨਹੀਂ ਲੱਗਦੇ। ਉਸ ਨੂੰ ਦੁਨੀਆ ਰੰਗੀਨ ਲੱਗਣ ਲੱਗਦੀ ਹੈ। ਜੱਨਤ ਦੇ ਨਜ਼ਾਰੇ ਧਰਤੀ ਉੱਤੇ ਝਾਤੀਆਂ ਮਾਰਨ ਲੱਗਦੇ ਹਨ। ਨੁਹਾਰ ਹੀ ਬਦਲ ਜਾਂਦੀ ਹੈ।

ਕੇਵਲ ਵਿਅਕਤੀ ਹੀ ਨਹੀਂ ਦਾਰੂ ਪੀਣ ਵਾਲੀਆਂ ਕੌਮਾਂ ਵੀ ਚੜ੍ਹਦੀ ਕਲਾ ਵਿਚ ਰਹਿੰਦੀਆਂ ਹਨ। ਮੁਸਲਮਾਨਾਂ ਵਿਚ ਭਾਵੇਂ ਧਰਮ ਵੱਲੋਂ ਪੀਣ ਦੀ ਮਨਾਹੀ ਹੈ ਪਰ ਉਹ ਵੀ ਹਿੰਦੂਆਂ ਸਿੱਖਾਂ ਵਾਂਗ ਪੀਣ ਦੇ ਬੜੇ ਵਜਰੀ ਹੁੰਦੇ ਹਨ। ਉਹ ਲੁਕ ਛਿਪ ਕੇ ਉਹਲੇ ਨਾਲ ਪੀਂਦੇ ਹਨ ਤੇ ਜੀਂਦੇ ਹਨ। ਉਹ ਮੀਟ ਖਾਣ ਦੇ ਬੇਹੱਦ ਸ਼ੌਕੀਨ ਹੁੰਦੇ ਹਨ। ਮੀਟ ਉਨ੍ਹਾਂ ਨੂੰ ਮੋਟੇ ਤੇ ਸੁਸਤ ਕਰ ਦਿੰਦਾ ਹੈ। ਮੀਟ ਨੂੰ ਪਚਾਉਂਦੀ ਤਾਂ ਦਾਰੂ ਹੀ ਹੈ। ਮੀਟ ਦਾਰੂ ਨੂੰ ਜੀ ਆਇਆਂ ਆਖਦਾ ਹੈ। ਮੁਸਲਮਾਨ ਵੀ ਜਦੋਂ ਕੋਈ ਜਸ਼ਨ ਮਨਾ ਰਹੇ ਹੋਣ ਤਾਂ ਦਾਰੂ ਪੀ ਕੇ ਬਹੁਤ ਖਿੜਦੇ ਹਨ। ਲੁਕ ਲੁਕਾ ਕੇ ਪੀਣ ਨਾਲ ਮਜ਼ਾ ਹੀ ਮਾਰਿਆ ਜਾਂਦਾ ਹੈ। ਇਸ ਲਈ ਈਸਾਈਆਂ ਵਾਂਗ ਸ਼ਰੇਆਮ ਗੱਜ ਵਜਾ ਕੇ ਪੀਣੀ ਚਾਹੀਦੀ ਹੈ। ਪੀਣਾ ਕੋਈ ਗੁਨਾਹ ਨਹੀਂ। ਮਨ ਮਰਜ਼ੀ ਦਾ ਮੇਲਾ ਹੈ।

ਦੂਜੇ ਪਾਸੇ ਈਸਾਈਅਤ ਵਿਚ ਦਾਰੂ ਉਨ੍ਹਾਂ ਦੀ ਕੌਮੀ ਖ਼ੁਰਾਕ ਹੈ। ਇਸ ਖ਼ੁਰਾਕ ਨੇ ਉਨ੍ਹਾਂ ਵਿਚ ਕੋਈ ਵਗਾੜ ਪੈਦਾ ਨਹੀਂ ਕੀਤਾ। ਸਗੋਂ ਈਸਾਈਆਂ ਨੇ ਤਾਂ ਸਾਰੀ ਦੁਨੀਆ ਨੂੰ ਜੀਣਾ ਸਿਖਾਇਆ ਹੈ। ਖਾਣ ਪੀਣ ਵਿਚ ਉਨ੍ਹਾਂ ਦਾ ਨਜ਼ਰੀਆ ਹਮੇਸ਼ਾ ਸਾਰਥਕ, ਯਥਾਰਥਕ, ਉਸਾਰੂ ਤੇ ਸਿਹਤਮੰਦ ਰਿਹਾ ਹੈ। ਇਸ ਧਰਮ ਵਿਚ ਫੋਕੀਆਂ ਤੇ ਗ਼ੈਰ ਕੁਦਰਤੀ ਬੰਦਸ਼ਾਂ ਨਹੀਂ ਹਨ। ਇਨ੍ਹਾਂ ਦਾ ਧਰਮ ਕਰਮਕਾਂਡ ਨਹੀਂ ਠੋਸਦਾ। ਇਹ ਲੋਕ ਸਦੀਆਂ ਤੋਂ ਦਾਰੂ ਪੀਂਦੇ ਆ ਰਹੇ ਹਨ। ਇਨ੍ਹਾਂ ਦਾ ਇਖਲਾਕ ਦਾਰੂ ਨਾਲ ਭ੍ਰਿਸ਼ਟ ਤਾਂ ਨਹੀਂ ਹੋਇਆ। ਇਨ੍ਹਾਂ ਨੇ ਵਿਗਿਆਨ ਤੇ ਤਕਨਾਲੋਜੀ ਨਾਲ ਮਨੁੱਖੀ ਗਿਆਨ, ਸਿਹਤ ਤੇ ਖ਼ੁਸ਼ਹਾਲੀ ਵਿਚ ਲੋਹੜੇ ਦੀ ਖ਼ੁਸ਼ਹਾਲੀ ਲਿਆਂਦੀ ਹੈ। ਇਸਦੇ ਮੁਕਾਬਲੇ ਹਿੰਦੂਆਂ ਮੁਸਲਮਾਨਾਂ ਤੇ ਬੋਧੀਆਂ ਨੇ ਮਨੁੱਖ ਨੂੰ ਰੀਤਾਂ ਰਿਵਾਜਾਂ ਤੇ ਬੰਦਸ਼ਾਂ ਦੀਆਂ ਬੇੜੀਆਂ ਨਾਲ ਨੂੜ ਕੇ ਗੁਲਾਮ ਤੇ ਜ਼ਲੀਲ ਕੀਤਾ ਹੈ। ਖਾਣਾ ਪੀਣਾ ਮਨ ਦਾ ਚਾਅ ਹੈ, ਧਰਮ ਨਾਲ ਸਿੱਧਾ ਇਸਦਾ ਕੋਈ ਸੰਬੰਧ ਨਹੀਂ। ਅਸਿੱਧਾ ਵੀ ਨਹੀਂ।

ਹੁਣ ਅਸੀਂ ਇਹ ਵਿਚਾਰਨਾ ਹੈ ਕਿ ਚੜ੍ਹਦੀ ਕਲਾ ਵਿਚ ਰਹਿਣਾ ਮਨੁੱਖ ਲਈ ਕਿਉਂ ਲਾਜ਼ਮੀ ਹੈ ? ਜੀਵਨ ਦੇ ਸੰਘਰਸ਼ ਵਿਚ ਉਹੀ ਸ਼ਖ਼ਸ ਨਿਰੰਤਰ ਸਫ਼ਲਤਾ ਪੂਰਵਕ

ਤੇ ਸਵੈ ਵਿਸ਼ਵਾਸ ਤੇ ਮਾਣ ਨਾਲ ਜੂਝ ਸਕਦਾ ਹੈ ਜੇਕਰ ਉਹ ਚੜ੍ਹਦੀਆਂ ਕਲਾਂ ਵਿਚ ਰਹਿਣ ਦਾ ਆਦੀ ਹੋਵੇ। ਟੁੱਟੇ ਤੇ ਬੁਝੇ ਹੋਏ ਦਿਲ ਵਾਲੇ ਲੋਕ ਜੂਝਣ ਤੋਂ ਪਹਿਲਾਂ ਹੀ ਹਾਰ ਤਸਲੀਮ ਕਰ ਲੈਂਦੇ ਹਨ। ਜੇਕਰ ਤੁਸੀਂ ਹੱਸ ਮੁਸਕਰਾਓਗੇ ਤਾਂ ਦੁਨੀਆ ਵੀ ਤੁਹਾਡੇ ਨਾਲ ਚਹਿਕੇਗੀ। ਜੇਕਰ ਰੋਵੋਗੇ ਤਾਂ ਕੇਵਲ ਸਵਾਂ ਲੱਖ ਨੂੰ ਹੀ ਹੰਝੂ ਕੇਰਨੇ ਪੈਣਗੇ। ਚੜ੍ਹਦੀ ਕਲਾ ਵਿਚ ਰਹਿਣਾ ਇਕ ਦਲੇਰ ਤੇ ਸੂਝਵਾਨ ਬੰਦੇ ਦਾ ਲੱਛਣ ਸਮਝਿਆ ਜਾਂਦਾ ਹੈ। ਐਵੇਂ ਝੂਰਦੇ ਰਹਿਣਾ ਇਕ ਬਚਕਾਨਾ ਹਰਕਤ ਹੈ। ਬੁਜ਼ਦਿਲ ਲੋਕ ਨਾ ਕਦੇ ਆਪ ਚੜ੍ਹਦੀ ਕਲਾ ਵਿਚ ਵਿਚਰਦੇ ਹਨ ਤੇ ਨਾ ਹੀ ਕਿਸੇ ਨੂੰ ਵਿਚਰਨ ਦੇਂਦੇ ਹਨ। ਉਹ ਜਿਥੇ ਵੀ ਜਾਂਦੇ ਹਨ, ਆਪਣਾ ਨਰਕ ਨਾਲ ਹੀ ਚੁੱਕੀ ਫਿਰਦੇ ਹਨ। ਚੜ੍ਹਦੀ ਕਲਾ ਵਾਲੇ ਸੂਰਮੇ, ਜਿਥੇ ਵੀ ਵੱਸਣ ਉਹ ਸਵਰਗ ਹੀ ਹੁੰਦਾ ਹੈ ਜਾਂ ਉਸਦਾ ਕੋਈ ਨਮੂਨਾ ਜਾਂ ਉਸਦੀ ਤਸਵੀਰ।

ਚੜ੍ਹਦੀ ਕਲਾ ਵਿਚ ਕਿਵੇਂ ਰਿਹਾ ਜਾ ਸਕਦਾ ਹੈ ? ਸਾਨੂੰ ਜੀਵਨ ਦੀ ਕਲਾ ਸਿੱਖਣੀ ਪਵੇਗੀ। ਇਸ ਵਾਸਤੇ ਸਾਡਾ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਹਾਂ ਪੱਖੀ ਤੇ ਸਿਹਤਮੰਦ ਹੋਣਾ ਚਾਹੀਦਾ ਹੈ। ਤੁਹਾਡੀ ਨਰੋਈ ਵਿਚਾਰਧਾਰਾ ਤੇ ਜੀਵਨ ਫ਼ਲਸਫ਼ਾ ਹੀ ਤੁਹਾਨੂੰ ਚੜ੍ਹਦੀਆਂ ਕਲਾਂ ਵਿਚ ਰੱਖ ਸਕਦੇ ਹਨ। ਇਹ ਬੁਨਿਆਦੀ ਸਮੱਗਰੀ ਹੈ। ਪਰ ਸਾਡੇ ਧਾਰਮਿਕ ਆਗੂਆਂ ਤੇ ਸਮਾਜ ਸ਼ਾਸਤਰੀਆਂ ਨੇ ਸਿੱਧੇ ਸਾਦੇ ਜੀਵਨ ਨੂੰ ਜਾਣ ਬੁਝ ਕੇ ਏਨਾ ਪੇਚੀਦਾ, ਬੋਝਲ ਤੇ ਰੁੱਖਾ ਬਣਾ ਦਿੱਤਾ ਹੈ ਕਿ ਬੰਦਾ ਬਦੋਬਦੀ ਢਹਿੰਦੀਆਂ ਕਲਾਂ ਵੱਲ ਜਾਣ ਨੂੰ ਫਿਰਦਾ ਹੈ। ਥਾਂ ਥਾਂ ਪਰੰਪਰਾਵਾਂ ਤੇ ਧਰਮ ਦੇ ਪੰਗੇ ਤੇ ਅੜੰਗੇ ਹਨ। ਇਨ੍ਹਾਂ ਨੂੰ ਪਾਰ ਕਰਨ ਲੱਗਿਆਂ ਬੰਦਾ ਕਾਫਰ ਤੇ ਬੇਦਿਲ ਹੋ ਜਾਂਦਾ ਹੈ। ਕਮਰ-ਕੱਸਾ ਲਾਹੁਣ ਨੂੰ ਲੋਚਦਾ ਹੈ। ਇਸ ਸੰਕਟਮਈ ਘੜੀ ਵਿਚ ਦਾਰੂ ਉਸ ਨੂੰ ਠੁਮਣਾ ਦੇ ਕੇ ਫਿਰ ਕਾਇਮ ਕਰ ਸਕਦਾ ਹੈ। ਉਹ ਫਿਰ ਮੁੱਖ ਧਾਰਾ ਵਿਚ ਸ਼ਾਮਲ ਹੋ ਜਾਂਦਾ ਹੈ। ਡੁੱਬਦੇ ਨੂੰ ਤੀਲ੍ਹਿਆਂ ਦਾ ਸਹਾਰਾ। ਜਿਵੇਂ ਨਿਹੰਗ ਲੋਕ ਸੁੱਖੇ ਦਾ ਸੇਵਨ ਕਰਕੇ ਦੁਨੀਆ ਭਰ ਦੇ ਦੁੱਖਾਂ ਕਲੇਸ਼ਾਂ ਨੂੰ ਪਾਸੇ ਰੱਖ ਕੇ ਪੈਲਾਂ ਪਾਉਣ ਲੱਗਦੇ ਹਨ, ਇੰਜ ਹੀ ਦਾਰੂ ਵੀ ਤੁਹਾਨੂੰ ਮਦਹੋਸ਼ ਮੰਜ਼ਲਾਂ ਦੌਰਾਨ ਚੜ੍ਹਦੀ ਕਲਾ ਵਿਚ ਰੱਖ ਕੇ ਤੁਹਾਡੀ ਦਿਸ਼ਾ ਤੇ ਦਸ਼ਾ ਨੂੰ ਸਹੀ ਰੱਖ ਸਕਦਾ ਹੈ।

ਸਾਡੇ ਦਸਮੇਸ਼ ਪਿਤਾ ਨੇ ਸਾਨੂੰ ਹਮੇਸ਼ਾ ਚੜ੍ਹਦੀਆਂ ਕਲਾ ਵਿਚ ਰੱਖਣ ਦਾ ਪਾਠ ਪੜ੍ਹਾਇਆ। ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਨਿਸਚੇ ਨਾਲ ਜੀਤ ਪ੍ਰਾਪਤ ਕਰਨ ਦਾ ਦਾਅਵਾ ਕੀਤਾ। ਸਿੱਖ ਬਿੱਲੀਆਂ ਵਾਲੀ ਬੁਜ਼ਦਿਲੀ ਛੱਡ ਕੇ ਸ਼ੇਰਾਂ ਨਾਲ ਜੂਝਣ ਲਈ ਤਤਪਰ ਹੋ ਗਏ। ਸਵਾ ਲੱਖ ਨਾਲ ਇਕੋ ਨੂੰ ਲੜਾਉਣ ਲਈ ਤਿਆਰ ਹੋ ਗਏ। ਗਿੱਦੜ ਸ਼ੇਰ ਬਣ ਕੇ ਬੁੱਕਣ ਲੱਗੇ। ਚਿੜੀਆਂ ਬਾਜ ਬਣ ਗਈਆਂ। ਮੁਸਲਮਾਨ ਉਨ੍ਹਾਂ ਲਈ ਗਾਜਰਾਂ ਮੂਲੀਆਂ ਬਣ ਗਏ। ਉਨ੍ਹਾਂ ਲਈ ਕੁਝ ਵੀ ਅਸੰਭਵ ਨਾ ਰਿਹਾ। 'ਪੀਓ ਖੰਡੇਧਾਰ ਹੋਇ ਜਨਮ ਸੁਹੇਲਾ' ਇਹ ਤਾਂ ਅੰਮ੍ਰਿਤਪਾਨ ਦੀ ਅਦੁੱਤੀ ਕਰਾਮਾਤ ਸੀ। ਜਿਸ ਨੇ ਭਾਰਤ ਦਾ ਇਤਿਹਾਸ ਬਦਲ ਕੇ ਰੱਖ ਦਿੱਤਾ।

ਪਰ ਸਮੇਂ ਦੇ ਗੇੜ ਨਾਲ ਗਿਰਾਵਟਾਂ ਸ਼ੁਰੂ ਹੋ ਗਈਆਂ। ਸਾਡਾ ਧਰਮ ਵਿਚ

ਵਿਸ਼ਵਾਸ ਪਤਲਾ ਪੈਣਾ ਸ਼ੁਰੂ ਹੋ ਗਿਆ। ਸਾਡੀ ਸ਼ਰਧਾ ਤੇ ਆਸਥਾ ਧੁੰਦਲੀ ਪੈਣੀ ਸ਼ੁਰੂ ਹੋ ਗਈ। ਲੋਕੀ ਅੰਮ੍ਰਿਤ ਪੀ ਕੇ ਉਥੇ ਹੀ ਟਿਕੇ ਰਹਿੰਦੇ ਹਨ। ਅੰਮ੍ਰਿਤ ਦਾ ਹੁਲਾਰਾ ਉਨ੍ਹਾਂ ਦੀ ਆਤਮਾ ਤਕ ਨਹੀਂ ਜਾਂਦਾ।ਉਹੀ ਕਾਰਨ ਹੈ ਕਿ ਅੱਜ ਕੱਲ੍ਹ ਦੇ ਸਿੱਖ ਹਿੰਦੂਆਂ ਨਾਲੋਂ ਬਹੁਤੇ ਦਲੇਰ ਨਹੀਂ। ਉਨ੍ਹਾਂ ਵਿਚ ਉਹ ਸਿੱਖੀ ਸਪਿਰਟ ਨਹੀਂ, ਜੋ ਹੋਣੀ ਚਾਹੀਦੀ ਹੈ। ਇਹ ਸਪਿਰਟ ਅੱਜ ਕੱਲ੍ਹ ਦਾਰੂ ਨੇ ਲੈ ਲਈ ਹੈ। ਅੱਜ ਕੱਲ੍ਹ ਦੇ ਸਿੱਖ ਕੇਵਲ ਦਾਰੂ ਪੀ ਕੇ ਹੀ ਚੜ੍ਹਦੀਆਂ ਕਲਾਂ ਵਿਚ ਰਹਿਣ ਲੱਗ ਪਏ ਹਨ। ਭਾਵੇਂ ਕੁਝ ਪ੍ਰਤੀਸ਼ਤ ਅਜੇ ਵੀ ਦਸਮੇਸ਼ ਦੇ ਦੁਲਾਰੇ ਹਨ ਪਰੰਤੂ ਬਹੁਤਿਆਂ ਦਾ ਤਾਂ ਆਵਾ ਹੀ ਊਤ ਗਿਆ ਹੈ। ਇਹ ਸਾਡੀ ਕੌਮ ਦੀ ਚੜ੍ਹਦੀਆਂ ਕਲਾਂ ਦਾ ਲੱਛਣ ਨਹੀਂ ਹੈ। ਚੜ੍ਹਦੀਆਂ ਕਲਾਂ ਸਾਡੇ ਕੋਲੋਂ ਖਿਸਕ ਰਹੀਆਂ ਹਨ। ਅਸੀਂ ਦਸਮੇਸ਼ ਪਿਤਾ ਨੂੰ ਵਿਸਾਰ ਚੁੱਕੇ ਹਾਂ।

ਜਸ਼ਨ ਤੇ ਦਾਰੂ ਦਾ ਚੋਲੀ ਦਾਮਨ ਦਾ ਸਾਥ ਹੈ। ਜਿਥੇ ਖ਼ੁਸ਼ੀ ਹੁੰਦੀ ਹੈ ਉਥੇ ਹੀ ਜਸ਼ਨ ਮਨਾਏ ਜਾਂਦੇ ਹਨ। ਦਾਰੂ ਜਸ਼ਨਾਂ ਦੀ ਖ਼ੁਸ਼ੀ ਵਿਚ ਇਜਾਫ਼ਾ ਕਰਦਾ ਹੈ। ਜਦੋਂ ਸਾਡੇ ਵਿਆਹ ਸ਼ਾਦੀਆਂ ਦੇ ਸਮਾਗਮ ਹੁੰਦੇ ਹਨ, ਖ਼ੁਸ਼ੀਆਂ ਵਿਚ ਵਾਧਾ ਕਰਨ ਲਈ ਦਾਰੂ ਦਾ ਸਹਾਰਾ ਲਿਆ ਜਾਂਦਾ ਹੈ। ਇਸੇ ਕਰਕੇ ਦਾਰੂ ਅਜਿਹੇ ਸਮਾਗਮਾਂ ਦਾ ਅਟੁੱਟ ਅੰਗ ਬਣਦਾ ਜਾ ਰਿਹਾ ਹੈ। ਸ਼ਾਦੀ ਦਾ ਮਤਲਬ ਹੀ ਖ਼ੁਸ਼ੀ ਹੁੰਦੀ ਹੈ। ਖ਼ੁਸ਼ੀ ਵਿਚ ਦਾਰੂ ਲਾਜ਼ਮੀ ਤੌਰ 'ਤੇ ਵਾਧਾ ਕਰਦਾ ਹੈ। ਖਾਣੇ ਵਿਚ ਦਾਰੂ ਦਾ ਇਸਤੇਮਾਲ ਇਸ ਕਰਕੇ ਕੀਤਾ ਜਾਂਦਾ ਹੈ ਤਾਂ ਕਿ ਲੋਕ ਖ਼ੁਸ਼ੀਆਂ ਨਾਲ ਨੱਚਦੇ, ਚੜ੍ਹਦੀਆਂ ਕਲਾਂ ਵਿਚ ਘਰ ਨੂੰ ਪਰਤਣ ਜੀਵਨ ਵਿਚ ਦਾਰੂ ਦੇ ਇਸ ਯੋਗਦਾਨ ਨੂੰ ਕਿਸੇ ਤਰ੍ਹਾਂ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। 'ਦਾਰੂ ਹੈ ਜਹਾਂ, ਖ਼ੁਸ਼ੀ ਹੈ ਵਹਾਂ।' ਖ਼ੁਸ਼ੀ ਦਾ ਦੂਜਾ ਨਾਮ ਹੀ ਚੜ੍ਹਦੀਆਂ ਕਲਾ ਹੈ। ਸ਼ਾਇਰ ਨੇ ਦਾਰੂ ਦੇ ਦੋਖੀਆਂ ਬਾਰੇ ਗ਼ਲਤ ਤਾਂ ਨਹੀਂ ਕਿਹਾ—

ਰਿੰਦ ਜੋ ਦੋ ਘੁੱਟ ਪੀ ਲੈਂਦੇ ਨੇ
ਝਟਪਟ ਜੀਵਨ ਜੀ ਲੈਂਦੇ ਨੇ
ਵਾਹਿਜ਼ ਨੂੰ ਕੋਈ ਜਾ ਕੇ ਪੁੱਛੇ
ਸ਼ਖ਼ਸਾ ਤੇਰਾ ਕੀ ਲੈਂਦੇ ਨੇ

• •

ਦਾਰੂ ਤੇ ਜਵਾਨੀ ਮਸਤਾਨੀ

ਜਦੋਂ ਕੋਈ ਬੁੱਢਾ ਠੇਰਾ ਦਾਰੂ ਦਾ ਘੁੱਟ ਲਾ ਲਵੇ ਤਾਂ ਉਹਨੂੰ ਜਵਾਨੀ ਦੀਆਂ ਝਲਕੀਆਂ ਤੇ ਕ੍ਰਿਸ਼ਮੇ ਨਜ਼ਰੀਂ ਪੈਣ ਲੱਗਦੇ ਹਨ। ਉਸਦੇ ਉਮਰ ਮਾਰੇ ਹੱਡਾਂ ਵਿਚ ਜਵਾਨੀ ਜੂਝਣ ਲੱਗਦੀ ਹੈ। ਉਹ ਬਲਵੰਤ ਸਿੰਘ ਤੋਂ ਬੰਤਾ ਅਤੇ ਸੁਰਿੰਦਰ ਕੌਰ ਤੋਂ ਸ਼ਿੰਦੋ ਅਤੇ ਪ੍ਰਕਾਸ਼ ਚੰਦਰ ਤੋਂ ਪਾਸ਼ਾ ਬਣ ਜਾਂਦਾ ਹੈ। ਕੁਝ ਕੁ ਪਲਾਂ ਵਿਚ ਇਨ੍ਹਾਂ ਸਫ਼ਰ। ਕੋਈ ਯਕੀਨ ਨਹੀਂ ਕਰੇਗਾ। ਇਸੇ ਤਰ੍ਹਾਂ ਜੇਕਰ ਕੋਈ ਜਵਾਨ-ਜਹਾਨ ਕਿਸੇ ਨਾਲ ਜਾਮ ਟਕਰਾ ਲੈਂਦਾ ਹੈ, ਤਬਾਹੀਆਂ ਮਚ ਜਾਂਦੀਆਂ ਹਨ। ਹੜ ਆ ਜਾਂਦੇ ਹਨ। ਹਨੇਰੀਆਂ ਝੂਲਣ ਲੱਗਦੀਆਂ ਹਨ। ਹੋਰ ਸਾਨੂੰ ਕੀ ਚਾਹੀਦਾ ਹੈ ? ਮੌਕਿਓਂ ਪਰ੍ਹੇ ਉਜਾੜ। ਸਾਡੀ ਚਾਰੇ ਚੱਕ ਜਗੀਰ।

ਕਹਿੰਦੇ ਹਨ ਜਵਾਨੀ ਦਾ ਆਪਣਾ ਨਸ਼ਾ ਹੁੰਦਾ ਹੈ। ਨਸ਼ੇ ਨੂੰ ਨਸ਼ੇ ਦੀ ਕੀ ਲੋੜ ? ਪੈਣੀ ਤਾਂ ਨਹੀਂ ਚਾਹੀਦੀ। ਐਪਰ ਜਦੋਂ ਜਵਾਨੀ ਵਿਚ ਵੀ ਝਟਕੇ ਤੇ ਸਦਮੇ ਲੱਗਣ ਲੱਗਦੇ ਹਨ ਤਾਂ ਉਹ ਡਮਗਮਾਉਣ ਲੱਗਦੀ ਹੈ। ਮੈਦਾਨ ਛੱਡਣ ਨੂੰ ਤਤਪਰ ਹੋ ਜਾਂਦੀ ਹੈ। ਭਾਜੜਾਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਹਨ। ਭੜਥੂ ਮੱਚ ਜਾਂਦਾ ਹੈ। ਕਲਯੁਗ ਛਾ ਜਾਂਦਾ ਹੈ। ਜਵਾਨੀ ਬੁਜ਼ਦਿਲਾਂ ਵਾਂਗ ਪੂਛ ਲੱਤਾਂ ਵਿਚ ਦੇ ਕੇ ਪਾਜੀ ਹੋਣ ਲੱਗਦੀ ਹੈ ਤਾਂ ਜ਼ਿੰਦਗੀ ਨੂੰ ਦੋਬਾਰਾ ਪਟੜੀ 'ਤੇ ਲਿਆਉਣ ਲਈ ਦਾਰੂ ਦਾ ਲੀਵਰ ਲਾਉਣਾ ਪੈਂਦਾ ਹੈ। ਜਦੋਂ ਜਵਾਨੀ ਫਿਰ ਲੀਹ 'ਤੇ ਆ ਜਾਵੇ ਤਾਂ ਪ੍ਰਵਾਹ ਨਹੀਂ ਟੁੰਡੇ ਲਾਟ ਦੀ। ਧੂੜਾ ਉਡਾ ਦਿਆਂਗੇ।

ਕਹਿੰਦੇ ਹਨ ਜਵਾਨੀ ਮਸਤਾਨੀ ਤੇ ਦੀਵਾਨੀ ਹੁੰਦੀ ਹੈ। ਇਸ ਵਿਚ ਦਿਸ਼ਾ ਤੇ ਦਸ਼ਾ ਦੀ ਸੁਰਤ ਨਹੀਂ ਹੁੰਦੀ। ਇਸਦਾ ਵੇਗ ਤੂਫ਼ਾਨ ਨਾਲੋਂ ਤਿੱਖਾ ਤੇ ਭਾਰੂ ਹੁੰਦਾ ਹੈ। ਕੋਈ ਵੀ ਬੰਧਨ, ਬੰਦਸ਼ ਜਾਂ ਬੰਧੇਜ ਇਸ ਨੂੰ ਠੱਲ੍ਹ ਪਾਉਣੀ ਮੁਸ਼ਕਿਲ ਸਮਝਦਾ ਹੈ। ਆਪਣੇ ਭਿਆਨਕ ਵੇਗ ਨਾਲ ਇਹ ਸਮੇਂ ਦੀਆਂ ਰੀਤਾਂ ਰਿਵਾਜਾਂ, ਕਾਇਦੇ ਕਾਨੂੰਨ ਤੇ ਪਰੰਪਰਾਵਾਂ ਨੂੰ ਹੂੰਝਾ ਫੇਰ ਕੇ ਲੈ ਤੁਰਦੀ ਹੈ। ਕੁਦਰਤ ਨੇ ਜਵਾਨੀ ਨੂੰ ਨਸ਼ਾ ਗੁੜਤੀ ਵਿਚ ਦਿੱਤਾ ਹੈ। ਜਿਹੜਾ ਕਿ ਹਰ ਮਾਝੇ ਗਾਮੇ ਤੇ ਫੱਤੂ ਨੂੰ ਜਵਾਨੀ ਦੇ ਪ੍ਰਸ਼ਾਦਿ ਦੇ ਤੌਰ 'ਤੇ ਪੂਰੇ ਸਰੂਰ ਤੇ ਗਰੂਰ ਵਿਚ ਮਿਲਦਾ ਹੈ। ਜਵਾਨੀ ਤੇ ਦਾਰੂ ਦਾ ਪਿਛੋਕੜ ਇਕ ਹੀ ਹੈ। ਜਾਤ ਪਾਤ ਤੇ ਧਰਮ ਇਕ ਹੀ ਹੈ। ਕੁੰਡਲੀ ਤੇ ਟੇਵਾ ਇਕ ਹੀ ਹਨ। ਕਰਤਵ ਤੇ ਕਿਰਦਾਰ ਇਕ ਹੀ ਹਨ। ਖ਼ੂਬੀਆਂ ਤੇ ਖ਼ਾਮੀਆਂ ਸਮਸਰ ਹਨ। ਦੋਹਾਂ ਦੀ ਕਿਸਮਤ ਤੇ ਕਿਰਦਾਰ ਇਕ ਹੀ ਹਨ। ਵੇਖਿਆ ਗਿਆ ਹੈ ਕਿ ਜਵਾਨ ਬੰਦੇ ਦਾਰੂ ਦੇ ਅਤਿਅੰਤ ਸ਼ੌਕੀਨ ਹੁੰਦੇ ਹਨ। ਬਹਾਦਰ ਵੀ। ਸਿਰਲੱਥ ਵੀ। ਉਲੱਥ ਵੀ। ਇਸੇ ਲੋਰ ਵਿਚ ਕਦੀ

ਮਿਰਜ਼ੇ ਨੇ ਜਵਾਨੀ ਦੇ ਗੁਮਾਨ ਵਿਚ ਆਖਿਆ ਸੀ—'ਮੇਰੀ ਬੱਕੀ ਤੋਂ ਡਰਨ ਫਰਿਸ਼ਤੇ ਤੇ ਮੈਥੋਂ ਡਰੇ ਖ਼ੁਦਾ।" ਇਸੇ ਜਵਾਨੀ ਦੇ ਸਰੂਰ ਤੇ ਲੋਰ ਵਿਚ ਹੀਰ ਨੇ ਆਖਿਆ ਸੀ—"ਵਾਰਿਸ ਸ਼ਾਹ ਨਾ ਹਟਾ ਰੰਝੇਟੜੇ ਤੋਂ, ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ।

ਅਜਿਹੇ ਦਾਅਵੇ ਜਵਾਨੀ ਦੇ ਨਸ਼ੇ ਵਿਚ ਹੀ ਕਹੇ ਜਾ ਸਕਦੇ ਹਨ।

ਦਾਰੂ ਤੇ ਜਵਾਨੀ ਦੋਵੇਂ ਨਸ਼ੇ ਹਨ। ਕਿਸੇ ਬਾਂਕੇ ਪ੍ਰੇਮੀ ਨੂੰ ਆਪਣੀ ਪ੍ਰੇਮਿਕਾ ਨੂੰ ਠੀਕ ਹੀ ਤਾਂ ਆਖਿਆ ਸੀ—'ਨਸ਼ੇ ਦੀਏ ਬੰਦ ਬੋਤਲੇ ਤੈਨੂੰ ਪੀਣਗੇ ਨਸੀਬਾਂ ਵਾਲੇ'

ਹੋਰ ਕਿਸੇ ਨੇ ਇਸ ਤਰ੍ਹਾਂ ਫ਼ੁਰਮਾਇਆ ਸੀ—'ਤੈਨੂੰ ਵੇਖਿਆਂ ਸਿਦਕ ਨਾ ਆਵੇ, ਵੇ ਯਾਰਾ ਤੇਰਾ ਘੁੱਟ ਭਰ ਲਾਂ' ਇਹ ਘੁੱਟ ਭਰਨ ਵਾਲੀ ਗੱਲ ਸਰਾਸਰ ਨਸ਼ੇ ਦੀ ਗੱਲ ਹੈ। ਜਦੋਂ ਕੋਈ ਇਸਦਾ ਭਗਤ ਜਨ ਇਸ ਦੇ ਸੰਗ ਅੰਗੀਕਾਰ ਹੁੰਦਾ ਹੈ ਤਾਂ ਉਸ ਨੂੰ ਆਪਣੀ ਪਤਨੀ ਜਾਂ ਮਹਿਬੂਬ ਵੀ ਵਿਸਰ ਜਾਂਦੀ ਹੈ। ਇਸੇ ਤਰ੍ਹਾਂ ਜਦੋਂ ਕੋਈ ਅੱਲ੍ਹੜ ਮੁਟਿਆਰ ਜਾਂ ਮਹਿਬੂਬਾ ਆਪਣੇ ਪ੍ਰੇਮੀ ਦੇ ਚੁੰਬਕੀ ਖੇਤਰ ਵਿਚ ਪ੍ਰਵੇਸ਼ ਕਰਦੀ ਹੈ ਤਾਂ ਦਾਰੂ ਦੀ ਯਾਦ ਵੀ ਵਿਸਰ ਜਾਂਦੀ ਹੈ। ਨਸ਼ਾ ਹੁੰਦਿਆਂ ਨਸ਼ੇ ਬਾਰੇ ਕੌਣ ਸੋਚਦਾ ਹੈ ? ਦੋਵਾਂ ਨਸ਼ਿਆਂ ਦੀ ਆਮ ਤੌਰ 'ਤੇ ਅਕਸਰ ਇਕੋ ਸਮੇਂ ਘੱਟ ਹੀ ਲੋੜ ਹੁੰਦੀ ਹੈ।

ਦਾਰੂ ਦੀ ਘਾਟ ਨੂੰ ਜਾਂ ਤਲਬ ਨੂੰ ਜਵਾਨੀ ਦੇ ਮਸਤਾਨੇਪਣ ਨਾਲ ਪੂਰਿਆਂ ਕੀਤਾ ਜਾ ਸਕਦਾ ਹੈ। ਜਦੋਂ ਜਵਾਨੀ ਦੀ ਸਿਖ਼ਰ ਦੁਪਹਿਰ ਉਤਰਦੀ ਹੈ ਤਾਂ ਦਾਰੂ ਨਾਲ ਕਿਹੜਾ ਮੂਰਖ ਅੱਖੀਆਂ ਲੜਾਏਗਾ ? ਜਵਾਨੀ ਤਾਂ ਕੁਝ ਦਿਨਾਂ ਦਾ ਮੇਲਾ ਹੈ। ਆਉਣੀ ਜਾਣੀ ਹੈ। ਅੱਜ ਹੈ ਕੱਲ੍ਹ ਨੂੰ ਸ਼ਾਇਦ ਹੀ। ਸੰਸਾਰ ਵਿਚ ਕੋਈ ਵੀ ਚੀਜ਼ ਸਦੀਵੀ ਤੇ ਸਥਿਰ ਨਹੀਂ। ਇਸ ਨੂੰ ਕਾਫ਼ੀ ਅਰਸੇ ਲਈ ਬਰਕਰਾਰ ਰੱਖਿਆ ਜਾ ਸਕਦਾ ਹੈ ਤੇ ਮਾਣਿਆ ਜਾ ਸਕਦਾ ਹੈ। ਦਾਰੂ ਇਸ ਮੌਕੇ ਫਰਿਸ਼ਤਾ ਹੋ ਨਿਬੜਦਾ ਹੈ। ਦਾਰੂ ਦੇ ਚੁੰਮਣ ਜਵਾਨੀ ਦੇ ਬੁਢਾਪੇ ਨੂੰ ਡੀਕ ਲਾ ਕੇ ਪੀ ਜਾਂਦੇ ਹਨ। ਇਹ ਕੋਈ ਛੋਟੀ ਜਿਹੀ ਪ੍ਰਾਪਤੀ ਨਹੀਂ।

ਜਵਾਨੀ ਹੀ ਜੀਵਨ ਦੀ ਸਭ ਤੋਂ ਵਧੀਆ ਰੁੱਤ ਹੈ। ਸਭ ਤੋਂ ਰੰਗੀਨ ਤੇ ਸੁਹਾਵਣਾ ਸਮਾਂ। ਹਰੇਕ ਆਦਮੀ ਇਸ ਅਰਸੇ ਨੂੰ ਹੋਰ ਲੰਮੇਰਾ ਕਰਨਾ ਚਾਹੁੰਦਾ ਹੈ। ਜਵਾਨ ਨਜ਼ਰ ਆਉਣ ਨਾਲ ਆਪਣੀ ਪੁਸ਼ਾਕ ਮੁੰਡਿਆਂ ਖੁੰਡਿਆਂ ਤੇ ਕੁੜੀਆਂ ਚਿੜੀਆਂ ਵਾਲੀ ਪਹਿਨਣੀ ਆਰੰਭ ਦਿੰਦਾ ਹੈ। ਜੀਨ ਪੈਂਟਾਂ ਪਾਉਣ ਲੱਗਦਾ ਹੈ। ਉਹ ਨਿਵੇਕਲੀ ਅਦਾ ਨਾਲ ਟੁਰਦਾ ਤੇ ਫ਼ਿਲਮੀ ਅਭਿਨੇਤਾਵਾਂ ਵਾਂਗ ਊਟ-ਪਟਾਂਗ ਪੁਸ਼ਾਕਾਂ ਪਹਿਨਣ ਲੱਗਦਾ ਹੈ। ਵਾਲਾਂ ਨੂੰ ਰੰਗਣਾ ਤੇ ਸੰਵਾਰਨਾ, ਚੌਲਾਂ ਨੂੰ ਚੁਗਣਾ ਤੇ ਦਾੜ੍ਹੀ ਨੂੰ ਖਿਚੜੀ ਬਣਨ ਤੋਂ ਰੋਕਣਾ। ਇਹ ਸਾਰੇ ਉਪਰਾਲੇ ਟਸ਼ਨ ਤੇ ਖੇਖਣ ਜਵਾਨ ਬਣੇ ਰਹਿਣ ਦੇ ਹਨ। ਇਸ ਦੌਰ ਵਿਚ ਹਰ ਕੋਈ ਆਪਣੀ ਉਮਰ ਜਾਣ ਬੁਝ ਕੇ ਘਟਾ ਕੇ ਦੱਸਦਾ ਹੈ। ਫ਼ਿਲਮੀ ਅਦਾਕਾਰ ਭਾਵੇਂ ਪੰਜਾਹ ਪਚਵੰਜਾ ਦੇ ਹੋਣ, ਜਵਾਨਾਂ ਵਾਂਗ ਟਿਚਨ ਟਿਚ, ਫਿਟਨ ਫਿੱਟ ਤੇ ਬਣ ਠਣ ਕੇ ਰਹਿੰਦੇ ਹਨ। ਦਾਰੂ ਇਹ ਸਾਰੇ ਸਵਾਂਗ ਰਚਾਉਣ ਲਈ ਤੁਹਾਡੇ ਨਾਲ ਮੋਢੇ ਜੋੜ ਕੇ ਚੱਲਦਾ ਹੈ। ਹਕੀਕਤ ਇਹ ਹੈ ਕਿ ਜਦੋਂ ਬੰਦਾ ਜਵਾਨਾਂ ਵਾਂਗ ਨਜ਼ਰ ਆਵੇ ਤਾਂ ਉਸ ਵਿਚ ਨਜ਼ਾਕਤ ਵੱਧ ਜਾਂਦੀ ਹੈ। ਜਵਾਨਾਂ ਵਾਂਗ ਹੀ ਵਿਚਰਨ ਲੱਗਦਾ

ਹੈ। ਇਸ ਨਾਲੋਂ ਸੱਚਾ ਤੇ ਸਸਤਾ ਸੌਦਾ ਹੋਰ ਕੀ ਹੋ ਸਕਦਾ ਹੈ ?

ਅਮੀਰ ਲੋਕ ਬਾਹਰਲੇ ਮੁਲਕਾਂ ਵਿਚ ਤੇ ਅੱਜ ਕੱਲ੍ਹ ਭਾਰਤ ਵਿਚ ਵੀ ਆਪਣੇ ਆਪ ਨੂੰ ਹੋਰ ਤਰੋਤਾਜ਼ਾ, ਜਵਾਨ ਤੇ ਸੁੰਦਰ ਹੋਣ ਵਾਸਤੇ ਪਲਾਸਟਿਕ ਸਰਜਰੀ ਕਰਵਾਉਣ ਜਾਂਦੇ ਹਨ। ਬੁੱਢੇ ਬਣ ਕੇ ਜਾਂਦੇ ਹਨ ਤੇ ਕਲੀਨਿਕਾਂ ਵਿਚੋਂ ਜਵਾਨ ਬਣ ਕੇ ਨਿਤਰਦੇ ਹਨ। ਜਵਾਨਾਂ ਦੀ ਐਸੀ ਤੈਸੀ ਫੇਰ ਜਾਂਦੇ ਹਨ। ਇਸੇ ਤਰ੍ਹਾਂ ਕਈ ਲੋਕ ਕਈ ਤਰ੍ਹਾਂ ਦੀਆਂ ਗਿਜ਼ਾਵਾਂ ਤੇ ਕੁਸ਼ਤੇ ਮਾਰ ਕੇ ਖਾਂਦੇ ਹਨ। ਇਹ ਜਵਾਨ ਬਣੇ ਰਹਿਣ ਦਾ ਇਕ ਤਰਲਾ ਹੈ। ਦਾਰੂ ਸਸਤੇ ਦਾਮਾਂ ਵਿਚ ਹੀ ਇਹ ਕਾਰਜ ਅੰਜਾਮ ਦੇ ਸਕਦੀ ਹੈ।

ਦਾਰੂ ਕੇਵਲ ਇਕ ਨਸ਼ਾ ਹੀ ਨਹੀਂ ਜੋ ਕਿ ਤੁਹਾਡਾ ਸਿਰ ਘੁਮਾਉਂਦਾ ਹੈ। ਸਿਰਾਂ ਤਾਂ ਭਾਂ-ਬਿਲੀਆਂ ਲੈ ਕੇ ਸਸਤੇ ਵਿਚ ਹੀ ਘੁੰਮਾਇਆ ਜਾ ਸਕਦਾ ਹੈ। ਦਾਰੂ ਨਾਲ ਕੇਵਲ ਤੁਹਾਡੇ ਵਿਚ ਸਰੀਰਕ ਤਬਦੀਲੀ ਹੀ ਨਹੀਂ ਆਉਂਦੀ ਸਗੋਂ ਮਾਨਸਿਕਤਾ ਵੀ ਬਦਲ ਜਾਂਦੀ ਹੈ। ਤੁਹਾਡੇ ਖ਼ਿਆਲ ਚੜ੍ਹਦੀਆਂ ਕਲਾਂ ਤੇ ਬੁਲੰਦੀਆਂ ਵਿਚ ਜਾ ਕੇ ਤੁਹਾਡੇ ਸਵੈ-ਵਿਸ਼ਵਾਸ ਨੂੰ ਵਧਾਉਂਦੇ ਜਗਾਉਂਦੇ ਹਨ। ਤੁਹਾਡੀ ਮੁਰਦਾ ਰੂਹ ਵਿਚ ਜਾਨ ਫੂਕ ਕੇ ਤੁਹਾਨੂੰ ਇਕ ਵਾਰੀ ਫਿਰ ਜਿਊਣ ਜੋਗਾ ਬਣਾ ਦੇਂਦੇ ਹਨ। ਇਹ ਮੱਲਾਂ ਚਾਹ ਲੱਸੀਆਂ ਪੀ ਕੇ ਨਹੀਂ ਮਾਰੀਆਂ ਜਾ ਸਕਦੀਆਂ। ਇਹ ਕਿਲਾ ਕੇਵਲ ਦਾਰੂ ਹੀ ਫਤਿਹ ਕਰ ਸਕਦਾ ਹੈ। ਲੱਸੀ ਫਕਤ ਸਿਹਤ ਬਣਾ ਸਕਦੀ ਹੈ, ਹੋਰ ਕੁਝ ਨਹੀਂ। ਲੱਸੀਆਂ ਤੇ ਦੁੱਧਾਂ ਨਾਲ ਕਿਲੇ ਤਾਮੀਰ ਕੀਤੇ ਜਾ ਸਕਦੇ ਹਨ ? ਕਦੇ ਨਹੀਂ। ਦਾਰੂ ਹੌਂਸਲਾ ਵਧਾਉਂਦਾ ਹੈ, ਲੱਸੀ ਸੁਸਤੀ ਤੇ ਅਲਗਰਜ਼ੀ।

ਹਮੇਸ਼ਾ ਜਵਾਨ ਤੇ ਖਿੜੇ ਚਹਿਕਤੇ ਮਹਿਕਦੇ ਰਹਿਣਾ ਸਾਡਾ ਨੈਤਿਕ ਫ਼ਰਜ਼ ਵੀ ਹੈ। ਜਵਾਨੀ ਵਿਚ ਹੀ ਭਾਈਆਂ ਮੁਲਾਣਿਆਂ ਤੇ ਪੰਡਤਾਂ ਤੋਂ ਖ਼ੌਫ਼ ਖਾ ਕੇ ਹਥਿਆਰ ਸੁੱਟ ਦੇਣੇ, ਨਿਰੋਲ ਕਾਇਰਤਾ ਹੈ। ਇਹ ਲੋਕ ਤੁਹਾਡੀਆਂ ਖ਼ੁਸ਼ੀਆਂ ਦੇ ਦੁਸ਼ਮਣ ਹਨ। ਤੁਹਾਡੇ ਜਵਾਨ ਰਹਿਣ ਦੇ ਇਰਾਦੇ ਨਾਲ ਤੁਹਾਡਾ ਬਾਗ ਪਰਿਵਾਰ ਤੇ ਵਾਤਾਵਰਣ ਟਹਿਕਦਾ ਰਹੇਗਾ। ਜਵਾਨ ਰਹਿਣ ਦੀ ਹਸਰਤ ਕੇਵਲ ਜ਼ਿੰਦਾ ਦਿਲਾਂ ਵਿਚ ਹੁੰਦੀ ਹੈ ਅਤੇ ਜ਼ਿੰਦਾ ਦਿਲ ਹੀ ਦਾਰੂ ਦੇ ਸ਼ੌਕੀਨ ਹੁੰਦੇ ਹਨ। ਆਪਣੀ ਜ਼ਿੰਦਾਦਿਲੀ, ਦੂਰ ਦ੍ਰਿਸ਼ਟੀ ਤੇ ਫਰਾਖ਼ਦਿਲੀ ਨਾਲ ਜਵਾਨੀ ਦਾ ਪੰਧ ਲੰਮੇਰਾ ਕੀਤਾ ਜਾ ਸਕਦਾ ਹੈ। ਇਸ ਵਿਚ ਦਾਰੂ ਦਾ ਮਹੱਤਵਪੂਰਨ ਯੋਗਦਾਨ ਵੀ ਹੁੰਦਾ ਹੈ। ਜਵਾਨੀ ਦਾ ਸੁਹਾਵਣਾ ਸਫ਼ਰ ਤੈਅ ਕਰਦਿਆਂ ਕੁੱਤਿਆਂ ਕਾਵਾਂ ਦੀ ਪਰਵਾਹ ਨਹੀਂ ਕਰਨੀ ਚਾਹੀਦੀ ਕਿਉਂਕਿ—

ਜਵਾਨੀ ਆਦਮੀ ਕੀ ਮਾਇ-ਏ-ਇਲਜ਼ਾਮ ਹੋਤੀ ਹੈ
ਨਿਗਾਹੇਂ ਨੇਕ ਭੀ ਇਸ ਉਮਰ ਮੇਂ ਬਦਨਾਮ ਹੋਤੀ ਹੈਂ

ਜਦੋਂ ਕੋਈ ਜਵਾਨ ਹੁੰਦਾ ਹੈ ਤਾਂ ਉਸਦਾ ਜੀਵਨ ਦਾਰੂ ਦੇ ਨਸ਼ੇ ਵਰਗਾ ਹੁੰਦਾ ਹੈ। ਉਸ ਨੂੰ ਪਤਾ ਨਹੀਂ ਲੱਗਦਾ ਕਿ ਇਹ ਨਸ਼ਾ ਜਵਾਨੀ ਦਾ ਹੈ ਜਾਂ ਦਾਰੂ ਦਾ ਜਾਂ ਫਿਰ ਦੋਵਾਂ ਦਾ। ਆਮੀਨ !

• •

ਦਾਰੂ ਤੇ ਗਰੀਬ ਗੁਰਬੇ

ਕੁਦਰਤ ਨੇ ਆਪਣਾ ਧੰਦਾ ਚਲਾਉਣ ਖ਼ਾਤਰ ਹਰੇਕ ਪ੍ਰਾਣੀ ਮਾਤਰ ਨੂੰ ਖ਼ਾਸ ਕਰਕੇ ਮਨੁੱਖ ਨੂੰ ਮਨੋਰੰਜਨ ਦਾ ਤੋਹਫ਼ਾ ਬਖਸ਼ਿਆ ਹੈ। ਅਮੀਰਾਂ ਕੋਲ ਤਾਂ ਚਿਤ ਚੰਦਰਾ ਬਹਿਲਾਉਣ ਲਈ ਛੱਤੀ ਸਾਧਨ ਮੌਜੂਦ ਹੁੰਦੇ ਹਨ ਪਰੰਤੂ ਗਰੀਬਾਂ ਗੁਰਬਿਆਂ ਕੋਲ ਤਾਂ ਸੀਮਤ ਸਾਧਨ ਹੀ ਉਪਲਬਧ ਹੁੰਦੇ ਹਨ। ਕਾਮ ਦਾ ਤੋਹਫ਼ਾ ਮਨੁੱਖ ਲਈ ਹਰ ਸਮੇਂ ਤੇ ਹਰ ਸਥਿਤੀ ਵਿਚ ਮੌਜੂਦ ਨਹੀਂ ਹੁੰਦਾ। ਬਾਕੀ ਦੇ ਸਾਧਨ ਮਹਿੰਗੇ ਤੇ ਖ਼ਰਚੀਲੇ ਹੋਣ ਕਰਕੇ ਗ਼ਰੀਬਾਂ ਦੀ ਗ੍ਰਿਫ਼ਤ ਤੋਂ ਬਾਹਰ ਹਨ। ਦਾਰੂ ਇਕ ਅਜਿਹਾ ਸਾਧਨ ਹੈ ਜੋ ਸਸਤੇ ਤੋਂ ਸਸਤਾ ਅਤੇ ਮਹਿੰਗੇ ਤੋਂ ਮਹਿੰਗਾ ਵੀ ਮਿਲ ਸਕਦਾ ਹੈ। ਦਾਰੂ ਦੇ ਦਰ ਤੋਂ ਕੋਈ ਸਵਾਲੀ ਖ਼ਾਲੀ ਹੱਥ ਨਹੀਂ ਮੁੜਦਾ। ਗ਼ਰੀਬ ਲੋਕ ਦੇਸੀ ਦਾਰੂ ਜਾਂ ਘਰ ਦੀ ਕੱਢੀ ਨਾਲ ਵੀ ਆਪਣਾ ਬੁੱਤਾ ਸਾਰ ਲੈਂਦੇ ਹਨ। ਇਹ ਮਨੋਰੰਜਨ ਦਾ ਸਾਧਨ ਭਾਵੇਂ ਬਾਕੀ ਨਸ਼ਿਆਂ ਨਾਲੋਂ ਮਹਿੰਗਾ ਹੈ ਪਰੰਤੂ ਮਿਹਨਤ ਮੁਸ਼ੱਕਤ ਕਰਨ ਵਾਲਿਆਂ ਦੀ ਪਹੁੰਚ ਤੋਂ ਬਿਲਕੁਲ ਬਾਹਰ ਨਹੀਂ। ਇਸੇ ਲਈ ਕਿਰਤੀ ਕਾਮੇ ਤੇ ਮਜ਼ਦੂਰ ਇਸ ਨੂੰ ਬੇਹੱਦ ਪਿਆਰ ਕਰਦੇ ਹਨ ਅਤੇ ਆਪਣੀਆਂ ਤਮਾਮ ਖ਼ੁਸ਼ੀਆਂ ਵਿਚ ਇਸ ਨੂੰ ਸ਼ਰੀਕ ਕਰਦੇ ਹਨ।

ਸਮਾਜ ਵਿਚ ਦੌਲਤ ਲਈ ਇਕ ਜਬਰਦਸਤ ਸੰਘਰਸ਼ ਨਿਰੰਤਰ ਚੱਲ ਰਿਹਾ ਹੈ। ਹਰੇਕ ਨੂੰ ਆਪੋ ਧਾਪੀ ਪਈ ਹੋਈ ਹੈ। ਅਮੀਰ ਲੋਕ ਆਪਣੀ ਦੌਲਤ ਦੇ ਸਰੂਰ ਵਿਚ ਮਸਤ ਹਨ ਤੇ ਕਿਸੇ ਲੋੜਵੰਦ ਜਾਂ ਥੁੜੇ ਟੁੱਟੇ ਦੀ ਮਦਦ ਨਹੀਂ ਕਰਦੇ। ਕੋਈ ਕੋਈ ਗ਼ਰੀਬ ਨਿਵਾਜ ਹੁੰਦਾ ਹੈ। ਪਰੰਤੂ ਬਹੁਤੇ ਨਾਮ ਨਿਹਾਦ ਹੀ ਹੁੰਦੇ ਹਨ। ਗ਼ਰੀਬੀ ਦਾ ਕੋਈ ਨਸ਼ਾ ਨਹੀਂ ਹੁੰਦਾ। ਦਿਲ ਤਾਂ ਹਰੇਕ ਆਦਮੀ ਦਾ ਕਰਦਾ ਹੈ ਕਿ ਉਹ ਜ਼ਮਾਨੇ ਭਰ ਦੀਆਂ ਨਿਆਮਤਾਂ ਮਾਣੇ ਤੇ ਚੱਖੇ ਪਰੰਤੂ ਇਹ ਨਿਆਮਤਾਂ ਗ਼ਰੀਬਾਂ ਦੇ ਨਸੀਬਾਂ ਵਿਚ ਘੱਟ ਹੀ ਹੁੰਦੀਆਂ ਹਨ। ਉਹ ਕਿਨਾਰੇ 'ਤੇ ਖੜ੍ਹੇ ਵਿਲਕਦੇ ਤਰਸਦੇ ਥੁਸਕਦੇ ਰਹਿ ਜਾਂਦੇ ਹਨ। ਅਜਿਹੀ ਸਥਿਤੀ ਵਿਚ ਜੇਕਰ ਦਾਰੂ ਭਾਜੀ ਆ ਕੇ ਉਨ੍ਹਾਂ ਦਾ ਦਾਮਨ ਥੰਮ ਲਵੇ ਤਾਂ ਉਨ੍ਹਾਂ ਨੂੰ ਹੌਲਾ ਫੁੱਲ ਕਰ ਦੇਵੇ ਤਾਂ ਉਹ ਅਗਲੇ ਦਿਨ ਫਿਰ ਕੰਮ ਕਾਰ ਕਰਨ ਦੇ ਸਮਰੱਥ ਹੋ ਜਾਂਦੇ ਹਨ ਅਤੇ ਸੰਘਰਸ਼ਮਈ ਜੀਵਨ ਵਿਚ ਭੱਜ ਕੇ ਫਿਰ ਸ਼ਾਮਿਲ ਹੋ ਜਾਂਦੇ ਹਨ। ਇਹ ਸਸਤਾ ਸੌਦਾ ਹੈ। ਦਾਮ ਵੀ ਘੱਟ ਤੇ ਰੰਗ ਵੀ ਚੋਖਾ।

ਕੋਈ ਖੇਤ ਮਜ਼ਦੂਰ ਜਾਂ ਕਾਰਖਾਨੇ ਦਾ ਕਰਿੰਦਾ ਹੈ। ਉਹ ਹਰ ਰੋਜ਼ ਅੱਠ ਦਸ ਘੰਟੇ ਦੂਹੋ ਦੂਹੀ ਲਹੂ ਪਾਣੀ ਇਕ ਕਰਕੇ ਪੂਰੀ ਮਾਰੋ ਮਾਰ ਕਰਦਾ ਹੈ। ਇਸ ਨਾਲ ਉਸ ਨੂੰ ਸਰੀਰਕ ਤੇ ਮਾਨਸਿਕ ਥਕਾਵਟ ਹੁੰਦੀ ਹੈ। ਕੰਮ ਪਿੱਛੋਂ ਥਕੇਵਾਂ ਅਕੇਵਾਂ ਲਾਹੁਣ ਦੀ

ਸਖ਼ਤ ਜ਼ਰੂਰਤ ਹੁੰਦੀ ਹੈ। ਕਿਸੇ ਮਨੋਰੰਜਨ ਦੀ ਗ਼ੈਰਹਾਜ਼ਰੀ ਵਿਚ ਲੋਕ ਆਪਣੇ ਕੰਮ ਧੰਦੇ ਤਿਆਗ ਕੇ ਪੀਰਾਂ ਦੇ ਡੇਰੇ ਜਾ ਟਿਬਦੇ ਹਨ। ਮੈਦਾਨ ਹੀ ਛੱਡ ਜਾਂਦੇ ਹਨ। ਮਾਲਿਕ ਲੋਕ ਤਾਂ ਫਟ ਕਲੱਬਾਂ ਤੇ ਹੋਟਲਾਂ ਵਿਚ ਜਾ ਵੜਦੇ ਹਨ ਪਰ ਗ਼ਰੀਬਾਂ ਲਈ ਅਹਾਤੇ ਤੇ ਢਾਬੇ ਹੀ ਕਲੱਬਾਂ ਦਾ ਕੰਮ ਸਾਰਦੇ ਹਨ ਜਾਂ ਫਿਰ ਉਹ ਘਰਾਂ ਵਿਚ ਹੀ ਉਹ ਆਪਣੀ ਮਹਿਫ਼ਲ ਜਮਾ ਲੈਂਦੇ ਹਨ। ਪਊਆ ਪੀਣ ਤੋਂ ਬਾਅਦ ਉਨ੍ਹਾਂ ਦੀ ਮਾਨਸਿਕ ਸਥਿਤੀ ਬੁਲੰਦ ਹੋ ਜਾਂਦੀ ਹੈ ਤੇ ਉਹ ਖ਼ੁਦਾ ਨੂੰ ਪੁੱਛਣ ਲੱਗਦੇ ਹਨ—"ਸੁਣਾਓ ਭਾਊ ਜੀ, ਕਿਥੇ ਲੁਕੇ ਫਿਰਦੇ ਜੇ ?" ਉਨ੍ਹਾਂ ਦੀ ਮੰਤਰੀਆਂ ਤੇ ਅਫ਼ਸਰਾਂ ਨਾਲ ਆਹਮੋ-ਸਾਹਮਣੀ ਗੱਲ ਹੋਣ ਲੱਗਦੀ ਹੈ। ਮੰਤਰੀ ਕਿਸੇ ਦੀ ਭੂਆ ਦਾ ਪੁੱਤਰ, ਕਿਸੇ ਦੀ ਮਾਸੀ ਦਾ ਪੁੱਤਰ ਜਾਂ ਕਿਸੇ ਦਾ ਸਾਲਾ ਬਣ ਜਾਂਦਾ ਹੈ। ਮਿੰਟਾਂ ਵਿਚ ਹੀ ਟੋਏ-ਟਿੱਬੇ ਸਭ ਪੱਧਰੇ ਹੋ ਜਾਂਦੇ ਹਨ। ਇਹ ਉਪਰਲੇ ਮੰਡਲਾਂ ਦੀ ਸੈਰ ਕਰਕੇ ਰਾਜੀ-ਬਾਜੀ ਘਰ ਪਰਤ ਆਉਂਦੇ ਹਨ। ਇਹ ਹੁਲਾਰਾ ਜਾਂ ਹੂਟਾ ਉਸ ਨੂੰ ਤਰੋਤਾਜ਼ਾ ਕਰਕੇ ਅਗਲੀ ਸਵੇਰ ਲਈ ਕੰਮਕਾਜ ਕਰਨ ਲਈ ਤਿਆਰ ਕਰ ਦਿੰਦਾ ਹੈ।

ਸਾਡੀ ਦ੍ਰਿਸ਼ਟੀ ਅਨੁਸਾਰ ਇਕ ਕਲਿਆਣਕਾਰੀ ਰਾਸ਼ਟਰ ਨੂੰ ਗ਼ਰੀਬਾਂ ਲਈ ਦਾਰੂ ਸਸਤੀ ਤੋਂ ਸਸਤੀ ਕਰਨੀ ਚਾਹੀਦੀ ਹੈ ਤੇ ਅਮੀਰਾਂ ਲਈ ਮਹਿੰਗੀ ਤੋਂ ਮਹਿੰਗੀ। ਦੇਸੀ ਦਾਰੂ ਵੀ ਵਿਸਕੀ ਜਿੰਨੀ ਗੁਣਕਾਰੀ ਹੁੰਦੀ ਹੈ। ਇਹ ਦਾਰੂ ਹਰੇਕ ਗਰੀਬ ਦੀ ਪਹੁੰਚ ਵਿਚ ਹੋਣੀ ਚਾਹੀਦੀ ਹੈ। ਜੇਕਰ ਇਹ ਮਹਿੰਗੀ ਹੋਵੇਗੀ ਤਾਂ ਮਜ਼ਦੂਰ ਲੋਕ ਘਰਾਂ ਦੀ ਕੱਢੀ ਘਟੀਆ ਸ਼ਰਾਬ ਪੀਣ ਲਈ ਮਜਬੂਰ ਹੋਣਗੇ ਜਿਸ ਨਾਲ ਹਰ ਸਾਲ ਲੱਖਾਂ ਜਾਨਾਂ ਅਜਾਈਂ ਜਾਂਦੀਆਂ ਹਨ। ਗਰੀਬ ਲੋਕ ਦਾਰੂ ਦਾ ਸੇਵਨ ਕਰਕੇ, ਸਮੇਂ ਤੇ ਸਮਾਜ ਦੀਆਂ ਚੁਣੌਤੀਆਂ, ਕਾਣੀਆਂ ਵੰਡਾਂ, ਠੱਗੀਆਂ-ਠੋਰੀਆਂ ਅਤੇ ਜਮਾਂਦਰੂ ਅਸਮਾਨਤਾਵਾਂ ਦਾ ਮੁਕਾਬਲਾ ਕਰਨ ਦੇ ਸਮਰੱਥ ਹੁੰਦੇ ਹਨ। ਇਸ ਤਰ੍ਹਾਂ ਉਹ ਆਪਣੇ ਆਪ ਨੂੰ ਸੰਤੁਲਤ ਅਤੇ ਅਰੋਗ ਰੱਖਦੇ ਹਨ।

ਦਾਰੂ ਦਾ ਮੁੱਲ ਤਾਂ ਗ਼ਰੀਬ ਹੀ ਪਾਉਂਦੇ ਹਨ। ਇਹ ਹੀ ਇਸਦੇ ਸੱਚੇ ਸੇਵਕ ਤੇ ਪੁਜਾਰੀ ਹਨ। ਇਹ ਪੀਣ ਲੱਗਿਆਂ ਧਰਤੀ ਨੂੰ—ਜਿਸਨੇ ਸਭ ਪਦਾਰਥ ਪੈਦਾ ਕੀਤੇ ਹਨ, ਧਰਤੀ ਨੂੰ ਭੋਗ ਲਵਾਉਂਦੇ ਹਨ। ਇਹ ਲੋਕ ਦਾਰੂ ਦੀ ਬੂੰਦ-ਬੂੰਦ ਨੂੰ ਪਵਿੱਤਰ ਸਮਝ ਕੇ ਡੋਲਦੇ ਜਾਂ ਅਜਾਈਂ ਨਹੀਂ ਜਾਣ ਦੇਂਦੇ। ਗੁੱਗੇ ਪੀਰਾਂ, ਮੰਦਰਾਂ ਤੇ ਰੋਡੇ ਸ਼ਾਹ ਦੀਆਂ ਸਮਾਧਾਂ 'ਤੇ ਚੜ੍ਹਾਉਂਦੇ ਹਨ। ਆਪਣੀਆਂ ਸੁਖਣਾ ਬੋਤਲਾਂ ਪੇਸ਼ ਕਰਕੇ ਲਾਹੁੰਦੇ ਹਨ। ਦਾਰੂ ਇਨ੍ਹਾਂ ਲਈ ਇਕ ਪੀਰ ਹੈ, ਉਸਤਾਦ ਹੈ, ਜੋ ਇਨ੍ਹਾਂ ਦੇ ਵਿਗੜੇ ਤਿਗੜੇ ਕੰਮ ਸੰਵਾਰਦਾ ਹੈ। ਭਾਵੇਂ ਇਹ ਵਹਿਮ ਭਰਮ ਹੀ ਹੋਣ ਪਰੰਤੂ ਗਰੀਬ ਸ਼ਰਧਾਲੂ ਜਿਸ ਭਾਵਨਾ ਨਾਲ ਇਹ ਕੰਮ ਨੂੰ ਅੰਜਾਮ ਦਿੰਦੇ ਹਨ, ਪੀਰ ਫ਼ਕੀਰ ਬਦੋਬਦੀ ਖ਼ੁਸ਼ ਹੋ ਜਾਂਦੇ ਹਨ। ਭਾਵੇਂ ਇਹ ਮਾਨਤਾਵਾਂ ਦਾਰੂ ਪੀਣ ਦਾ ਇਕ ਬਹਾਨਾ ਹੀ ਹਨ ਪਰੰਤੂ ਇਨ੍ਹਾਂ ਦਾ ਸਮਾਜਿਕ ਪੱਖ ਬੜਾ ਕਲਿਆਣਕਾਰੀ ਤੇ ਉਪਯੋਗੀ ਹੈ।

ਗ਼ਰੀਬਾਂ ਲਈ ਇਹ ਜੀਵਨ ਬੜਾ ਦੁਖਦਾਈ ਤੇ ਕਸ਼ਟਮਈ ਹੈ। ਸਾਡੇ ਸਮਾਜ ਦਾ ਤਾਣਾ ਬਾਣਾ ਇੰਨਾ ਵਿਗੜਿਆ ਤਿਗੜਿਆ ਹੈ ਕਿ ਕੋਈ ਵੀ ਜਾਇਜ਼ ਕੰਮ ਸੁਖਾਲੇ

ਜਾਂ ਸਿੱਧੀ ਤਰ੍ਹਾਂ ਨਹੀਂ ਹੁੰਦਾ। ਇਸ ਢਾਂਚੇ ਵਿਚ ਗਰੀਬਾਂ ਨੂੰ ਕਿਸੇ ਕਿਸਮ ਦਾ ਇਨਸਾਫ਼ ਮਿਲਣ ਦੀ ਕੋਈ ਉਮੀਦ ਨਹੀਂ। ਉੱਚੇ ਤੇ ਅਮੀਰ ਲੋਕ ਸਭ ਕੁਝ ਲੁੱਟ ਪੁੱਟ ਕੇ ਹੂੰਝ-ਹਾਂਝ ਕੇ ਲੈ ਜਾਂਦੇ ਹਨ। ਗਰੀਬਾਂ ਲਈ ਤਾਂ ਲੱਸੀ ਜਾਂ ਛਿੱਡੀ ਰਹਿ ਜਾਂਦੀ ਹੈ। ਮਲਾਈਆਂ ਲਾਹ ਕੇ ਤਾਂ ਉਪਰਲੇ ਲੋਕ ਹੀ ਲੈ ਜਾਂਦੇ ਹਨ। ਦਾਣੇ ਉਹ ਲੈ ਜਾਂਦੇ ਹਨ, ਤੂੜੀ ਤੇ ਫੱਕ ਇਨ੍ਹਾਂ ਲਈ ਛੱਡ ਜਾਂਦੇ ਹਨ। ਗਰੀਬਾਂ ਦਾ ਜੀਵਨ ਹੋਰ ਦੁਖਦਾਈ ਤੇ ਕਸ਼ਟਮਈ ਹੋ ਜਾਂਦਾ ਹੈ। ਇਸ ਸੰਕਟਮਈ ਸਥਿਤੀ ਵਿਚ ਦਾਰੂ ਭਾਜੀ ਆ ਕੇ ਇਨ੍ਹਾਂ ਦੇ ਹੰਝੂ ਪੂੰਝਦੇ ਹਨ। ਜਦੋਂ ਕੋਈ ਗਰੀਬ ਆਦਮੀ ਪੀ ਕੇ ਸਰੂਰ ਵਿਚ ਆਉਂਦਾ ਹੈ ਤਾਂ ਉਸਦੇ ਗ਼ੁੱਸੇ ਗਿਲੇ ਤੇ ਸ਼ਿਕਵੇ (ਭਾਵੇਂ ਅਸਥਾਈ ਰੂਪ ਵਿਚ ਹੀ) ਕਫ਼ੂਰ ਹੋ ਜਾਂਦੇ ਹਨ। ਇਹ ਦਾਰੂ ਉਨ੍ਹਾਂ ਲਈ 'ਦੁਖ ਨਿਵਾਰਨ' ਸਾਬਤ ਹੁੰਦੇ ਹਨ। ਇਸੇ ਸਥਿਤੀ ਨੂੰ ਸਫ਼ੀਰ ਸਾਹਿਬ ਨੇ ਬੜੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ—

ਟੁੱਟ ਜਾਵਣ ਕੈਦਾਂ ਹੱਦਬੰਦੀਆਂ, ਵੰਡ ਰਹੇ ਨਾ ਕਾਣੀ
ਹਰ ਇਕ ਬੰਦਾ ਸ਼ਾਹ ਦੁਨੀਆ ਦਾ, ਹਰ ਇਕ ਤੀਵੀਂ ਰਾਣੀ

ਉਸਦੀ ਦੁਨੀਆ ਹੀ ਬਦਲ ਜਾਂਦੀ ਹੈ। ਉਹ ਇਕ ਨਵੇਂ ਜਗਤ ਦਾ ਬਸ਼ਿੰਦਾ ਬਣ ਬੈਠਦਾ ਹੈ। ਉਸਦੀ ਜਾਗ ਖੁੱਲ੍ਹਦੀ ਹੈ ਤਾਂ ਦਿਨ ਚੜ੍ਹਿਆ ਰਹਿੰਦਾ ਹੈ। ਉਹ ਸ਼ੇਰ ਬਣ ਕੇ ਫਿਰ ਕਾਰਖਾਨੇ ਜਾਂ ਖੇਤ ਜਾਣ ਲਈ ਤਿਆਰੀਆਂ ਕੱਸਣ ਲੱਗਦਾ ਹੈ।

ਦੁਨੀਆਦਾਰੀ ਵਿਚ ਬਹੁਤੇ ਕੰਮ ਪੈਸੇ ਧੇਲੇ ਨਾਲ ਹੀ ਸੰਬੰਧਤ ਹੁੰਦੇ ਹਨ। ਅਮੀਰਾਂ ਨੂੰ ਵੀ ਗਰੀਬਾਂ ਵਾਂਗ ਦੁੱਖਾਂ ਕਲੇਸ਼ਾਂ ਤੇ ਮੁਸੀਬਤਾਂ ਦਾ ਦੁਸ਼ਾਂਦਾ ਮਿਲਦਾ ਹੈ। ਅਮੀਰ ਲੋਕ ਪੈਸੇ ਦੀ ਕਿਰਪਾ ਨਾਲ ਆਪਣੀਆਂ ਮੁਸੀਬਤਾਂ ਨੂੰ (ਬਹੁਤੀਆਂ ਨੂੰ) ਸਹੂਲਤਾਂ ਵਿਚ ਬਦਲਣ ਵਿਚ ਕਾਮਯਾਬ ਹੋ ਜਾਂਦੇ ਹਨ। ਪਰੰਤੂ ਗਰੀਬਾਂ ਦੇ ਦੁਖ ਜਮ੍ਹਾ ਹੁੰਦੇ ਚਲੇ ਜਾਂਦੇ ਹਨ। ਗਰੀਬੀ ਉਨ੍ਹਾਂ ਦਾ ਮੂੰਹ ਚਿੜਾਉਂਦੀ ਹੈ। ਇਸ ਸੂਰਤ ਵਿਚ ਉਹ ਕਿਹੜੇ ਖੂਹ ਵਿਚ ਡੁੱਬਣ ? ਕੀਹਦੀ ਮਾਂ ਨੂੰ ਮਾਸੀ ਆਖਣ ? ਕਿਹੜੇ ਪੀਰ ਦਾ ਦਰਵਾਜ਼ਾ ਖੜਕਾਉਣ ? ਅਖ਼ੀਰ ਵਿਚ ਉਹ ਦਾਰੂ ਵਿਚ ਡੁੱਬ ਕੇ ਵੇਖਦੇ ਹਨ। ਮਿੰਟੋ ਮਿੰਟੀ ਉਹ ਆਪਣੇ ਆਪ ਨੂੰ ਭਾਈ ਲਾਲੋ ਦੀ ਜਗ੍ਹਾ ਮਲਿਕ ਭਾਗੋ ਸਮਝਣ ਲੱਗ ਪੈਂਦੇ ਹਨ। ਸੰਤਰੀ ਦੀ ਜਗ੍ਹਾ ਮੰਤਰੀ ਤਸਵੱਰ ਕਰਨ ਲੱਗਦੇ ਹਨ। ਠਾਣੇਦਾਰ ਉਨ੍ਹਾਂ ਦੀਆਂ ਮੁੱਠੀਆਂ ਚਾਪੀਆਂ ਕਰਨ ਲੱਗ ਪੈਂਦੇ ਹਨ। ਉਨ੍ਹਾਂ ਦੀਆਂ ਮੁਸੀਬਤਾਂ ਤੇ ਕਸ਼ਟ ਉਨ੍ਹਾਂ ਕੋਲੋਂ ਕੰਨੀਂ ਖਿਸਕਾਉਣ ਲੱਗ ਪੈਂਦੇ ਹਨ। ਦੁਖੀ ਹੁੰਦਿਆਂ ਵੀ ਉਹ ਸੁਖੀ ਮਹਿਸੂਸ ਕਰਨ ਲੱਗਦੇ ਹਨ। ਇਸ ਤਰ੍ਹਾਂ ਉਹ ਦੀਵਾਨੈ ਤੇ ਬਾਵਰੇ ਹੋਣ ਤੋਂ ਬਚ ਨਿਕਲਦੇ ਹਨ। ਦਾਰੂ ਉਨ੍ਹਾਂ ਦੀ ਬਾਂਹ ਫੜ ਕੇ ਉਨ੍ਹਾਂ ਨੂੰ ਭਵਸਾਗਰ ਵਿਚੋਂ ਸਬੂਤਾ ਬਾਹਰ ਕੱਢ ਲਿਆਉਂਦਾ ਹੈ। ਉਹ ਹੇਠਾਂ ਹੁੰਦਿਆਂ ਵੀ ਉਪਰ ਮਹਿਸੂਸ ਕਰਨ ਲੱਗਦੇ ਹਨ। ਪੋਹ ਬਾਰਾਂ ਹੋ ਜਾਂਦੀਆਂ ਹਨ।

ਗਰੀਬੀ ਵੀ ਕਈ ਤਰ੍ਹਾਂ ਦੀ ਹੁੰਦੀ ਹੈ। ਇਕ ਗਰੀਬ ਉਹ ਹੁੰਦੇ ਹਨ ਜਿਨ੍ਹਾਂ ਨੂੰ ਕੁਦਰਤ ਨੇ ਅਕਲ, ਬੁੱਧੀ ਜਾਂ ਸੂਝ-ਬੂਝ ਦੀ ਦਾਤ ਜਾਂ ਦੌਲਤ ਨਹੀਂ ਬਖ਼ਸ਼ੀ। ਇਸ ਦੀ ਘਾਟ ਕਾਰਨ ਉਨ੍ਹਾਂ ਦੀਆਂ ਉਲਝਣਾਂ ਤੇ ਅੜਿੱਚਣਾਂ ਵਿਚ ਇਜ਼ਾਫ਼ਾ ਹੋਈ ਜਾਂਦਾ ਹੈ। ਉਹ ਦੁੱਖਾਂ ਤੇ ਮੁਸੀਬਤਾਂ ਦੀ ਮੰਝਧਾਰ ਵਿਚ ਘਿਰ ਜਾਂਦੇ ਹਨ। ਉਹ ਲੋਕ ਵੀ ਸਾਧਾਰਨ

ਗਰੀਬਾਂ ਵਾਂਗ ਰਿੱਧੀਆਂ ਸਿੱਧੀਆਂ ਲਈ ਪੀਰਾਂ ਫ਼ਕੀਰਾਂ ਦੇ ਦਰ ਖੜਕਾਉਂਦੇ ਹਨ। ਉਨ੍ਹਾਂ ਨੂੰ ਜਦ ਕਿਧਰਿਓਂ ਵੀ ਖ਼ੈਰ ਨਹੀਂ ਪੈਂਦੀ ਤਾਂ ਉਹ ਵੀ ਦਾਰੂ ਦਾ ਦਰ ਖੜਾਉਂਦੇ ਹਨ। ਦਾਰੂ ਇਨ੍ਹਾਂ ਦੀ ਗਰੀਬੀ ਦੂਰ ਕਰਕੇ ਇਨ੍ਹਾਂ ਨੂੰ ਵੀ ਅਕਲਮੰਦਾਂ ਦੇ ਬਰਾਬਰ ਖੜ੍ਹਾ ਕਰ ਦਿੰਦਾ ਹੈ। ਉਹ ਵੀ ਆਪਣੇ ਆਪ ਨੂੰ ਭਾਗਸ਼ਾਲੀ ਸਮਝਣ ਲੱਗ ਪੈਂਦੇ ਹਨ। ਕਹਿੰਦੇ ਹਨ ਅਕਲਾਂ ਬਾਝੋਂ ਖੂਹ ਖ਼ਾਲੀ ਹੋ ਜਾਂਦੇ ਹਨ। ਦਾਰੂ ਉਨ੍ਹਾਂਦੇ ਖੂਹ ਹਰੇ ਕਰ ਦਿੰਦਾ ਹੈ। ਕੇਵਲ ਦਾਰੂ ਹੀ ਹੈ ਜਿਹੜਾ ਗਰੀਬਾਂ ਤੇ ਅਮੀਰਾਂ ਨੂੰ ਇਕੋ ਮੰਚ 'ਤੇ ਖੜ੍ਹਾ ਕਰ ਦਿੰਦਾ ਹੈ। ਬਾਕੀਆਂ ਵਾਂਗ ਉਨ੍ਹਾਂ ਦੇ ਭੇਦਭਾਵ ਨਹੀਂ ਚਿਤਾਰਦਾ। ਦਾਰੂ ਦਾ ਇਹ ਦੈਵੀ ਗੁਣ ਬਾਕੀ ਪਦਾਰਥਾਂ ਵਿਚ ਲੱਭਿਆਂ ਵੀ ਨਹੀਂ ਲੱਭਦਾ। ਇਹ ਇਕ ਰੱਬੀ ਦਾਤ ਹੈ। ਇਸੇ ਲਈ ਦਾਰੂ ਪੀਣ ਵਾਲਿਆਂ ਨੂੰ 'ਟੋਏ ਟਿੱਬੇ' ਨਜ਼ਰ ਨਹੀਂ ਆਉਂਦੇ। ਇਹ ਸਭਨਾਂ ਨੂੰ ਇਕੋ ਅੱਖ ਨਾਲ ਵੇਖਦੇ ਹਨ।

ਗੁਨਾਹਗਾਰ ਐਬੀ ਤੇ ਗੰਦਾ
ਇਹ ਨਹੀਂ ਗਿਣਿਆ ਜਾਂਦਾ ਮੰਦਾ
ਸ਼ੇਖ ਜੀ, ਇਹ ਮੈਖ਼ਾਨੇ
ਏਥੇ ਬੰਦੇ ਨੂੰ ਸਭ ਸਮਝਣ ਬੰਦਾ

• •

ਦਾਰੂ ਤੇ ਖ਼ੁਸ਼ੀਆਂ ਖੇੜੇ

ਜਦੋਂ ਬੰਦਾ ਖ਼ੁਸ਼ੀ ਦੀ ਲਹਿਰ ਵਿਚ ਹੁੰਦਾ ਹੈ ਤਾਂ ਉਸ ਨੂੰ ਵਧੇਰੇ ਸਮਾਂ ਮਾਨਣ ਲਈ ਦਾਰੂ ਵੱਲ ਦੌੜਦਾ ਹੈ। ਸੁੱਖ ਦੁਖ ਤੇ ਦਾਰੂ ਇਕ ਦੂਜੇ ਲਈ ਚਾਚੇ ਤਾਏ ਦੇ ਪੁੱਤਰ ਹਨ। ਦਾਰੂ ਇਨ੍ਹਾਂ ਦੋਹਾਂ ਦੇ ਸਮਾਗਮਾਂ ਵਿਚ ਹੁੰਮ ਹੁੰਮਾ ਕੇ ਸ਼ਰੀਕ ਹੁੰਦਾ ਹੈ। ਇਨ੍ਹਾਂ ਦਾ ਮੇਲ ਇਤਫਾਕਨ ਨਹੀਂ ਕੁਦਰਤੀ ਜਾਪਦਾ ਹੈ। ਇਸੇ ਲਈ ਇਕ ਦੂਜੇ ਦੇ ਅੰਗ ਸੰਗ ਸਦੀਆਂ ਤੋਂ ਖੜ੍ਹੇ ਹਨ ਲੰਗੋਟੀਏ ਯਾਰ।

ਮਨੁੱਖੀ ਜੀਵਨ ਬਹੁਤੇਰਾ ਦੁਖਾਂਤ ਨਹੀਂ ਹੈ। ਜੀਵਨ ਵਿਚ ਸੁਖ ਲੱਭਣੇ ਪੈਂਦੇ ਹਨ, ਦੁਖ ਨਹੀਂ। ਦੁੱਖ ਤਾਂ ਤੁਹਾਡੇ ਅੱਗੇ ਪਿੱਛੇ ਤੁਹਾਨੂੰ ਦਬੋਚਣ ਨੂੰ ਫਿਰਦੇ ਹਨ। ਇਸੇ ਲਈ ਜਿਸ ਸੁਲੱਖਣੀ ਘੜੀ ਸੁਖ ਮਿਲਿਆ ਹੋਵੇ ਜਾਂ ਬੰਦਾ ਸੋਚਦਾ ਹੈ ਕਿ ਕਿੰਨੀ ਮੁਸ਼ਕਲ ਤੇ ਮੁੱਦਤਾਂ ਬਾਅਦ ਮਿਲਿਆ ਹੈ, ਕਿਉਂ ਨਾ ਮਨਾਇਆ ਹੀ ਜਾਵੇ। ਮਨਾਉਣ ਦੇ ਚੱਕਰ ਵਿਚ ਜਿਗਰੀ ਦੋਸਤ ਵਾਂਗ ਦਾਰੂ ਨੂੰ ਸਭ ਤੋਂ ਪਹਿਲਾਂ ਯਾਦ ਕੀਤਾ ਜਾਂਦਾ ਹੈ। ਮਰ ਕੇ ਲੱਭੀ ਇਸ ਵਡਭਾਗੀ ਘੜੀ ਨੂੰ ਸਥਾਈ ਤੇ ਯਾਦਗਾਰੀ ਬਣਾਉਣ ਲਈ ਦਾਰੂ ਗਲਵੱਕੜੀ ਪਾ ਕੇ ਮਿਲਦਾ ਹੈ। ਸੁਖ ਆਨੰਦ ਤੇ ਦਾਰੂ ਇਕ ਦੂਜੇ ਦੀ ਕੁੱਖ 'ਚੋਂ ਪੈਦਾ ਹੁੰਦੇ ਹਨ। ਇਨ੍ਹਾਂ ਦਾ ਰਿਸ਼ਤਾ ਸੱਸੀ ਪੁਨੂੰ ਵਾਲਾ ਲੱਗਦਾ ਹੈ। ਇਹ ਨਹੀਂ ਪਤਾ ਕਿ ਇਨ੍ਹਾਂ ਵਿਚੋਂ ਸੱਸੀ ਕਿਹੜੀ ਹੈ ਤੇ ਪੁਨੂੰ ਕਿਹੜਾ ਹੈ ? ਜੇਕਰ ਇਕ ਸੁੱਤੇ ਪਏ ਨੂੰ ਛੱਡ ਜਾਵੇ ਤਾਂ ਦੂਜਾ ਥਲਾਂ ਵੱਲ ਉਸ ਪਿੱਛੇ ਦੌੜਦਾ ਹੈ। ਇਕ ਦੂਜੇ ਦਾ ਵਸਾਹ ਨਹੀਂ ਖਾਂਦੇ।

ਜਦੋਂ ਤੁਹਾਡੇ ਘਰ ਕੋਈ ਖ਼ੁਸ਼ੀ ਆਉਂਦੀ ਹੈ ਤੁਸੀਂ ਉਸ ਨੂੰ ਆਪਣੇ ਸੰਗੀਆਂ-ਸਾਥੀਆਂ ਤੇ ਨਜ਼ਦੀਕੀਆਂ ਨਾਲ ਮਾਨਣਾ ਚਾਹੁੰਦੇ ਹੋ। ਜੇਕਰ ਤੁਹਾਡੇ ਘਰ ਪੁੱਤ ਪੋਤਰਾ ਜਨਮਿਆ ਹੈ ਤੇ ਤੁਸੀਂ ਖ਼ੁਸ਼ੀ ਦੇ ਆਲਮ ਵਿਚ ਆਪਣੇ ਸੁਹਿਰਦੀਆਂ ਨੂੰ ਇਹ ਕਹਿ ਬੈਠੋ—"ਔਹ ਲਓ ਪੰਜਾਹ ਦਾ ਨੋਟ ਤੇ ਜਾ ਕੇ ਲੱਸੀਆਂ ਪੀਓ ਤੇ ਮੌਜ ਬਹਾਰਾਂ ਮਾਣੋ।" ਤੁਹਾਡੇ ਯਾਰ ਇਹੀ ਸੋਚਣਗੇ ਕਿ ਜਾਂ ਤਾਂ ਤੁਸੀਂ ਉਨ੍ਹਾਂ ਨੂੰ ਮਜ਼ਾਕ ਕਰ ਰਹੇ ਹੋ ਜਾਂ ਫਿਰ ਤੁਹਾਡਾ ਕੋਏ ਮਾਨਸਿਕ ਪੁਰਜ਼ਾ ਢਿੱਲਾ ਹੋ ਗਿਆ ਹੈ। ਲੱਸੀਆਂ ਚਾਹਵਾਂ ਜਾਂ ਮਲਾਈ ਮਾਰੇ ਦੁੱਧ ਨਾਲ ਜਸ਼ਨ ਥੋੜ੍ਹਾ ਮਨਾਏ ਜਾਂਦੇ ਹਨ। ਇਹ ਤਾਂ ਜਸ਼ਨਾਂ ਦਾ ਮਜ਼ਾਕ ਉਡਾਉਣ ਵਾਲੀ ਗੱਲ ਹੈ।

ਕੱਲ੍ਹ ਨੂੰ ਤੁਹਾਡੇ ਲੜਕੇ ਦੀ ਸ਼ਾਦੀ ਤਹਿ ਹੁੰਦੀ ਹੈ। ਤੁਹਾਡੀ ਧਰਮ ਪਤਨੀ ਰਾਧਾ ਸਵਾਮੀ ਹੈ ਤੇ ਉਸਦੇ ਪੇਕੇ ਨਾਮਧਾਰੀਏ ਹਨ। ਤੁਸੀਂ ਮਾਡਰਨ ਸਿੱਖ ਹੋ। ਕਿਧਰ ਜਾਓਗੇ ਇਸ ਜਾਲ ਵਿਚੋਂ ਨਿਕਲ ਕੇ। ਇਨ੍ਹਾਂ ਰਿਸ਼ਤੇਦਾਰਾਂ ਦੇ ਪ੍ਰਭਾਵ ਹੇਠ ਤੁਸੀਂ ਫ਼ੈਸਲਾ ਕਰ

ਲੈਂਦੇ ਹੋ ਕਿ ਵਿਆਹ ਵਿਚ ਦਾਰੂ ਖੰਗਣ ਨਹੀਂ ਦੇਣੀ। ਤੁਸੀਂ ਆਪਣੇ ਸਾਰੇ ਭਾਈਚਾਰੇ ਨੂੰ ਨਿਮੰਤਰਣ ਭੇਜਦੇ ਹੋ। ਉਹ ਤੁਹਾਡੇ ਘਰ ਵਿਆਹ ਸੁਣ ਕੇ ਭੱਜੇ ਆਉਂਦੇ ਨੇ। ਸਿਰ ਮਨਾਉਂਦਿਆਂ ਹੀ ਗੜਿਆਂ ਦੀ ਵਰਖਾ ਹੋ ਗਈ। ਉਨ੍ਹਾਂ ਭਲੇਮਾਣਸਾਂ ਨੂੰ ਮੂੰਹ ਦੀ ਖਾਣੀ ਪੈਂਦੀ ਹੈ ਜਦੋਂ ਦਾਰੂ ਦੀ ਜਗ੍ਹਾ ਉਨ੍ਹਾਂ ਦਾ ਸਵਾਗਤ ਥਮਜ਼ ਅੱਪ ਨਾਲ ਕੀਤਾ ਜਾਂਦਾ ਹੈ। ਉਹ ਲੋਕ ਹੱਸਦੇ ਖੇਡਦੇ ਆਏ ਸਨ, ਹੁਣ ਰੋਂਦੇ ਧੋਂਦੇ ਵਾਪਸ ਜਾਣਗੇ। ਉਨ੍ਹਾਂ ਦੇ ਮੁਖਾਰਬਿੰਦਾਂ ਤੋਂ ਪਹਿਲਾਂ ਤਾਂ ਵਧਾਈਆਂ ਨਿਕਲਣੀਆਂ ਸਨ, ਹੁਣ ਨਿਕਲਣਗੀਆਂ ਬਦਅਸੀਸਾਂ।

ਵਿਆਹ ਦੇ ਸਮਾਗਮਾਂ ਵਿਚ ਕਈ ਵਾਰ ਬੰਦਾ ਕੁੜਿੱਕੀ ਵਿਚ ਫਸ ਜਾਂਦਾ ਹੈ। ਕਈਆਂ ਦੇ ਕੁੜਮ ਅੱਗੋਂ ਵੈਸ਼ਨੋਂ ਨਿਕਲ ਆਉਂਦੇ ਹਨ। ਤੁਸੀਂ ਉਨ੍ਹਾਂ ਦੀ ਦਿਲੀ ਇੱਛਾ ਅਨੁਸਾਰ ਵੈਸ਼ਨੂੰ ਖਾਣੇ ਪਰੋਸਦੇ ਹੋ ਤੇ ਦਾਰੂ ਦੀ ਜਗ੍ਹਾ ਠੰਡੇ ਤੱਤੇ ਉਨ੍ਹਾਂ ਦੇ ਅੱਗੇ ਰੱਖਦੇ ਹੋ। ਵਿਆਹ ਵਿਚ ਸ਼ਾਮਲ ਦੋਵਾਂ ਪਾਸਿਆਂ ਤੋਂ ਬਾਕੀ ਬੰਦਿਆਂ ਲਈ ਇਹ ਸਦਮੇ ਵਾਲੀ ਗੱਲ ਹੋਵੇਗੀ। ਉਹ ਸ਼ਰਮੋ-ਬੇਸ਼ਰਮੀ ਤੁਹਾਡਾ ਪਰੋਸਿਆ ਘਾਹ ਫੂਸ ਤੇ ਸ਼ਰਬਤ ਸੇਵਨ ਕਰਨਗੇ ਤਾਂ ਸਹੀ ਪਰ ਰੋਂਦੇ ਧੋਂਦੇ ਹੀ। ਤੁਹਾਡੇ ਸਾਹਮਣੇ ਤਾਂ ਨਹੀਂ ਉਭਾਸਰਣਗੇ ਪਰੰਤੂ ਘਰੀਂ ਜਾ ਕੇ ਅਗਲੀ ਪਿਛਲੀ ਭੜਾਸ ਸਾਰੀ ਕੱਢਣਗੇ—"ਆਪਣੀ ਵਾਰੀ ਤਾਂ ਇਸ ਸਰਦਾਰ ਨੇ ਲਿੱਦ ਕਰ ਦਿੱਤੀ ਐ। ਸਾਡੇ ਵਿਆਹ ਵਿਚ ਤਾਂ ਸਾਰਾ ਕੋੜਮਾ ਲੈ ਕੇ ਢੁਕਿਆ ਸੀ ਤੇ ਮੂੰਹ ਫਾੜ ਫਾੜ ਕੇ ਮੰਗਦਾ ਸੀ। ਅਖੇ ਮੈਂ ਪੀਟਰ ਤੋਂ ਘੱਟ ਨਹੀਂ ਪੀਣੀ। ਆਪਣੀ ਵਾਰੀ ਪਤਾ ਨਹੀਂ ਇਹਨੂੰ ਕੇਹੜਾ ਸੱਪ ਸੁੰਘ ਗਿਆ ਏ ? ਏਹਨਾਂ ਨੂੰ ਕੇਹੜੇ ਕੰਜਰ ਨੇ ਇਹ ਸਲਾਹ ਦਿੱਤੀ ਸੀ ਕਿ ਦਾਰੂ ਕਿਸੇ ਨੂੰ ਸੁੰਘਾਉਣੀ ਵੀ ਨਹੀਂ।" ਇਸ ਤਰ੍ਹਾਂ ਅਜਿਹੇ ਲੋਕ ਥਾਂ ਥਾਂ ਥੁੱਕਣਗੇ ਤੇ ਤੁਹਾਡੀ ਬਦਨਾਮੀ ਕਰਨਗੇ।

ਜੇਕਰ ਤੁਸੀਂ ਪ੍ਰਹੇਜ਼ਗਾਰ ਹੋ ਤਾਂ ਮੱਤ ਸੋਚੋ ਕਿ ਤੁਹਾਡੇ ਰਿਸ਼ਤੇਦਾਰਾਂ ਤੇ ਦੋਸਤਾਂ ਨੂੰ ਵੀ ਇਹੀ ਰਸਤਾ ਪਸੰਦ ਹੈ। ਇਸ ਤਰ੍ਹਾਂ ਕਦੀ ਵੀ ਨਹੀਂ ਹੁੰਦਾ। ਤੁਹਾਨੂੰ ਹਰ ਇਕ ਦੇ ਜਜ਼ਬਾਤਾਂ ਦੀ ਕਦਰ ਕਰਨੀ ਚਾਹੀਦੀ ਹੈ। ਜੇਕਰ ਤੁਸੀਂ ਖਾਣ ਪੀਣ ਵਾਲੇ ਹੋ ਤਾਂ ਨਾ ਖਾਣ ਪੀਣ ਵਾਲੇ ਦੋਸਤਾਂ ਦਾ ਵੀ ਪੂਰਾ ਖ਼ਿਆਲ ਰੱਖਣਾ ਚਾਹੀਦਾ ਹੈ। ਸਾਡੀ ਕਲਪਨਾ ਤੇ ਹਿਰਦੇ ਵਿਸ਼ਾਲ ਹੋਣੇ ਚਾਹੀਦੇ ਹਨ। ਜੇਕਰ ਤੁਸੀਂ ਦਾਰੂ ਨਹੀਂ ਪੀਂਦੇ ਤੇ ਵੈਸ਼ਨੂੰ ਰੁਚੀਆਂ ਵਾਲੇ ਹੋ ਤਾਂ ਚੰਗੀ ਗੱਲ ਹੈ। ਪਰੰਤੂ ਜੇਕਰ ਤੁਸੀਂ ਨਾ ਪੀਣ ਦੇ ਘੁਮੰਡ ਵਿਚ ਪੀਣ ਵਾਲਿਆਂ ਨੂੰ ਨਫ਼ਰਤ ਕਰਨ ਲੱਗ ਪੈਂਦੇ ਹੋ ਤਾਂ ਸਹੀ ਹੁੰਦਿਆਂ ਵੀ ਗ਼ਲਤ ਹੋ ਜਾਂਦੇ ਹੋ। ਅਜਿਹੇ ਸਾਡੇ ਸਮਾਜ ਵਿਚ ਬਹੁਤ ਲੋਕ ਹਨ। ਪੀਣ ਵਾਲਿਆਂ ਤੇ ਨਾ ਪੀਣ ਵਾਲਿਆਂ ਦੇ ਗਰੁੱਪ ਬਣ ਚੁੱਕੇ ਹਨ ਅਤੇ ਦੋਵੇਂ ਧਿਰਾਂ ਆਪਣੇ ਵਿਚਾਰਾਂ ਨੂੰ ਦੂਸਰਿਆਂ ਤੋਂ ਵਧੀਆ ਤੇ ਸਰੇਸ਼ਟ ਸਮਝਦੇ ਹਨ। ਸਾਡੀ ਸੋਚ ਅਨੁਸਾਰ ਇਹ ਦੋਵੇਂ ਹੀ ਗ਼ਲਤ ਹਨ। ਖਾਣ ਪੀਣ ਦੇ ਮਾਮਲੇ ਵਿਚ ਗੁੱਟਬੰਦੀ ਸ਼ੋਭਦੀ ਨਹੀਂ। ਇਹ ਤਾਂ ਮਨ ਮੰਨੇ ਦਾ ਮੇਲਾ ਹੈ। ਤਕਰਾਰ ਕਿਉਂ ?

ਖ਼ੁਸ਼ੀਆਂ ਖੇੜੇ ਕਈ ਕਿਸਮਾਂ ਦੇ ਹੁੰਦੇ ਹਨ। ਮਹਾਨ ਖ਼ੁਸ਼ੀਆਂ, ਦਰਮਿਆਨ ਖ਼ੁਸ਼ੀਆਂ ਤੇ ਆਮ ਖ਼ੁਸ਼ੀਆਂ। ਦਾਰੂ ਵਿਚ ਇਹ ਬਰਕਤ ਹੈ ਕਿ ਇਹ ਆਮ ਤੇ ਦਰਮਿਆਨੀਆਂ

ਖ਼ੁਸ਼ੀਆਂ ਨੂੰ ਮਹਾਨ ਖ਼ੁਸ਼ੀਆਂ ਵਿਚ ਬਦਲ ਸਕਦਾ ਹੈ। ਲੋਕ ਮੱਕੀ ਦੇ ਦਾਣੇ ਵਾਂਗ ਫੁੱਲ ਪੈਂਦੇ ਹਨ ਤੇ ਢਾਣੀਆਂ ਮਹਿਫ਼ਲਾਂ ਵਿਚ ਤਬਦੀਲ ਹੋ ਜਾਂਦੀਆਂ ਹਨ। ਮਹਾਨ ਖ਼ੁਸ਼ੀਆਂ ਵੀ ਫਿੱਕੀਆਂ ਤੇ ਬਕਬਕੀਆਂ ਹੋ ਸਕਦੀਆਂ ਹਨ ਜੇਕਰ ਸਮਾਗਮ ਦਾਰੂ ਰਹਿਤ ਹੋਵੇ। ਦਾਰੂ ਵਿਚ ਇਹ ਕਰਾਮਾਤ ਹੈ ਕਿ ਇਹ ਮਾਰੂਥਲਾਂ ਵਿਚ ਵੀ ਨਖਲਸਤਾਨ ਪੈਦਾ ਕਰ ਸਕਦਾ ਹੈ।

ਸਿਆਣਿਆਂ ਦਾ ਕਥਨ ਹੈ ਕਿ ਜੇਕਰ ਰੱਬ ਨੇ ਤੁਹਾਡੀ ਝੋਲੀ ਖ਼ੁਸ਼ੀਆਂ ਪਾਈਆਂ ਹਨ ਤਾਂ ਉਨ੍ਹਾਂ ਨੂੰ ਹਰ ਸੂਰਤ ਵਿਚ ਮਾਨਣਾ ਚਾਹੀਦਾ ਹੈ। ਪਰ ਸਾਡੇ ਲੋਕ ਦੱਬੂ ਤੇ ਭਾਗਵਾਦੀ ਹੋਣ ਕਰਕੇ ਪਰਛਾਵਿਆਂ ਤੋਂ ਵੀ ਤ੍ਰਬਕਦੇ ਰਹਿੰਦੇ ਹਨ। ਖ਼ੁਸ਼ੀ ਆਵੇ ਤਾਂ ਘਬਰਾ ਜਾਂਦੇ ਹਨ। ਰੰਗੀਨੀਆਂ ਤੇ ਮਹਿਫ਼ਲਾਂ ਮਾਨਣ ਨੂੰ ਬੁਰਾ ਮਨਾਉਂਦੇ ਹਨ ਕਿਉਂਕਿ ਧਾਰਮਿਕ ਲੋਕਾਂ ਨੇ ਇਨ੍ਹਾਂ ਖ਼ੁਸ਼ੀਆਂ ਤੇ ਹਾਸਿਆਂ ਨੂੰ ਨਰਕ ਦਾ ਦਵਾਰ ਦੱਸਿਆ। ਉਨ੍ਹਾਂ ਦਾ ਵਿਚਾਰ ਹੈ ਕਿ ਜਿਹੜੇ ਰੰਗਰਲੀਆ ਮਾਣਦੇ ਹਨ, ਉਹ ਅਵੱਸ਼ ਹੀ ਨਰਕਾਂ ਵਿਚ ਜਾਂਦੇ ਹਨ ਤੇ ਪ੍ਰਮਾਤਮਾ ਤੋਂ ਬਹੁਤ ਦੂਰ ਚਲੇ ਜਾਂਦੇ ਹਨ। ਇਸ ਲਈ ਜਦੋਂ ਕੋਈ ਸ਼ਖ਼ਸ ਸਾਨੂੰ ਹਮੇਸ਼ਾ ਹੱਸਦਾ ਖੇਡਦਾ ਮਿਲੇ ਤਾਂ ਅਸੀਂ ਸਮਝਦੇ ਹਾਂ ਕਿ ਇਹਨੂੰ 'ਕੁਝ' ਹੋ ਗਿਆ ਹੈ। ਇਹਦਾ ਤੁਆਜ਼ਨ ਹਿੱਲ ਗਿਆ ਹੈ। ਇਸਦੇ ਬਦਲੇ ਜੇਕਰ ਕੋਈ ਬੰਦਾ ਗੰਭੀਰ ਤੇ ਉਦਾਸ ਮਿਲੇ ਤਾਂ ਅਸੀਂ ਉਸ ਨਾਲ ਫਟ ਹਮਦਰਦੀ ਕਰਦੇ ਹਾਂ ਤੇ ਉਸਦਾ ਦੁੱਖ ਦੂਰ ਕਰਨ ਲਈ ਯਤਨਸ਼ੀਲ ਹੁੰਦੇ ਹਾਂ। ਉਦਾਸ ਬੰਦਾ ਵੇਖ ਕੇ ਸਾਨੂੰ ਮਾਨਸਿਕ ਪ੍ਰਸੰਨਤਾ ਹੁੰਦੀ ਹੈ ਤੇ ਖ਼ੁਸ਼ ਵੇਖ ਕੇ ਨਫ਼ਰਤ ਤੇ ਈਰਖਾ। ਇਹ ਮਨੁੱਖੀ ਫਿਤਰਤ ਹੈ। ਸੰਸਾਰ ਪ੍ਰਭੂ ਦੀ ਹਵੇਲੀ ਹੈ। ਅਸੀਂ ਇਸ ਵਿਚ ਚਾਰ ਦਿਨ ਹੱਸਣ ਖੇਡਣ ਆਏ ਹਾਂ। ਇਹ ਵੀ ਮੌਕਾ ਜੇਕਰ ਅਸੀਂ ਰੋ ਧੋ ਕੇ ਹੀ ਗੁਜ਼ਾਰ ਦਿੱਤਾ ਤਾਂ ਅਸਾਂ ਦੁਨੀਆ ਵਿਚ ਕੀ ਖੱਟਿਆ ? ਜਿਥੇ ਵੀ ਖ਼ੁਸ਼ੀ ਮਿਲੇ ਉਸ ਨੂੰ ਤੁਰੰਤ ਮਾਣੋ। ਮਾਨਣ ਵਿਚ ਜੇਕਰ ਦਾਰੂ ਦੀ ਵੀ ਜ਼ਰੂਰਤ ਪੈ ਜਾਵੇ ਤਾਂ ਸ਼ਰਮਾਉਣਾ ਨਹੀਂ ਚਾਹੀਦਾ। ਜੇਕਰ ਇਹ ਅਨਮੋਲ ਘੜੀ ਲੰਘ ਗਈ ਤਾਂ ਪਛਤਾਉਣਾ ਪਵੇਗਾ।

ਦਾਰੂ ਸਾਡਾ ਸੱਚਾ ਸਾਥੀ ਹੈ, ਹਮਦਮ। ਸੁੱਖਾਂ ਦੁੱਖਾਂ ਵਿਚ ਸਾਡੇ ਸੰਗ ਨਿਭਦਾ ਹੈ। ਦੀਵਾਨਿਆਂ ਦਾ ਦਾਮਨ ਥਾਮਦਾ ਹੈ। ਹੱਸਦੇ ਹਾਂ ਤਾਂ ਹੋਰ ਹਸਾਉਂਦਾ ਹੈ। ਰੋਂਦੇ ਹਾਂ ਤਾਂ ਦਿਲਾਸਾ ਦਿੰਦਾ ਹੈ, ਅੱਥਰੂ ਪੂੰਝਦਾ ਹੈ। ਸੁੱਖਾਂ ਵਿਚ ਤਾਂ ਇਹ ਸੋਨੇ ਉਪਰ ਸੁਹਾਗੇ ਦਾ ਕੰਮ ਦਿੰਦਾ ਹੈ। ਸਾਨੂੰ ਕਿਸੇ ਭਰਮ ਭੁਲੇਖੇ ਵਿਚ ਉਲਝ ਕੇ ਸੁੱਖਾਂ ਨੂੰ ਦੁਰਕਾਰਨਾ ਨਹੀਂ ਚਾਹੀਦਾ। ਇਹ ਰੱਬ ਤੋਂ ਦੂਰ ਨਹੀਂ ਲਿਜਾਂਦੇ, ਸਗੋਂ ਪ੍ਰਭੂ ਦੀਆਂ ਬਖ਼ਸ਼ਿਸ਼ਾਂ ਦਾ ਸਿਜਦਾ ਕਰਨ ਲਈ ਪ੍ਰੇਰਦੇ ਹਨ। ਸੁਖ ਦੇ, ਸੁਭਾਗੇ ਤੇ ਸੁਨਹਿਰੀ ਮੌਕਿਆਂ ਨੂੰ ਜੀ ਆਇਆਂ ਆਖਣਾ ਹੀ ਸਾਡੀ ਸਮਝਦਾਰੀ ਹੈ। ਜਿਹੜਾ ਧਰਮ ਬੰਦੇ ਨੂੰ ਹੱਸਣ ਖੇਡਣ ਤੋਂ ਰੋਕਦਾ ਹੈ ਉਹ ਧਰਮ ਨਹੀਂ। ਕੋਈ ਹੋਰ ਹੀ ਊਟ ਪਟਾਂਗ ਬੱਦ ਬਲਾ ਹੈ। ਦਾਰੂ ਸਾਨੂੰ ਹੱਸਣ ਖੇਡਣ ਦੇ ਮੌਕੇ ਪ੍ਰਦਾਨ ਕਰਦਾ ਹੈ। ਖ਼ੁਸ਼ ਹੋ ਕੇ ਅਸੀਂ ਪ੍ਰਭੂ ਦੀ ਸ੍ਰਿਸ਼ਟੀ ਨੂੰ ਖ਼ੁਸ਼ ਕਰਨ ਬਾਰੇ ਸੋਚਦੇ ਹਾਂ। ਜਿਹੜਾ ਉਹਦੀ ਸ੍ਰਿਸ਼ਟੀ ਨੂੰ ਮੁਸਕਾਂਦਾ, ਹਸਾਂਦਾ ਤੇ ਚਹਿਕਾਂਦਾ ਹੈ, ਉਹਦੇ ਨਾਲੋਂ ਵਧੀਆ ਧਾਰਮਿਕ ਵਿਅਕਤੀ ਕੌਣ ਹੋ ਸਕਦਾ ਹੈ। ਦਾਦੂ ਪੰਥੀਆਂ

ਨੇ ਖ਼ੁਸ਼ੀਆਂ ਦੇ ਘੇਰੇ ਚੌੜੇਰੇ ਅਤੇ ਗ਼ਮਾਂ ਦੇ ਬੱਦਲ ਛਾਈਂ-ਮਾਈਂ ਕੀਤੇ ਹਨ। ਕਿਸੇ ਨੇ ਦਾਰੂ ਦੀਆਂ ਸੌ ਨਿਆਮਤਾਂ ਤੋਂ ਪ੍ਰਭਾਵਿਤ ਹੋ ਕੇ ਠੀਕ ਹੀ ਆਖਿਆ ਸੀ—

ਆਉ ਮੈਅਕਦੇ ਮੇਂ ਬਸੇਰਾ ਕਰ ਲੇਂ
ਨਾ ਆਨਾ ਪੜੇਗਾ, ਨਾ ਜਾਨਾ ਪੜੇਗਾ

ਕਿਹੜਾ ਭੜੂਆ ਆਉਣ ਜਾਣ ਵਿਚ ਹੀ ਇਹ ਹੀਰੇ ਵਰਗਾ ਜੀਵਨ ਬਰਬਾਦ ਕਰਨਾ ਚਾਹੇਗਾ ?

ਪੀ ਲੀਆ ਕਰਤੇ ਹੈਂ, ਜੀਨੇ ਕੀ ਤਮੰਨਾ ਮੇਂ ਕਭੀ
ਡਗਮਗਾਨਾ ਭੀ ਜ਼ਰੂਰੀ ਹੈ, ਸੰਭਲਨੇ ਕੇ ਲੀਏ !

• •

ਦਾਰੂ ਤੇ ਭਰਮ ਭੁਲੇਖੇ

ਦਾਰੂ ਚੌਦਵਾਂ ਰਤਨ ਹੈ ਜੋ ਕਿ ਕੇਵਲ ਦੇਵਤਿਆਂ ਦੀ ਹੀ ਖੁਰਾਕ ਹੈ। ਮਾਤ ਲੋਕ ਵਿਚ ਕੇਵਲ ਰਾਜੇ ਮਹਾਰਾਜੇ ਹੀ ਇਸ ਦਾ ਪ੍ਰਸਾਦਿ ਲੈ ਸਕਦੇ ਹਨ। ਜਨ ਸਾਧਾਰਨ ਲਈ ਦਾਰੂ ਪੀਣਾ ਵਰਜਿਤ ਹੈ।

ਇਹ ਇਕ ਸਰਾਸਰ ਵਹਿਮ ਹੈ। ਦੇਵਤੇ ਅਤੇ ਉਨ੍ਹਾ ਦਾ ਚੌਦਵਾਂ ਰਤਨ ਦੋਵੇਂ ਮਨੋ-ਕਲਪਿਤ ਹਨ। ਜੇਕਰ ਰਾਜੇ ਮਹਾਰਾਜੇ ਇਸਦਾ ਸੇਵਨ ਕਰ ਸਕਦੇ ਹਨ ਤਾਂ ਬਾਕੀ ਪਰਜਾ ਕਿਉਂ ਨਹੀਂ। ਰਾਜੇ ਮਹਾਰਾਜੇ ਵੀ ਮਨੁੱਖ ਹੁੰਦੇ ਹਨ, ਕੋਈ ਆਕਾਸ਼ੋਂ ਡਿੱਗੀ ਹੋਈ ਚੀਜ਼ ਨਹੀਂ। ਇਹ ਤਾਂ ਪੰਡਤਾਂ ਨੇ ਹੀ ਜਨ ਸਾਧਾਰਨ ਨੂੰ ਪੀਣ ਤੋਂ ਵਰਜਿਆ ਹੈ। ਕਿਸੇ ਦੈਵੀ ਸ਼ਕਤੀ ਨੇ ਨਹੀਂ। ਜੇਕਰ ਆਮ ਆਦਮੀ ਵੀ ਉਹੀ ਖਾਣ ਪੀਣ ਲੱਗ ਪਏ ਜੋ ਕਿ ਮਹਿਲਾਂ ਵਿਚ ਸਮਰਾਟ ਤੇ ਰਾਜਕੁਮਾਰ ਖਾਂਦੇ ਪੀਂਦੇ ਹਨ ਤਾਂ ਉਨ੍ਹਾਂ ਦਾ ਤੇ ਸਾਧਾਰਨ ਲੋਕਾਂ ਦਾ ਕੀ ਫ਼ਰਕ ਰਿਹਾ ? ਸ਼ਾਹੀ ਲੋਕਾਂ ਦੀ ਖੁਰਾਕ ਵੀ ਸ਼ਾਹੀ ਹੋਣੀ ਚਾਹੀਦੀ ਹੈ। ਜਿਸ ਨੂੰ ਹਮਾਂ ਤੁਮਾਂ ਹੀ ਖਾਣ ਪੀਣ, ਉਹ ਸ਼ਾਹੀ ਖੁਰਾਕ ਨਹੀਂ ਹੋ ਸਕਦੀ। ਕੁਝ ਭਰਮ-ਭਾਅ ਤਾਂ ਰਹਿਣਾ ਚਾਹੀਦਾ ਹੈ। ਇਹ ਘਟੀਆ ਸੋਚ ਹੈ।

ਸ਼ਰਾਬ ਪੀਣ ਨਾਲ ਜਲਦੀ ਮੌਤ ਹੋ ਜਾਂਦੀ ਹੈ। ਇਹ ਡੈਣ ਹੈ। ਸ਼ਰਾਬ ਪੀਣ ਵਾਲਾ ਬੰਦਾ ਡੈਣ ਦੇ ਕੁੱਛੜ ਮੁੰਡਾ ਹੁੰਦਾ ਹੈ। ਭਾਵੇਂ ਖਾ ਲਵੇ, ਭਾਵੇਂ ਛੱਡ ਦੇਵੇ।

ਸ਼ਰਾਬ ਨਾਲ ਉਮਰ ਲੰਮੀ ਵੀ ਹੋ ਸਕਦੀ ਹੈ। ਵਿਨਸਟਨ ਚਰਚਿਲ ਤੇ ਖ਼ੁਸ਼ਵੰਤ ਸਿੰਘ ਹਰ ਰੋਜ਼ ਪੀਂਦੇ ਸਨ ਤੇ ਹਨ। ਚਰਚਿਲ ਨੱਬੇ ਵਰ੍ਹਿਆਂ ਤੋਂ ਉਪਰ ਜਾ ਕੇ ਸਵਰਗਵਾਸ ਹੋਇਆ ਤੇ ਖ਼ੁਸ਼ਵੰਤ ਸਿੰਘ ਤਿਰਾਨਵੇਂ ਸਾਲ ਦਾ ਹੋ ਕੇ ਨੇਮ ਨਾਲ ਰੋਜ਼ ਪੀਂਦਾ ਹੈ। ਜਲਦੀ ਮੌਤ ਗ਼ਲਤ ਢੰਗ ਨਾਲ ਪੀਣ ਤੇ ਝੜੀਆਂ ਲਾ ਕੇ ਲਗਾਤਾਰ ਪੀਣ ਨਾਲ ਹੁੰਦੀ ਹੈ। ਅਜਿਹੇ ਲੋਕਾਂ ਨੂੰ ਦਾਰੂ ਪੀਣਾ ਵੈਸੇ ਹੀ ਵਰਜਿਤ ਹੋਣਾ ਚਾਹੀਦਾ। ਬੰਦਾ ਕਿਸੇ ਕਿਸਮ ਦੀ ਵੀ, ਖਾਣ ਪੀਣ ਵਿਚ ਜ਼ਿਆਦਤੀ ਨਾਲ ਜਲਦੀ ਚੋਲਾ ਛੱਡ ਸਕਦਾ ਹੈ। ਕੇਵਲ ਸ਼ਰਾਬ ਨਾਲ ਹੀ ਨਹੀਂ। ਇਹ ਡੈਣ ਤਦ ਹੀ ਬਣ ਜਾਂਦੀ ਹੈ ਜੇਕਰ ਅਸੀਂ ਆਪਣੇ ਆਪ ਨੂੰ ਦਾਰੂ ਦੇ ਹਵਾਲੇ ਕਰ ਦੇਈਏ। ਬੰਦੇ ਦੀ ਨਿਯੰਤਰਣ ਪ੍ਰਣਾਲੀ ਕਦੀ ਫੇਲ੍ਹ ਨਹੀਂ ਹੋਣੀ ਚਾਹੀਦੀ।

ਸ਼ਰਾਬ ਪੀਣ ਨਾਲ ਸਿਹਤ ਨਸ਼ਟ ਹੋ ਜਾਂਦੀ ਹੈ ਤੇ ਆਦਮੀ ਨਕਾਰਾ ਹੋ ਜਾਂਦਾ ਹੈ। ਇਹ ਵੀ ਇਕ ਗ਼ਲਤ ਬਿਆਨੀ ਹੈ। ਸਿਹਤ ਆਪ ਨਸ਼ਟ ਕਰਦੇ ਹਾਂ, ਦਾਰੂ ਨਹੀਂ। ਸ਼ਰਾਬ ਬੰਦਿਆਂ ਵਾਂਗ ਪੀਣ ਨਾਲ, ਦਾਰੂ ਟਾਨਿਕ ਦਾ ਕੰਮ ਵੀ ਦੇ ਸਕਦੀ ਹੈ। ਇਸਦੇ

ਸਹੀ ਸੇਵਨ ਨਾਲ ਰੋਟੀ ਤੇ ਕਮਜ਼ੋਰ ਬੰਦੇ ਨਿਰੋਗ ਤੇ ਰਿਸ਼ਟ ਪੁਸ਼ਟ ਵੀ ਹੋ ਸਕਦੇ ਹਨ। ਜਦੋਂ ਇਸ ਨੂੰ ਅੰਧਾ ਧੁੰਦ ਪਾਣੀ ਵਾਂਗ ਡਕਾਰਿਆ ਜਾਵੇ ਤਾਂ ਇਹ ਬੰਦੇ ਨੂੰ ਨਕਾਰਾ ਕੀ, ਨਸ਼ਟ ਵੀ ਕਰ ਸਕਦੀ ਹੈ।

ਦਾਰੂ ਪੀਣ ਨਾਲ ਸਾਡੇ ਵਿਚ ਵਿਸ਼ੇ ਵੱਕਾਰ ਪੈਦਾ ਹੁੰਦੇ ਹਨ। ਇਸ ਲਈ ਇਸ ਦਾ ਸੇਵਨ ਕਰਨ ਵਾਲਾ ਧਰਮੀ ਬੰਦਾ ਨਹੀਂ ਹੋ ਸਕਦਾ।

ਦਾਰੂ ਪੀਣ ਨਾਲ ਉਸਾਰੂ ਤੇ ਸ੍ਰੇਸ਼ਟ ਵਿਚਾਰ ਵੀ ਪੈਦਾ ਹੁੰਦੇ ਹਨ। ਇਸਦਾ ਸੇਵਨ ਕਰਕੇ ਮਹਾਨ ਸਾਹਿਤ ਤੇ ਕਲਾ ਨੂੰ ਵੀ ਜਨਮ ਦਿੱਤਾ ਜਾ ਸਕਦਾ ਹੈ। ਅਮਰ ਸ਼ਾਇਰੀ ਵੀ ਲਿਖੀ ਜਾ ਸਕਦੀ ਹੈ। ਪਰੰਤੂ ਜੇਕਰ ਪੀਣ ਵਾਲਾ ਬੰਦਾ ਦੁਸ਼ਟ ਤੇ ਵਿਭਚਾਰੀ ਹੋਵੇ ਤਾਂ ਉਸ ਅੰਦਰ ਵੱਕਾਰ ਹੀ ਪੈਦਾ ਹੋਣਗੇ। ਉੱਚੇ ਸੁੱਚੇ ਵਿਚਾਰ ਨਹੀਂ। ਪੱਛਮ ਵਿਚ ਸਾਰੇ ਧਾਰਮਿਕ ਸੰਤ ਤੇ ਪਾਦਰੀ ਦਾਰੂ ਦਾ ਸੇਵਨ ਕਰਦੇ ਹਨ। ਉਨ੍ਹਾਂ ਦੀ ਧਾਰਮਿਕਤਾ ਉਪਰ ਕੋਈ ਕਿੰਤੂ ਪਰੰਤੂ ਨਹੀਂ ਕਰ ਸਕਦਾ।

ਔਰਤਾਂ ਲਈ ਦਾਰੂ ਪੀਣੀ ਪਾਪ ਤੇ ਅਪਰਾਧ ਹੈ।

ਇਹ ਕੇਵਲ ਮਰਦਾਂ ਦੀ ਹੀ ਸੋਚਣੀ ਦਾ ਸਿੱਟਾ ਹੈ। ਜੋ ਮਰਦਾਂ ਲਈ ਦਰੁਸਤ ਹੋਵੇ, ਉਹ ਖੁਰਾਕ ਔਰਤਾਂ ਲਈ ਕਿਵੇਂ ਪਾਪ ਤੇ ਅਪਰਾਧ ਹੋ ਸਕਦੀ ਹੈ। ਇਹ ਵਿਚਾਰ ਕੇਵਲ ਔਰਤ ਨੂੰ ਕਮਜ਼ੋਰ ਤੇ ਨੀਵਾਂ ਵਿਖਾਉਣ ਲਈ ਧਾਰਮਿਕ ਲੋਕਾਂ ਨੇ ਖਾਹਮਖਾਹ ਔਰਤ ਉਪਰ ਥੋਪੇ ਹਨ। ਇਸਦਾ ਹਕੀਕਤ ਨਾਲ ਦੂਰ ਦਾ ਵੀ ਰਿਸ਼ਤਾ ਨਹੀਂ। ਔਰਤਾਂ ਤੇ ਮਰਦਾਂ ਦੇ ਸਰੀਰਕ ਢਾਂਚੇ ਵਿਚ ਕੋਈ ਬੁਨਿਆਦੀ ਅੰਤਰ ਨਹੀਂ ਹੁੰਦਾ।

ਸ਼ਰਾਬ ਪੀਣ ਵਾਲੇ ਬੰਦੇ ਬਹੁਤੇ ਸਿਆਣੇ, ਭਰੋਸੇਯੋਗ ਤੇ ਜ਼ਿੰਮੇਵਾਰ ਨਹੀਂ ਹੁੰਦੇ।

ਇਸ ਕਥਨ ਦਾ ਅਸਲੀਅਤ ਨਾਲ ਕੋਈ ਮੇਲ ਨਹੀਂ। ਦੁਨੀਆ ਵਿਚ ਬਹੁਤੇ ਸਿਆਣੇ ਬੰਦੇ ਹੋਏ ਹੀ ਖਾਣ ਪੀਣ ਵਾਲੇ ਹਨ। ਦਾਰੂ ਪੀ ਕੇ ਬਹੁਤੇ ਮਨੁੱਖ ਮਨੁੱਖਤਾ ਦੇ ਵਧੇਰੇ ਨਜ਼ਦੀਕ ਹੁੰਦੇ ਹਨ। ਭਰੋਸੇ ਤੇ ਜ਼ਿੰਮੇਵਾਰੀ ਵਾਲੀ ਤੋਹਮਤ ਤਾਂ ਵੈਸੇ ਹੀ ਨਿਰਮੂਲ ਹੈ। ਪੀਣ ਵਾਲੇ ਵਾਅਦੇ ਦੇ ਪੱਕੇ ਤੇ ਵਧੇਰੇ ਭਰੋਸੇਯੋਗ ਮੰਨੇ ਗਏ ਹਨ। ਪੀਣ ਵਾਲੇ ਹੀ ਵਧੇਰੇ ਸੰਜੀਦਗੀ ਤੇ ਜ਼ਿੰਮੇਵਾਰੀ ਨੂੰ ਸਮਝਦੇ ਹਨ। ਹਾਂ, ਉਪਰੋਕਤ ਦੋਸ਼ ਕੇਵਲ ਵਧੇਰੇ ਡੱਫਣ ਵਾਲਿਆਂ ਵਿਚ ਜ਼ਰੂਰ ਪਾਏ ਜਾ ਸਕਦੇ ਹਨ।

ਪੀਣ ਤੋਂ ਪਹਿਲਾਂ ਮਦਰਾ ਦੇਵੀ ਨੂੰ ਧਿਆਉਣਾ ਚਾਹੀਦਾ ਹੈ ਤੇ ਧਰਤੀ ਮਾਤਾ ਨੂੰ ਚਰਨਾਮਤ ਵੀ ਦੇਣੀ ਚਾਹੀਦੀ ਹੈ। ਇਹ ਪੁੰਨ ਹੁੰਦਾ ਹੈ।

ਕੋਈ ਮਦਰਾ ਦੇਵੀ ਨਹੀਂ ਹੁੰਦੀ। ਉਸਦੀ ਅਰਾਧਨਾ ਕਰਨਾ ਬੇਕਾਰ ਹੈ। ਧਰਤੀ ਸਭ ਪਦਾਰਥਾਂ ਦੀ ਮਾਂ ਹੈ। ਪਰ ਉਸਦਾ ਸਤਿਕਾਰ ਕਰਨ ਦੇ ਢੰਗ ਹੋਰ ਹੋਣੇ ਚਾਹੀਦੇ ਹਨ। ਭੁੰਜੇ ਸ਼ਰਾਬ ਤ੍ਰੌਂਕਣਾ ਸਰਾਸਰ ਵਹਿਮ ਹੈ ਤੇ ਦਾਰੂ ਨੂੰ ਜਾਇਆ ਕਰਨ ਵਾਲਾ ਕੰਮ ਹੈ। ਇਕ ਭੇਡ ਚਾਲ।

ਗਰੀਬ ਲੋਕਾਂ ਨੂੰ ਸ਼ਰਾਬ ਨਹੀਂ ਪੀਣੀ ਚਾਹੀਦੀ। ਗ੍ਰੰਥਾਂ ਵਿਚ ਲਿਖਿਆ ਹੈ। ਕਿਸੇ

ਗ੍ਰੰਥ ਵਿਚ ਇਹ ਨਹੀਂ ਲਿਖਿਆ। ਜੇਕਰ ਕਿਧਰੇ ਲਿਖਿਆ ਵੀ ਹੈ ਤਾਂ ਉਹ ਗ੍ਰੰਥ ਮਾਨਵਤਾ ਦਾ ਦੋਖੀ ਹੈ। ਗਰੀਬਾਂ ਤੇ ਅਮੀਰਾਂ ਵਿਚ ਉਨ੍ਹਾਂ ਦੀ ਆਰਥਿਕ ਸਥਿਤੀ ਤੋਂ ਇਲਾਵਾ ਹੋਰ ਕੋਈ ਮੁਖ ਅੰਤਰ ਨਹੀਂ ਹੁੰਦਾ। ਇਸ ਲਈ ਗਰੀਬਾਂ ਨੂੰ ਇਸ ਦੀ ਮਨਾਹੀ ਕਿਉਂ ? ਆਪਣੀ ਜੇਬ ਵੇਖ ਕੇ ਪੀਤੀ ਜਾ ਸਕਦੀ ਹੈ। ਪੈਸੇ ਵਾਲੇ ਮਹਿੰਗੀਆਂ ਸ਼ਰਾਬਾਂ ਪੀ ਕੇ ਆਪਣੇ ਧੰਨ ਦਾ ਵਿਖਾਵਾ ਕਰਦੇ ਹਨ। ਸ਼ਰਾਬ ਸਸਤੀ ਵੀ ਚੰਗੀ ਹੋ ਸਕਦੀ ਹੈ, ਜੇਕਰ ਭਰੋਸੇਯੋਗ ਵਸੀਲੇ ਰਾਹੀਂ ਤਿਆਰ ਕੀਤੀ ਹੋਵੇ। ਗਰੀਬ ਲੋਕ ਸਸਤੀ ਸੰਤਰਾ ਮਾਰਕਾ ਪੀ ਕੇ ਹੀ ਆਪਣਾ ਰਾਂਝਾ ਰਾਜ਼ੀ ਕਰ ਸਕਦੇ ਹਨ।

ਪੀਣ ਵਾਲੇ ਪ੍ਰਮਾਤਮਾ ਦੇ ਦਰ 'ਤੇ ਨਹੀਂ ਪਹੁੰਚ ਸਕਦੇ। ਉਨ੍ਹਾਂ ਨੂੰ ਯਮਰਾਜ ਫਾਂਸੀ 'ਤੇ ਲਟਕਾ ਕੇ ਕੁੰਭੀ ਨਰਕ ਵਿਚ ਸੁੱਟੇਗਾ।

ਧਰਮ ਰਾਜ ਜਾਂ ਯਮਰਾਜ ਕੇਵਲ ਧਰਤੀ ਉੱਤੇ ਹੀ ਵਸਦੇ ਹਨ, ਅਕਾਸ਼ਾਂ ਵਿਚ ਨਹੀਂ। ਫਾਂਸੀਆਂ ਤੇ ਕੁੰਭੀ ਨਰਕ ਤਗੜੇ ਬੰਦਿਆਂ ਦੇ ਮਾੜਿਆਂ ਨੂੰ ਡਰਾਉਣ ਧਮਕਾਉਣ ਦੇ ਵੱਖ ਵੱਖ ਤੌਰ-ਤਰੀਕੇ ਹਨ। ਜੇਕਰ ਪੀਣ ਵਾਲੇ ਪੱਛਮ ਵਿਚ ਪ੍ਰਭੂ ਦੇ ਚਰਨਾਂ ਵਿਚ ਬੈਠ ਸਕਦੇ ਹਨ ਤਾਂ ਪੂਰਬ ਵਿਚ ਕਿਉਂ ਨਹੀਂ। ਪ੍ਰਭੂ ਦੇ ਦਰ ਤਕ ਪੁੱਜਣ ਲਈ ਸ਼ਰਧਾ ਤੇ ਇੱਛਾ ਸ਼ਕਤੀ ਦੀ ਲੋੜ ਹੈ। ਪੀਣ ਖਾਣ ਨਾਲ ਇਸਦਾ ਕੋਈ ਵਾਸਤਾ ਨਹੀਂ।

ਦਾਰੂ ਪੀਣ ਵਾਲੇ ਅਕਸਰ ਆਲਸੀ, ਨਿਕੰਮੇ ਤੇ ਐਸ਼ ਪ੍ਰਸਤ ਹੁੰਦੇ ਹਨ। ਦਾਰੂ ਪੀਣ ਵਾਲੇ ਸ਼ਖ਼ਸ ਚੁਸਤ ਚਲਾਕ ਤੇ ਚੌਕੰਨੇ ਵੀ ਹੋ ਸਕਦੇ ਹਨ। ਥੋੜ੍ਹੀ ਮਿਕਦਾਰ ਵਿਚ ਪੀਣ ਨਾਲ ਬੰਦਾ ਆਲਸੀ ਜਾਂ ਸੁਸਤ ਨਹੀਂ ਹੁੰਦਾ ਸਗੋਂ ਚੁਸਤ ਤੇ ਫੁਰਤੀਲਾ ਹੋ ਜਾਂਦਾ ਹੈ। ਉਹ ਕਈ ਅਟਕੇ ਕੰਮ ਵੀ ਨਬੇੜ ਦਿੰਦੇ ਹਨ। ਨਿਕੰਮੇ ਕਿਵੇਂ ਹੋਏ ? ਐਸ਼ਪ੍ਰਸਤ ਤੇ ਭੋਗੀ ਤਾਂ ਨਿਕੰਮੇ ਹੋ ਸਕਦੇ ਹਨ। ਪਰ ਬਹੁਤੇ ਦਾਰੂ ਪੀਣ ਵਾਲੇ ਬੜੇ ਕਾਰਆਮਦ, ਉਪਯੋਗੀ ਤੇ ਕਰਮਯੋਗੀ ਹੁੰਦੇ ਹਨ। ਉਪਰੋਕਤ ਭਾਵਨਾ ਦਾਰੂ ਦੇ ਦੋਖੀਆਂ ਦੀ ਬਿਮਾਰ ਸੋਚਣੀ ਦਾ ਨਤੀਜਾ ਹੈ। ਮਿਹਨਤੀ ਲੋਕ ਹੀ ਸ਼ਰਾਬ ਪੀ ਸਕਦੇ ਹਨ। ਵਿਹਲੜਾਂ ਕੋਲ ਪੈਸੇ ਕਿਥੋਂ ?

ਦਾਰੂ ਪੀਣ ਵਾਲੇ ਬੰਦੇ ਨੂੰ ਪੀ ਕੇ ਧਰਮ ਦਵਾਰੇ ਨਹੀਂ ਜਾਣਾ ਚਾਹੀਦਾ। ਇਹ ਘੋਰ ਅਵੱਗਿਆ ਹੈ।

ਪੀਣ ਵਾਲੇ ਬੰਦੇ ਪ੍ਰਭੂ ਦੇ ਵਧੇਰੇ ਪ੍ਰੇਮੀ ਹੁੰਦੇ ਹਨ। ਉਹ ਤਾਂ ਉਸ ਦੀਆਂ ਬਖ਼ਸ਼ੀਆਂ ਦਾਤਾਂ ਦੇ ਸੁਗਾਤਾਂ ਦਾ ਸ਼ੁਕਰੀਆ ਅਦਾ ਕਰਨ ਮੰਦਰ ਗੁਰਦੁਆਰਿਆਂ ਵਿਚ ਜਾਂਦੇ ਹਨ। ਜਾਣਾ ਵੀ ਚਾਹੀਦਾ ਹੈ। ਪਰੰਤੂ ਸ਼ਰਾਬ ਪੀ ਕੇ ਧਰਮ ਅਸਥਾਨਾਂ ਦੇ ਦਰਸ਼ਨ ਕਰਨ ਦੀ ਕੋਈ ਤੁਕ ਨਹੀਂ। ਦਾਰੂ ਪੀਤੀ ਹੋਵੇ ਤਾਂ ਘਰ ਬੈਠ ਕੇ ਪ੍ਰਭੂ ਦਾ ਧੰਨਵਾਦ ਕੀਤਾ ਜਾ ਸਕਦਾ ਹੈ। ਘਰ ਬੈਠੇ ਹੀ ਤੁਹਾਨੂੰ ਸੌ ਸੁਗਾਤਾਂ ਮਿਲੀਆਂ ਹਨ।

ਸ਼ਰਾਬ ਪੀਣ ਵਾਲੇ ਉਜੜ ਜਾਂਦੇ ਹਨ। ਸ਼ਰਾਬ ਪੀਣੀ ਧੰਨ ਦਾ ਉਜਾੜਾ ਹੈ। ਪੀਣ ਵਾਲੇ ਉਸਰ ਵੀ ਜਾਂਦੇ ਹਨ। ਸ਼ਰਾਬ ਪੀ ਕੇ ਬੰਦਾ ਵਧੇਰੇ ਮਿਹਨਤ ਤੇ ਉਦਮ

ਕਰਦਾ ਹੈ। ਜਿਸ ਨਾਲ ਉਸਦੀ ਮਾਲੀ ਹਾਲਤ ਵਿਚ ਸੁਧਾਰ ਆਉਂਦਾ ਹੈ। ਸ਼ਰਾਬ ਵਿਹਲੇ ਬੈਠ ਕੇ ਪੀਣ ਵਾਲੇ ਤਾਂ ਉਜੜ ਸਕਦੇ ਹਨ ਪਰ ਆਮ ਤੌਰ 'ਤੇ ਦਾਰੂ ਦੇ ਸ਼ੌਕੀਨ ਦਿਲ ਜਾਨ ਨਾਲ ਡਟ ਕੇ ਮਿਹਨਤ ਕਰਦੇ ਹਨ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਦਾਰੂ ਮੁਫ਼ਤ ਨਹੀਂ ਮਿਲਦੀ। ਆਪਣੀ ਆਮਦਨ ਦਾ ਚੌਥਾ ਹਿੱਸਾ ਜੇਕਰ ਕੋਈ ਪੀਣ ਵਿਚ ਖਰਚ ਕਰਕੇ ਅਗਲੇ ਦਿਨ ਲਈ ਕੰਮਕਾਰ ਵਾਸਤੇ ਫਿਰ ਤਿਆਰ ਬਰ ਤਿਆਰ ਹੋ ਜਾਵੇ ਤਾਂ ਉਹ ਕਦੀ ਉੱਜੜ ਨਹੀਂ ਸਕਦਾ। ਧਾਰਮਿਕ ਬੰਦੇ ਤਾਂ ਪੀਣ ਵਾਲਿਆਂ ਨੂੰ ਅਜਿਹੀਆਂ ਬਦ ਦੁਆਵਾਂ ਦੇਂਦੇ ਹੀ ਰਹਿੰਦੇ ਹਨ। ਇਹ ਫਾਊ ਰੁਚੀ ਹੈ।

ਸ਼ਰਾਬ ਪੀ ਕੇ ਬੰਦੇ ਦੀ ਸਿਮਰਤੀ ਸੁੰਨ ਹੋ ਜਾਂਦੀ ਹੈ। ਉਸ ਨੂੰ ਆਪਣੇ ਬੇਗਾਨੇ ਦੀ ਸ਼ਨਾਖ਼ਤ ਨਹੀਂ ਰਹਿੰਦੀ।

ਇਹ ਵੀ ਇਕ ਕੁਫ਼ਰ ਹੈ। ਪੀ ਕੇ ਸਿਮਰਤੀ ਕਾਇਮ ਵੀ ਹੋ ਜਾਂਦੀ ਹੈ। ਕਈ ਭੁੱਲੀਆਂ ਵਿਸਰੀਆਂ ਗੱਲਾਂ ਚੇਤੇ ਨੂੰ ਘੇਰ ਲੈਂਦੀਆਂ ਹਨ। ਬੰਦਾ ਅਤੀਤ ਤੇ ਵਰਤਮਾਨ ਨੂੰ ਨਾਲ ਨਾਲ ਮਾਣ ਸਕਦਾ ਹੈ। ਉਹ ਬੰਦਾ ਵਧੇਰੇ ਚੇਤੰਨ ਹੋ ਜਾਂਦਾ ਹੈ ਤੇ ਬੇਗਾਨਿਆਂ ਨੂੰ ਆਪਣੇ ਸਮਝਣ ਦਾ ਦਾਅਵਾ ਕਰਨ ਲੱਗਦਾ ਹੈ। ਆਪਣਿਆਂ ਦੀ ਸ਼ਨਾਖ਼ਤ ਹੋਰ ਪਰਪੱਕ ਤੇ ਪੀਡੀ ਹੋ ਜਾਂਦੀ ਹੈ। ਸਿਮਰਤੀ ਸੁੰਨ ਤਾਂ ਉਨ੍ਹਾਂ ਦੀ ਹੋਵੇਗੀ ਜਿਹੜੇ ਦਾਰੂ ਨੂੰ ਪਾਣੀ ਵਾਂਗ ਪੀਣ ਦੀ ਹਮਾਕਤ ਕਰਦੇ ਹਨ।

ਬੋਤਲ ਦਾ ਮੂੰਹ ਨਰਕ ਕੇ ਦਵਾਰ ਵੱਲ ਖੁੱਲ੍ਹਦਾ ਹੈ। ਪੀਣ ਵਾਲੇ ਨਰਕਾਂ ਦੇ ਵਾਸੀ ਹੁੰਦੇ ਹਨ।

ਬੋਤਲ ਦਾ ਦਵਾਰ ਸਵਰਗ ਵੱਲ ਵੀ ਖੁੱਲ੍ਹ ਸਕਦਾ ਹੈ। ਪੀਣ ਵਾਲੇ ਜੱਨਤ ਦੇ ਨਜ਼ਾਰੇ ਵੀ ਮਾਣ ਸਕਦੇ ਹਨ। ਇਹ ਪੰਡਤਾਂ ਪ੍ਰੋਹਤਾਂ ਤੇ ਜੀਵਨ ਦੇ ਦੋਖੀਆਂ ਦਾ ਨੀਚ ਵਿਚਾਰ ਹੈ। ਜਿਹੜੇ ਆਪ ਨਰਕੀਂ ਵੱਸਦੇ ਹੋਣ, ਉਨ੍ਹਾਂ ਨੂੰ ਸਾਰੇ ਅਜਿਹੇ ਹੀ ਨਜ਼ਰ ਆਉਂਦੇ ਹਨ। ਸਗੋਂ ਨਾ ਪੀਣ ਵਾਲੇ ਅਜਿਹੀ ਖ਼ੁਸ਼ਕ ਕਸ਼ਟਮਈ ਤੇ ਉਤਸ਼ਾਹ ਰਹਿਤ ਜ਼ਿੰਦਗੀ ਬਸਰ ਕਰਦੇ ਹਨ ਕਿ ਵੇਖਣ ਵਾਲੇ ਨੂੰ ਨਰਕਾਂ ਦਾ ਦ੍ਰਿਸ਼ ਨਜ਼ਰ ਆ ਜਾਂਦਾ ਹੈ। ਇਨ੍ਹਾਂ ਉਪਰ ਤਰਸ ਵੀ ਆਉਂਦਾ ਹੈ।

ਸ਼ਰਾਬ ਪੀ ਕੇ ਲੜਾਈਆਂ ਝਗੜੇ ਤੇ ਕਲੇਸ਼ ਵਧਦੇ ਹਨ।

ਸ਼ਰਾਬ ਪੀ ਕੇ ਸਗੋਂ ਕਸ਼ਟ ਕਲੇਸ਼ ਘਟਦੇ ਹਨ ਤੇ ਲੜਾਈ ਝਗੜਿਆਂ ਦੇ ਸਮਝੌਤੇ ਤੇ ਸੁਲਾ ਸਫ਼ਾਈਆਂ ਵੀ ਹੁੰਦੀਆਂ ਹਨ। ਦਾਰੂ ਪੀ ਕੇ ਲੋਕ ਖ਼ੁਸ਼ ਹੁੰਦੇ ਹਨ। ਤਲਖੀਆਂ ਤੇ ਕ੍ਰੋਧ ਘਟਦੇ ਹਨ। ਲੜਾਈ ਝਗੜਿਆਂ ਤੋਂ ਪਰਹੇਜ਼ ਕੀਤਾ ਜਾਂਦਾ ਹੈ। ਦਾਰੂ ਪੀਣ ਵਾਲੇ ਤਾਂ ਦੁਸ਼ਮਣਾਂ ਨੂੰ ਵੀ ਗਲੇ ਲਾਉਂਦੇ ਹਨ।

ਪੀਣ ਵਾਲੇ ਅਕਸਰ ਕਾਮੀ ਕ੍ਰੋਧੀ ਤੇ ਵਿਭਚਾਰੀ ਹੁੰਦੇ ਹਨ।

ਇਹ ਵੀ ਪੀਣ ਵਾਲੇ ਦੋਖੀਆਂ ਦਾ ਛੱਡਿਆ ਤੀਰ ਹੈ। ਕਾਮੀ ਤਾਂ ਵੈਸ਼ਨੋ ਲੋਕ ਵੀ ਬੜੇ ਹੁੰਦੇ ਹਨ। ਕ੍ਰੋਧੀ ਲੋਕ ਆਮ ਹੁੰਦੇ ਹਨ। ਦਾਰੂ ਨਾਲ ਇਸਦਾ ਸਿੱਧਾ ਕੋਈ ਸੰਬੰਧ ਨਹੀਂ। ਵਿਭਚਾਰੀ ਬੰਦਾ ਕੋਈ ਵੀ ਹੋ ਸਕਦਾ ਹੈ। ਮੰਦ ਭਾਵਨਾ ਨਾਲ ਇਨ੍ਹਾਂ ਦੋਸ਼ਾਂ

ਨੂੰ ਦਾਰੂ ਪੀਣ ਵਾਲਿਆਂ ਨਾਲ ਧੱਕੇ ਨਾਲ ਜੋੜਿਆ ਗਿਆ ਹੈ।

ਦਾਰੂ ਦੀਆਂ ਕਮਜ਼ੋਰੀਆਂ ਦਾਰੂ ਦੀ ਬਹੁਤਾਤ ਨਾਲ ਸੰਬੰਧਤ ਹਨ, ਜਿਸਦਾ ਧਾਰਮਿਕ ਲੋਕ ਬਰਾਬਰ ਜ਼ਿਕਰ ਤੇ ਫ਼ਿਕਰ ਕਰਦੇ ਹਨ। ਇਹ ਤਾਂ ਸ਼ੁਰੂ ਵਿਚ ਹੀ ਕਿਹਾ ਗਿਆ ਹੈ ਕਿ ਬਹੁਤੀ ਦਾਰੂ ਪੀਣ ਵਾਲਿਆਂ ਨੂੰ ਸ਼ਰਾਬ ਪੀਣੀ ਹੀ ਨਹੀਂ ਚਾਹੀਦੀ। ਦਾਰੂ ਪੀਣ ਵਾਲਿਆਂ ਤੋਂ ਸਾਡੀ ਮੁਰਾਦ ਸਹੀ ਪੀਣ ਵਾਲਿਆਂ ਨਾਲ ਹੈ।

• •

ਤੋਬਾ ਕਰਦਿਆਂ ਹੀ...

ਇਹ ਹਾਜਿਰ ਦੌਲਤ ਨੂੰ ਛੱਡਾਂ,
ਮਿਲੀ ਹੋਈ ਨਿਆਮਤ ਨੂੰ ਛੱਡਾਂ
ਵਾਹਿਜ ਦੇ ਲਾਰੇ ਤੇ ਕਾਹਨੂੰ,
ਹੱਥ ਆਈ ਜੱਨਤ ਨੂੰ ਛੱਡਾਂ।

ਅਜ਼ਲਾਂ ਤੋਂ ਵਿਚਾਰੇ ਦਾਰੂ ਦੇ ਸੇਵਨ ਵਿਰੁੱਧ ਨਿਰੰਤਰ ਭੰਡੀ ਪ੍ਰਚਾਰ ਚਲਦਾ ਆ ਰਿਹਾ ਹੈ। ਦੁਨੀਆ ਭਰ ਦੀਆਂ ਬੁਰਿਆਈਆਂ ਇਸ ਨਾਲ ਜੋੜ ਦਿੱਤੀਆਂ ਗਈਆਂ ਹਨ। ਖਾਣ ਪੀਣ ਵਿਚ ਜ਼ਿਆਦਤੀ ਤਾਂ ਹਰੇਕ ਵਸਤੂ ਦੀ ਮਾੜੀ ਹੁੰਦੀ ਹੈ। ਖ਼ਾਲੀ ਦਾਰੂ ਪੀਣ ਵਾਲਿਆਂ ਵਿਰੁੱਧ ਹੱਲਾ ਗੁੱਲਾ ਕਿਉਂ ? ਪਾਣੀ, ਅੰਨ ਤੇ ਹਵਾ ਦੀ ਜ਼ਿਆਦਤੀ ਵੀ ਮਨੁੱਖੀ ਸਰੀਰ ਉਪਰ ਕਹਿਰ ਵਰਸਾਉਂਦੀ ਹੈ। ਇਸ ਵਿਰੋਧਤਾ ਦਾ ਆਧਾਰ ਨਿਰਮੂਲ ਤੇ ਅਤਰਕ ਸੰਗਤ ਹੋਣ ਕਰਕੇ ਸਮਾਜ ਦਾ ਕੋਈ ਨਾ ਕੋਈ ਵਰਗ ਇਸ ਨੂੰ ਪੀਂਦਾ ਹੀ ਆਇਆ ਹੈ। ਜਿਨ੍ਹਾਂ ਲੋਕਾਂ ਨੂੰ ਧਰਮ ਤੇ ਕਾਨੂੰਨ ਦੇ ਡੰਡੇ ਦਾ ਖ਼ੌਫ਼ ਨਹੀਂ ਹੁੰਦਾ, ਉਹ ਦਾਰੂ ਵਿਰੋਧੀ ਨਿੰਦਿਆ ਦੀ ਪ੍ਰਵਾਹ ਨਹੀਂ ਕਰਦੇ। ਗ਼ੈਰ ਵਾਜਿਬ ਮਨਾਹੀ ਵਾਲੀ ਵਸਤੂ ਦੀ ਹਮੇਸ਼ਾ ਤੋਂ ਤਸਕਰੀ ਹੁੰਦੀ ਰਹੀ ਹੈ ਤੇ ਰਹੇਗੀ ਵੀ ਨਹੀਂ। ਇਸੇ ਲਈ ਲੋਕ ਦਾਰੂ ਨੂੰ ਲੱਖ ਮਨਾਹੀਆਂ ਦੇ ਬਾਵਜੂਦ ਲੁਕ ਛਿਪ ਕੇ ਪੀਂਦੇ ਆਏ ਹਨ। ਜਿਵੇਂ ਜਿਵੇਂ ਇਸ ਦੀ ਵਿਰੋਧਤਾ ਵਧੀ ਹੈ, ਤਿਵੇਂ ਤਿਵੇਂ ਇਸ ਦੀ ਮੰਗ ਤੇ ਤਸਕਰੀ ਵਧੀ ਹੈ। ਦੁਨੀਆ ਵਿਚ ਬਹੁਤ ਸਾਰੀਆਂ ਵਸਤੂਆਂ ਤੇ ਜੀਵ ਨਾਸ਼ਵਾਨ ਹਨ ਪਰੰਤੂ ਜਿਸ 'ਮਹਾਂਪੁਰਸ਼' ਨੇ ਦਾਰੂ ਦੀ ਕਾਢ ਕੱਢੀ ਸੀ, ਉਸਦੀ ਰੂਹ ਯਾਨਿ ਸਪਿਰਟ ਭਾਵ ਸ਼ਰਾਬ ਹਾਲੇ ਤਕ ਜ਼ਿੰਦਾ ਹੈ। ਧਰਮ, ਸਮਾਜ ਤੇ ਫ਼ਲਸਫ਼ੇ ਇਸਦਾ ਵਾਲ ਵਿੰਗਾ ਨਹੀਂ ਕਰ ਸਕੇ।

ਸ਼ਰਾਬੀ ਤੇ ਪੇਟੂ ਸਮਾਜ ਦਾ ਕਲੰਕ ਹਨ। ਇਨ੍ਹਾਂ ਲੋਕਾਂ ਨੇ ਖਾਣ ਪੀਣ ਵਾਲਿਆਂ ਨੂੰ ਬਦਨਾਮ ਕੀਤਾ ਹੈ। ਸਮਝਦਾਰੀ ਨਾਲ ਖਾਣ ਪੀਣ ਵਾਲੇ ਲੋਕ ਵੀ ਇਸ ਦੀ ਲੱਗ-ਲਬੇੜ ਤੋਂ ਬਚ ਨਹੀਂ ਸਕੇ। ਅਖੇ ਡਿੱਗੀ ਖੋਤੇ ਤੋਂ ਤੇ ਗ਼ੁੱਸਾ ਘੁਮਿਆਰ 'ਤੇ। ਦਾਰੂ ਜਿਨ੍ਹਾਂ ਦੇ ਖ਼ੂਨ ਵਿਚ ਰਚ ਮਿਚ ਗਈ ਹੈ, ਉਨ੍ਹਾਂ ਨੂੰ ਭਾਵੇਂ ਨਲਾ ਧੁਲਾ ਕੇ ਜਿਹੜੀ ਮਰਜ਼ੀ ਮੁਤਬਰਕ ਜਗ੍ਹਾ 'ਤੇ ਲੈ ਜਾਉ। ਉਹ ਪਰਿਵਾਰਕ ਜਾਂ ਧਾਰਮਿਕ ਦਬਾ ਅਧੀਨ ਮਜ਼ਬੂਰ ਹੋ ਕੇ ਦਾਰੂ ਤੋਂ ਤੋਬਾ ਕਰਨ ਦੀ ਸੁਗੰਧ ਤਾਂ ਖਾ ਲੈਣਗੇ ਪਰ ਜਲਦੀ ਹੀ ਤੋੜ ਵੀ ਦੇਣਗੇ। ਸ਼ਰਾਬੀਆਂ ਨੂੰ ਪੁਨੀਤ ਬਣਾਉਣ ਲਈ ਅੰਮ੍ਰਿਤ ਵੀ ਛਕਾਇਆ ਜਾਂਦਾ ਹੈ ਤੇ ਗਾਤਰੇ ਵੀ ਸਜਾਏ ਜਾਂਦੇ ਹਨ ਪਰ ਜਦੋਂ ਸ਼ਰਾਬੀਆਂ ਦਾ ਅੰਦਰ ਬਗਾਵਤ ਕਰਦਾ ਹੈ ਤਾਂ ਧਰਮ ਦੇ ਇਹ ਓਹੜ-ਪੋਹੜ ਧਰੇ ਧਰਾਏ ਹੀ ਰਹਿ ਜਾਂਦੇ ਹਨ। ਸ਼ਰਾਬੀ ਇਕ ਮਨੋਵਿਗਿਆਨਕ

ਰੋਗੀ ਹੈ। ਇਸਦਾ ਇਲਾਜ ਧਰਮ ਨਹੀਂ, ਨਸ਼ਾ ਛਡਾਊ ਕੇਂਦਰ ਹੀ ਕਰ ਸਕਦੇ ਹਨ। ਸ਼ਰਾਬੀਆਂ ਨੂੰ ਹੀ ਦਾਰੂ ਦਾ ਸੇਵਨ ਕਰਨ ਵਾਲਿਆਂ ਦੇ ਨੁਮਾਇੰਦੇ ਸਮਝ ਕੇ ਇਸ ਨੂੰ ਕਟਹਿਰੇ ਵਿਚ ਖੜ੍ਹੇ ਕਰਨਾ, ਦਾਰੂ ਵਿਰੋਧੀ ਖੇਮੇ ਦੀ ਮੰਦ ਭਾਵਨਾ ਹੈ। ਜੇਕਰ ਕਿਸੇ ਕਾਰਨ, ਕਿਸੇ ਨੂੰ ਦਾਰੂ ਜਚਦੀ ਪਚਦੀ ਨਹੀਂ ਤਾਂ ਉਸਦਾ ਦਾਰੂ ਪੀਣ ਵਾਲਿਆਂ ਵਿਰੁੱਧ ਮੋਰਚਾ ਲਾ ਦੇਣਾ ਕੋਈ ਦਾਨਸ਼ਮੰਦੀ ਨਹੀਂ। ਤੁਸੀਂ ਸੱਚ ਬੋਲਦੇ ਹੋ, ਸ਼ਲਾਘਾਯੋਗ ਹੈ ਪਰ ਜੇਕਰ ਤੁਸੀਂ ਝੂਠ ਬੋਲਣ ਵਾਲਿਆਂ ਨੂੰ ਨਫ਼ਰਤ ਕਰਨ ਲੱਗ ਜਾਓ ਤਾਂ ਇਹ ਬਿਰਤੀ ਸ਼ਲਾਘਾਯੋਗ ਨਹੀਂ। ਤੁਸੀਂ ਵੈਸ਼ਨੋਵਾਦੀ ਹੋ, ਇਹ ਇਕ ਮਾਨਵਵਾਦੀ ਰੁਚੀ ਹੈ। ਕਾਬਲੇ ਤਾਰੀਫ਼। ਪਰੰਤੂ ਜੇਕਰ ਤੁਸੀਂ ਮਾਸਾਹਾਰੀਆਂ ਨਾਲ ਇੱਟ ਖੜਿੱਕਾ ਲੈਣ ਵਿਚ ਆਪਣਾ ਪੈਦਾਇਸ਼ੀ ਹੱਕ ਜਾਂ ਫ਼ਖ਼ਰ ਮਹਿਸੂਸ ਕਰੋ ਤਾਂ ਇਹ ਇਕ ਗੁਸਤਾਖ਼ੀ ਸਮਝੀ ਜਾਵੇਗੀ। ਮਨੁੱਖੀ ਹੱਕਾਂ ਦੀ ਉਲੰਘਣਾ ਕਰਨ ਦੀ ਕਿਸੇ ਨੂੰ ਵੀ ਇਜਾਜ਼ਤ ਨਹੀਂ। ਇਹ ਦੁਨੀਆ ਹੈ, ਖਾਲਾ ਜੀ ਦਾ ਵਾੜਾ ਨਹੀਂ। ਭਾਈਏ ਦੀ ਹਵੇਲੀ ਨਹੀਂ।

ਸਾਰਾ ਪੂਰਬ ਦੁਹਾਈ ਦਿੰਦਾ ਹੈ ਕਿ ਸ਼ਰਾਬ ਦੀ ਲਾਹਨਤ ਤੋਂ ਬਚ ਜਾਓ। ਕੋਈ ਵੀ ਪੀਰ ਪੈਗੰਬਰ ਜਾਂ ਔਲੀਆ ਇਸ ਦੇ ਸੇਵਨ ਦੀ ਪ੍ਰੋੜਤਾ ਨਹੀਂ ਕਰਦਾ। ਭਾਈ ਪੰਡਤ ਤੇ ਮੁੱਲਾਂ ਇਸ ਨੂੰ ਅਛੂਤ ਸਮਝਦੇ ਹਨ। ਡਾਕਟਰ ਲੋਕ ਵੀ ਆਪਣੇ ਮਰੀਜ਼ਾਂ ਨੂੰ ਦਾਰੂ ਤੋਂ ਵਰਜਦੇ ਹਨ। ਔਰਤਾਂ ਦਾਰੂ ਨੂੰ ਆਪਣੀ ਸੌਂਕਣ ਸਮਝਦੀਆਂ ਹਨ। ਬੜੇ ਬੜੇ ਵਿਦਿਆ ਦੇ ਸਮਾਜ ਸ਼ਾਸਤਰੀ ਇਸ ਦੀ ਪਾਬੰਦੀ ਉਪਰ ਨੱਪ ਕੇ ਮੋਹਰ ਲਗਾਉਂਦੇ ਹਨ ਪਰ ਹੈਰਾਨੀ ਗੱਲ ਹੈ ਕਿ ਇਸ ਦਾਰੂਬੰਦੀ ਦੇ ਮਾਹੌਲ ਵਿਚ ਥਾਂ ਥਾ ਠੇਕੇ ਤੇ ਮਹਿਖ਼ਾਨੇ ਨਜ਼ਰੀਂ ਪੈਂਦੇ ਹਨ। ਪੀਣ ਵਾਲਿਆਂ ਦੀ ਬੜੀ ਸੱਜ-ਧੱਜ ਨਾਲ ਮਹਿਫ਼ਲਾਂ ਸੱਜਦੀਆਂ ਹਨ। ਸਾਕੀ ਤੇ ਪੈਮਾਨੇ ਦੀ ਭਰਪੂਰ ਚਰਚਾ ਹੁੰਦੀ ਹੈ। ਲੋਕੀ ਆਪਣੀ ਹਰੇਕ ਖ਼ੁਸ਼ੀ ਵਿਚ ਦਾਰੂ ਨੂੰ 'ਵਿਸ਼ੇਸ਼ ਮਹਿਮਾਨ' ਦੇ ਰੂਪ ਵਿਚ ਨਿਮੰਤਰਣ ਕਰਦੇ ਹਨ। ਬੜੇ ਅਦਬ ਤੇ ਸਨਮਾਨ ਨਾਲ ਦਾਰੂ ਦੀਆਂ ਦਾਅਵਤਾਂ ਤੇ ਨਿਉਤੇ ਦਿੱਤੇ ਜਾਂਦੇ ਹਨ। ਕੀ ਇਹ ਸਾਰੇ ਲੋਕ ਬਾਵਰੇ ਤੇ ਦੀਵਾਨੇ ਹਨ ? ਕੀ ਇਨ੍ਹਾਂ ਨੂੰ ਸਾਡੇ ਧਰਮਾਂ ਦੀ ਲਾਠੀ ਨਜ਼ਰ ਨਹੀਂ ਆਉਂਦੀ ? ਕੀ ਇਹ ਲੋਕ ਸਮਾਜ ਤੋਂ ਧੱਕੇ ਤੇ ਛੇਕੇ ਲੋਕ ਹਨ ? ਹਰਗਿਜ਼ ਨਹੀਂ। ਇਹ ਛਲ ਕਪਟ ਹੈ। ਇਹ ਚੜ੍ਹਦੀਆਂ ਕਲਾਂ ਵਿਚ ਵਿਚਰਨ ਵਾਲੇ ਲੋਕਾਂ ਤਾਂ ਸਾਡੇ ਸਮਾਜਾਂ ਦੇ ਪਤਵੰਤੇ ਤੇ ਧਨਵੰਤੇ ਤੇ ਸੱਜਣ ਹਨ। ਇਹੀ ਤਾਂ ਸਾਡੀ ਦਿਸ਼ਾ ਤੇ ਦਸ਼ਾ ਨਿਰਧਾਰਤ ਕਰਦੇ ਹਨ। ਡਾਕਟਰ ਲੋਕ ਵੀ ਆਪਣੇ ਪੇਸ਼ੇ ਨੂੰ ਸਲਾਮਤ ਰੱਖਣ ਲਈ ਮਨਾਹੀਆਂ ਦੀ ਗੱਲ ਕਰਦੇ ਹਨ ਪਰ ਇਹ ਲੋਕ ਪੀਣ ਦੇ ਬੇਹੱਦ ਸ਼ੌਕੀਨ ਹੁੰਦੇ ਹਨ। ਕੋਈ ਸਿਰ ਸੜਿਆ ਭਾਵੇਂ ਇਸ ਤੋਂ ਪਰਹੇਜ਼ ਕਰਦਾ ਹੋਵੇ। ਜੇਕਰ ਦਾਰੂ ਇਨ੍ਹਾਂ ਚੰਗੇ ਭਲਿਆਂ ਬੰਦਿਆਂ ਨੂੰ ਡੰਗ ਨਹੀਂ ਮਾਰਦੀ ਤਾਂ ਅਸਾਂ ਕਿਹੜਾ ਏਹਦਾ ਪੈਰ ਮਿੱਧਿਆ ਹੈ ? ਜਦੋਂ ਕਿਸੇ ਨੂੰ ਇਹ ਕਿਆਮਤ ਦੀ ਜਗ੍ਹਾ ਨਿਆਮਤ ਨਜ਼ਰ ਆਉਣ ਲੱਗਦੀ ਹੈ ਤਾਂ ਉਸਦੀ ਤੋਬਾ ਤੋਬਾ ਕਰਦਿਆਂ ਹੀ ਨੀਯਤ ਹਰਾਮ ਹੋਣ ਲੱਗਦੀ ਹੈ।

ਪੀਣ ਵਾਲਿਆਂ ਨੂੰ ਤਾਂ ਦਾਰੂ ਵਿਚੋਂ ਕੋਈ ਭੈੜ ਨਜ਼ਰ ਨਹੀਂ ਆਉਂਦੀ। ਬਦਬੂ ਜਾਂ ਕਿਆਮਤ ਨਜ਼ਰ ਨਹੀਂ ਆਉਂਦੀ। ਜਿਹੜੇ ਲੋਕ ਪੀਂਦੇ ਨਹੀਂ, ਉਨ੍ਹਾਂ ਦੇ ਬਿਆਨਾਂ

ਉਪਰ ਕਿਵੇਂ ਭਰੋਸਾ ਕੀਤਾ ਜਾ ਸਕਦਾ ਹੈ। ਉਹ ਜ਼ਬਾਨੀ ਜਮ੍ਹਾ ਖਰਚ ਹੀ ਕਰੀ ਜਾ ਰਹੇ ਹਨ। ਸਭ ਕਿਤਾਬੀ ਗੱਲਾਂ ਤੇ ਉਪਦੇਸ਼। ਦਾਰੂ ਵਿਰੋਧੀ ਵਰਗ ਦੀਆਂ ਨਸੀਹਤਾਂ ਦੇ ਆਧਾਰ ਜ਼ਮੀਨੀ ਹੋਣੇ ਚਾਹੀਦੇ ਹਨ। ਐਵੇਂ ਧੁੰਦ ਵਿਚ ਟੱਟੂ ਭਜਾਉਣ ਨਾਲ ਕੰਮ ਨਹੀਂ ਚੱਲਦਾ। ਇਸ ਦੇ ਵਿਪਰੀਤ ਵੇਖਣ ਵਿਚ ਆਇਆ ਹੈ ਕਿ ਦਾਰੂ ਪੀਣ ਵਾਲੇ ਜ਼ਿੰਦਾਦਿਲ ਤੇ ਚੜ੍ਹਦੀਆਂ ਕਲਾਂ ਵਿਚ ਰਹਿਣ ਵਾਲੇ ਹੁੰਦੇ ਹਨ। ਮੱਸਿਆ ਨੂੰ ਪੂਰਨਮਾਸ਼ੀ ਵਿਚ ਬਲਦ ਕੇ ਹਯਾਤੀ ਨੂੰ ਜੀਊਣ ਜੋਗਾ ਬਣਾਉਂਦੇ ਹਨ। ਸਾਡੇ ਵਿਰਸੇ ਤੇ ਸਭਿਆਚਾਰਕ ਸਮਰਥਕਾਂ ਨੇ ਸਾਡੇ ਸਮਾਜ ਨੂੰ ਨਰਕ ਬਣਾਉਣ ਵਿਚ ਕੋਈ ਕਸਰ ਨਹੀਂ ਛੱਡੀ। ਸਦੀਆਂ ਭਰ ਅਸੀਂ ਇਨ੍ਹਾਂ ਦੇ ਨਿਰਮਤ ਨਰਕ ਵਿਚ ਹੀ ਸਾਹ ਲੈਂਦੇ ਹਾਂ। ਜੀਊਂਦੇ ਨਹੀਂ ਰਹੇ।

ਕਈ ਲੋਕ ਧਰਮ ਦੇ ਪ੍ਰਚਾਰ ਅਧੀਨ ਦਾਰੂ ਛੱਡ ਦੇਂਦੇ ਹਨ ਪਰ ਸਭਾ ਮਹਿਫ਼ਲ ਵਿਚ ਆ ਕੇ ਉਨ੍ਹਾਂ ਦਾ ਈਮਾਨ ਡੋਲ ਜਾਂਦਾ ਹੈ। ਜਦੋਂ ਇਹ ਪ੍ਰਚਾਰ, ਦਾਰੂ ਦੀਆਂ ਹਕੀਕਤਾਂ ਸਾਹਵੇਂ ਮੱਠਾ ਪੈ ਜਾਂਦਾ ਹੈ ਤਾਂ ਉਹ ਦੋਬਾਰਾ ਪੀਣ ਲੱਗਦੇ ਹਨ। ਇਸ ਤਰ੍ਹਾਂ ਹੀ ਕਈਆਂ ਦੇ ਪਰਿਵਾਰ ਵਿਚ ਦਾਰੂ ਦੀ ਮਨਾਹੀ ਹੁੰਦੀ ਹੈ। ਇਹੀ ਲੋਕ ਜਦੋਂ ਅਸਲੀ ਸਮਾਜ ਵਿਚ ਵਿਚਰਦੇ ਹਨ ਤਾਂ ਉਹ ਸਮਾਜਿਕ ਤੇ ਪਰਿਵਾਰਕ ਬੰਧਨਾਂ ਨੂੰ ਤਿਆਗ ਕੇ ਪੀਣ ਵਾਲਿਆਂ ਵਿਚ ਸ਼ਾਮਲ ਹੋ ਜਾਂਦੇ ਹਨ। ਇਸ ਤਰ੍ਹਾਂ ਦਲ ਬਦਲੀਆਂ ਹੁੰਦੀਆਂ ਰਹਿੰਦੀਆਂ ਹਨ। ਦਾਰੂ ਪੀਣਾ ਕੋਈ ਇਖਲਾਕੀ ਜੁਰਮ ਨਹੀਂ ਹੈ। ਇਸਦਾ ਸਾਡੀ ਮੁਕਤੀ ਨਾਲ ਕੋਈ ਸਿੱਧਾ ਸੰਬੰਧ ਨਹੀਂ। ਜਣਾ ਖਣਾ ਇਸ ਦੀ ਭੰਡੀ ਵੀ ਕਰਦਾ ਹੈ ਤੇ ਅੰਦਰ ਖਾਤੇ ਖਾਂਦਾ ਪੀਂਦਾ ਵੀ ਹੈ। ਅਸੀਂ ਸਮਝਦੇ ਹਾਂ ਕਿ ਸਾਡੇ ਦੋਗਲੇ ਮਾਪਦੰਡਾਂ ਦਾ ਦੁਨੀਆ ਨੂੰ ਪਤਾ ਨਹੀਂ। ਇਹ ਗ਼ਲਤ ਫਹਿਮੀ ਹੈ। ਕਮਜ਼ੋਰ ਕਿਰਦਾਰਾਂ ਵਾਲੇ ਲੋਕ ਬਾਹਰ ਪੀਂਦੇ ਹਨ ਪਰ ਘਰ ਆ ਕੇ ਰਾਧਾ ਸਵਾਮੀ ਬਣ ਜਾਂਦੇ ਹਨ। ਪਊਆ ਸਵੇਰੇ ਤੇ ਪਊਆ ਹੀ ਸ਼ਾਮੀ। ਇਸ ਤਰ੍ਹਾਂ ਪੀਣ ਵਾਲੇ ਇਖਲਾਕੀ ਦਿਵਾਲੀਆਪਣ ਦੇ ਸ਼ਿਕਾਰ ਹੁੰਦੇ ਹਨ। ਇਹ ਕੋਈ ਜ਼ਿੰਦਗੀ ਨਹੀਂ। ਨਿਰੀ ਜ਼ਹਿਮਤ।

ਅੱਜ ਕੱਲ੍ਹ ਸਾਡੇ ਸਮਾਜ ਵਿਚ ਪੰਡਤ ਲੋਕ ਦਾਰੂ ਤੇ ਮੀਟ ਦੇ ਸ਼ੌਕੀਨ ਬਣਦੇ ਜਾ ਰਹੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਗਿਲਾ ਹੈ ਕਿ ਉਨ੍ਹਾਂ ਦੇ ਵੱਡੇ ਵਡੇਰਿਆਂ ਨੇ ਉਨ੍ਹਾਂ ਨੂੰ ਇਨ੍ਹਾਂ ਨਿਆਮਤਾਂ ਤੋਂ ਮਹਿਰੂਮ ਕਰੀ ਰੱਖਿਆ ਹੈ। ਹੁਣ ਉਹ ਇਸ ਦੀ ਲੇਟ ਕੱਢਣ ਦੀ ਆਹਰ ਵਿਚ ਹਨ। ਉਹ ਪਛਤਾ ਵੀ ਰਹੇ ਹਨ ਤੇ ਪੀ ਵੀ। ਇਸੇ ਲਈ ਦਾਰੂ ਤੇ ਮੀਟ ਮਹਿੰਗੇ ਹੋ ਗਏ ਹਨ। ਇਹ ਲੇਟ ਕੱਢਣ ਵਾਲਿਆਂ ਦੀ ਲੀਲਾ ਹੈ। ਜਿਨ੍ਹਾਂ ਲੋਕਾਂ ਵਿਚ ਨਵਯੁਗ ਦੇ ਨਵੀਨ ਚੇਤਨਾ ਆਈ ਹੈ, ਉਹ ਵੀ ਪਰਹੇਜ਼ਗਾਰੀ ਤੋਂ ਤੋਬਾ ਕਰੀ ਜਾ ਰਹੇ ਹਨ। ਜਿਸਦੇ ਵੀ ਮੂੰਹ ਨੂੰ ਛਿੱਟ ਲੱਗ ਜਾਂਦੀ ਹੈ, ਉਹ ਹੀ ਸ਼ੇਰ ਤੇ ਦਲੇਰ ਬਣ ਬੈਠਦਾ ਹੈ। ਇਹ ਕੰਬਖ਼ਤ ਦਾਰੂ ਗਿੱਦੜਾਂ ਨੂੰ ਸ਼ੇਰ ਬਣਾਉਂਦੀ ਹੈ।

ਜੀਵਨ ਵਿਚ ਸੱਚਾਈ ਦਾ ਗਲਾ ਨਹੀਂ ਘੁੱਟਿਆ ਜਾ ਸਕਦਾ। ਧਰਮ, ਸੰਸਕ੍ਰਿਤੀ ਤੇ ਸਭਿਆਚਾਰ ਵੀ ਬਦਲਦੇ ਰਹਿੰਦੇ ਹਨ। ਕੱਲ੍ਹ ਦੀ ਮਨਾਹੀ, ਅੱਜ ਦੀ ਜ਼ਰੂਰਤ ਹੋ ਸਕਦੀ ਹੈ। ਤੁਸੀਂ ਬਿੱਲੀ ਨੂੰ ਵੇਖ ਕੇ ਅੱਖਾਂ ਨਹੀਂ ਮੀਟ ਸਕਦੇ। ਮੀਟਣ ਦਾ ਵੀ ਮਜ਼ਾ

ਚਖ ਲਿਆ ਹੈ। ਸਾਨੂੰ ਜੀਵਨ ਦੀਆਂ ਹਕੀਕਤਾਂ ਗ੍ਰਹਿਣ ਕਰਨ ਦੀ ਬਿਰਤੀ ਪੈਦਾ ਕਰਨੀ ਪਵੇਗੀ। ਸੱਚ ਤੋਂ ਕੋਈ ਅਵੇਸਲਾ ਨਹੀਂ ਹੋ ਸਕਦਾ। ਜੇਕਰ ਤੁਸੀਂ ਆਪਣੇ ਅੰਦਰ ਨੂੰ ਧੋਖਾ ਦੇਂਦੇ ਹੋ ਤਾਂ ਖਤਾ ਖਾਉਗੇ। ਭਾਈ ਪੰਡਤ ਤੇ ਮੁੱਲਾਂ ਸਾਡੇ ਉਸਤਾਦ ਨਹੀਂ। ਆਪਣੀ ਜ਼ਮੀਰ ਦੇ ਉਸਤਾਦ ਸਾਨੂੰ ਖ਼ੁਦ ਬਣਨਾ ਪਵੇਗਾ। ਜ਼ਿੰਦਗੀ ਏਨੀ ਲੰਮੀ ਨਹੀਂ ਕਿ ਪਹਿਲਾਂ ਕੋਲਿਆਂ 'ਤੇ ਚੱਲ ਕੇ ਪੈਰ ਸਾੜੋ ਤੇ ਫਿਰ ਨਤੀਜੇ ਕੱਢੋ। ਲੋਕਾਂ ਦੇ ਅਨੁਭਵਾਂ ਦਾ ਸਹਿਯੋਗ ਲੈਣਾ ਪਵੇਗਾ। ਸੁਣੀਆਂ ਸੁਣਾਈਆਂ ਦੰਦ ਕਥਾਵਾਂ ਸਾਡੇ ਜੀਵਨ ਨੂੰ ਹਨੇਰਿਆਂ ਵੱਲ ਵੀ ਧੱਕ ਸਕਦੀਆਂ ਹਨ। ਆਪਣੀਆਂ ਅੱਖੀਆਂ ਨਾਲ ਤੱਕਣਾ, ਆਪਣੀ ਬੁੱਧੀ ਨਾਲ ਵਿਚਾਰਨਾ ਆਪਣੇ ਪੰਧ ਖ਼ੁਦ ਖੋਜਣਾ, ਸਾਡੇ ਜੀਵਨ ਦਾ ਉਦੇਸ਼ ਹੋਣਾ ਚਾਹੀਦਾ ਹੈ। ਸਾਨੂੰ ਆਪਣਾ ਦੀਨ ਈਮਾਨ, ਸ਼ਿਸ਼ਟਾਚਾਰ ਤੇ ਵਿਚਾਰਧਾਰਾ ਆਪ ਨਿਰਮਤ ਕਰਨੀ ਪਵੇਗੀ। ਇਸ ਮਾਰਗ ਨਾਲ ਸਾਨੂੰ ਬਾਰਮਬਾਰ ਤੋਬਾ ਨਹੀਂ ਕਰਨੀ ਪਵੇਗੀ ਤੇ ਨਾ ਹੀ ਨੀਅਤ ਬਦਲਣੀ ਪਵੇਗੀ। ਇਕੋ ਰਸਤਾ ਹੀ ਸਾਡੀ ਜੀਵਨ ਬੇੜੀ ਨੂੰ ਬੰਨੇ ਲਗਾ ਸਕਦਾ ਹੈ। ਸਾਨੂੰ ਬਾਰ ਬਾਰ ਮੁਸਲਮਾਨ ਨਹੀਂ ਬਣਨਾ ਪਵੇਗਾ।

• •

ਗ਼ਮ ਗ਼ਲਤ ਕਰਨਾ

ਗ਼ਮ ਤੇ ਖ਼ੁਸ਼ੀ ਜੀਵਨ ਦੇ ਅਟੁੱਟ ਅੰਗ ਹਨ ਤੇ ਜ਼ਿੰਦਗੀ ਮਨੁੱਖ ਦਾ ਪਰਛਾਵੇਂ ਵਾਂਗ ਪਿੱਛਾ ਕਰਦੇ ਹਨ। ਬਹੁਤੀ ਜ਼ਿੰਦਗੀ ਮਨੁੱਖ ਦਾ ਗ਼ਮਾਂ ਨਾਲ ਹੀ ਪੇਚਾ ਪਿਆ ਰਹਿੰਦਾ ਹੈ। ਖ਼ੁਸ਼ੀ ਦੇ ਤਾਂ ਸੁਖ ਨਾਲ ਈਦ ਦੇ ਚੰਦ ਵਾਂਗ ਚਿਰ ਬਾਅਦ ਹੀ ਦਰਸ਼ਨ ਮੇਲੇ ਹੁੰਦੇ ਹਨ। ਮਨੁੱਖ ਭਾਵੇਂ ਗ਼ਮਾਂ ਨੂੰ ਝਕਾਨੀਆਂ ਦੇ ਕੇ ਲੰਘਣਾ ਚਾਹੁੰਦਾ ਹੈ ਪਰੰਤੂ ਗ਼ਮ ਢੀਠ ਹੋ ਕੇ ਉਸਦਾ ਖੁਰਾ ਨੱਪਦੇ ਰਹਿੰਦੇ ਹਨ। ਕਿਸੇ ਸ਼ਾਇਰ ਨੇ ਠੀਕ ਹੀ ਲਿਖਿਆ ਹੈ :

ਮੌਤੇ ਹਯਾਤ ਕੀ ਕਸ਼ਮਕਸ਼ ਮੇਂ ਕਟੀ ਉਮਰ ਤਮਾਮ
ਗ਼ਮ ਨੇ ਜੀਨੇ ਨਾ ਦੀਆ ਸ਼ੌਕ ਨੇ ਮਰਨੇ ਨਾ ਦੀਆ

ਗ਼ਮ ਡੂਮਣੇ ਦੀਆਂ ਮੱਖੀਆਂ ਵਾਂਗ ਮਨੁੱਖ ਨੂੰ ਘੇਰੀ ਫਿਰਦੇ ਹਨ। ਕਿਸੇ ਨੂੰ ਔਲਾਦ ਨਾ ਹੋਣ ਦਾ ਗ਼ਮ ਹੈ ਤੇ ਕੋਈ ਔਲਾਦ ਹੱਥੋਂ ਦੁਖੀ ਹੈ। ਕੋਈ ਪੁੱਤਰ ਦੀ ਦਾਤ ਨਾ ਮਿਲਣ ਕਰਕੇ ਦੁਖੀ ਹੈ ਤੇ ਕੋਈ ਪੁੱਤਰਾਂ ਹੱਥੋਂ ਹਰ ਰੋਜ਼ ਜ਼ਲੀਲ ਹੁੰਦਾ ਵੇਖਦੇ ਹਾਂ। ਕਿਸੇ ਨੂੰ ਰੁਜ਼ਗਾਰ ਨਾ ਮਿਲਣ ਦੀ ਉਦਾਸੀ ਹੈ ਤੇ ਕਿਸੇ ਨੂੰ ਰੁਜ਼ਗਾਰ ਖੁੱਸ ਜਾਣ ਦਾ ਸੰਸਾ। ਕੋਈ ਰਿਸ਼ਤੇਦਾਰਾਂ ਦੀ ਬੇਦਿਲੀ ਤੋਂ ਅਵਾਜ਼ਾਰ ਹੈ ਤੇ ਕੋਈ ਉਨ੍ਹਾਂ ਦੀ ਸ਼ਰੀਕਾਚਾਰੀ ਤੋਂ। ਦੋਸਤਾਂ ਨੇ ਕਿਸੇ ਨੂੰ ਪ੍ਰੇਸ਼ਾਨ ਕਰੀ ਰੱਖਿਆ ਹੈ ਤੇ ਕਿਸੇ ਨੂੰ ਬੇਗਾਨਿਆਂ ਨੇ। ਕੋਈ ਆਪਣਿਆਂ ਤੋਂ ਖ਼ਫ਼ਾ ਹੈ ਤੇ ਕੋਈ ਆਪਣੇ ਆਪ ਤੋਂ ਹੀ। ਬਸ ਈਸਗ ਬੋਲ ਤੇ ਕੁਝ ਨਾ ਫੋਲ। ਚਿੰਤਾ ਰੋਗ ਤਾਂ ਏਥੇ ਜਣੇ ਖਣੇ ਨੂੰ ਲੱਗਾ ਹੋਇਆ ਹੈ।

ਦੁੱਖ ਜੇਕਰ ਬਹੁਤਾ ਚਿਰ ਮਨੁੱਖ ਨੂੰ ਘੇਰੀ ਰੱਖਣ ਤਾਂ ਉਹ ਦੀਵਾਨਾ ਹੋ ਸਕਦਾ ਹੈ। ਉਸ ਨੂੰ ਕਈ ਮਾਨਸਿਕ ਰੋਗ ਲੱਗਣ ਦਾ ਖ਼ਤਰਾ ਮੰਡਲਾਉਂਦਾ ਰਹਿੰਦਾ ਹੈ। ਦੁੱਖਾਂ ਦੇ ਫਲਸਰੂਪ ਹੀ ਪਾਗਲਖਾਨੇ ਮਾਨਸਿਕ ਮਰੀਜ਼ਾਂ ਨਾਲ ਤੂੜੇ ਪਏ ਹਨ। ਕੋਈ ਜੰਮਦਿਆਂ ਦੁਖੀ ਜਾਂ ਪਾਗਲ ਨਹੀਂ ਹੁੰਦਾ। ਇਹ ਸਮਾਜ ਹੀ ਬੰਦੇ ਨੂੰ ਕਈ ਘੁੰਮਣਘੇਰੀਆਂ ਵਿਚ ਪਾ ਕੇ ਬਾਵਰਾ ਬਣਾ ਦੇਂਦਾ ਹੈ। ਸਾਡੇ ਸਮਾਜ ਨੂੰ ਦੁਖ ਦੇਣੇ ਤਾਂ ਆਉਂਦੇ ਹਨ, ਹਰਨੇ ਨਹੀਂ ਆਉਂਦੇ। ਜਦੋਂ ਬੰਦਾ ਕੋਈ ਗ਼ਮ ਲਾ ਬਹਿੰਦਾ ਹੈ ਤਾਂ ਸਵਾਏ ਭਾਣਾ ਮੰਨਣ ਦੇ, ਸਾਡਾ ਕੋਈ ਵਾਲੀ ਵਾਰਸ ਨਹੀਂ ਹੁੰਦਾ। ਧਰਮ ਦੁਖ ਸੁਖ ਨੂੰ ਕਰਮਾਂ ਦੀ ਖੇਡ ਦੱਸਦਾ ਹੈ। ਜੇਕਰ ਦੁਖ ਤੁਹਾਡੇ ਦਰ ਆਏ ਹਨ ਤਾਂ ਇਹ ਤੁਹਾਡੇ ਕਰਮਾਂ ਦਾ ਫਲ ਹੈ। ਇਨ੍ਹਾਂ ਨੂੰ ਝੱਲੋ। ਗੁਰਬਾਣੀ ਤੋਂ ਤਾਂ ਕੋਈ ਵਿਰਲਾ ਹੀ ਸੇਧ ਲੈ ਸਕਦਾ ਹੈ। ਬਹੁਤੇ ਤਾਂ ਪ੍ਰਸ਼ਾਦਿ ਲੈ ਕੇ ਹੀ ਘਰ ਨੂੰ ਆ ਜਾਂਦੇ ਹਨ।

ਦੁੱਖਾਂ ਤੋਂ ਖਹਿੜਾ ਛੁਡਾਉਣ ਲਈ ਮਨੁੱਖ ਕਈ ਹੀਲੇ ਵਸੀਲੇ ਕਰਦਾ ਹੈ। ਕੋਈ ਜੋਤਸ਼ੀਆਂ ਤੇ ਨਜੂਮੀਆਂ ਕੋਲ ਜਾਂਦਾ ਹੈ। ਕੋਈ ਜਾਦੂ ਮੰਤਰਾਂ ਦਾ ਸਹਾਰਾ ਲੈਂਦਾ ਹੈ ਤੇ ਮਾਂਦਰੀਆਂ ਕੋਲੋਂ ਫੂਕਾਂ ਮਰਵਾਉਂਦਾ ਹੈ। ਪਰੰਤੂ ਹੁੰਦਾ ਹੋਰ ਹੀ ਹੈ :

ਮਰੀਜ਼ੇ ਇਸ਼ਕ ਕੋ ਰਹਿਮਤ ਖ਼ੁਦਾ ਕੀ
ਦਰਦ ਬੜਤਾ ਗਯਾ, ਜਿਉਂ ਜਿਉਂ ਦਵਾ ਕੀ

ਲੋਕੀ ਨਮਾਜ਼ਾਂ ਬਖਸ਼ਾਉਣ ਨਿਕਲਦੇ ਹਨ, ਰੋਜ਼ੇ ਝੋਲੀ ਪਵਾ ਕੇ ਪਰਤਦੇ ਹਨ। ਚਲੀਹੇ ਤੇ ਚੁਪਹਿਰੇ ਤੇ ਮੱਸਿਆ ਸੁੱਖਦੇ ਹਨ। ਸਰੋਵਰਾਂ ਤੇ ਨਦੀਆਂ ਦੇ ਇਸ਼ਨਾਨ ਕਰਨ ਲਈ ਦੂਰ ਦੁਰਾਡੇ ਸਥਾਨਾਂ 'ਤੇ ਭਟਕਦੇ ਰਹਿੰਦੇ ਹਨ। ਪਰ ਸੁਖ ਉਨ੍ਹਾਂ ਦੀ ਝੋਲੀ ਨਹੀਂ ਪੈਂਦਾ। ਮਾਯੂਸ ਹੋ ਕੇ ਉਹ ਘਰਾਂ ਨੂੰ ਮੁੜਦੇ ਹਨ। ਜੇਬਾਂ ਖ਼ਾਲੀ ਹੋ ਜਾਂਦੀਆਂ ਹਨ ਪਰ ਝੋਲੀਆਂ ਗ਼ਮਾਂ ਨਾਲ ਹੀ ਡੱਕੀਆਂ ਰਹਿੰਦੀਆਂ ਹਨ। ਜਿਨ੍ਹਾਂ ਸਾਡੇ ਸਮਾਜ ਵਿਚ ਉਦਾਸ ਦੇ ਗ਼ਮਗੀਨ ਲੋਕਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ, ਹੋਰ ਕਿਧਰੇ ਨਹੀਂ। ਨੀਮ ਹਕੀਮਾਂ ਦੀ ਏਥੇ ਭਰਮਾਰ ਹੈ। ਉਨ੍ਹਾਂ ਕੋਲ ਤੁਹਾਡੇ ਗ਼ਮਾਂ ਦਾ ਸ਼ਰਤੀਆ ਇਲਾਜ ਹੁੰਦਾ ਹੈ। ਜਦੋਂ ਕੋਈ ਇਨ੍ਹਾਂ ਦੇ ਚੁੰਗਲ ਵਿਚ ਫਸ ਜਾਂਦਾ ਹੈ ਤਾਂ 'ਇਹ ਮਿਤ ਕਿਸ ਕੇ, ਛਿਲ ਲਾਹੀ ਤੇ ਖਿਸਕੇ।' ਇਕ ਮਨੁੱਖ ਦੇ ਹੱਥੋਂ ਦੂਜੇ ਦੀ ਖੱਜਲ ਖਵਾਰੀ ਜਿੰਨੀ ਭਾਰਤ ਦੇ ਲੋਕ, ਧਰਮ ਦਾ ਸਹਾਰਾ ਲੈ ਕੇ ਕਰਦੇ ਹਨ, ਓਨੀ ਦੁਨੀਆ ਦੇ ਕਿਸੇ ਹੋਰ ਖਿੱਤੇ ਵਿਚ ਨਹੀਂ ਹੁੰਦੀ। ਧਰਮ ਨਿਰਾ ਪਾਖੰਡ ਬਣ ਕੇ ਰਹਿ ਗਏ ਹਨ।

ਅੱਜ ਨਵਾਂ ਯੁੱਗ ਉਦੈ ਹੋਇਆ ਹੈ। ਇਹ ਮਸ਼ੀਨ ਤੇ ਰਫ਼ਤਾਰ ਦਾ ਯੁੱਗ ਹੈ। ਜਿਥੇ ਸਾਡੇ ਸੁਖ ਦੇ ਸਾਧਨ ਦੂਣੇ ਚੋਣੇ ਹੋਏ ਹਨ, ਉਥੇ ਗ਼ਮ ਵੀ ਉਸੇ ਰਫ਼ਤਾਰ ਨਾਲ ਵਧੇ ਹਨ। ਬਹੁਤ ਸਾਰੇ ਲੋਕ ਆਪਣੇ ਗ਼ਮ ਗ਼ਲਤ ਕਰਨ ਲਈ ਨਸ਼ਿਆਂ ਦਾ ਸਹਾਰਾ ਲੈਣ ਲੱਗ ਪਏ ਹਨ। ਇਨ੍ਹਾਂ ਨਸ਼ਿਆਂ ਵਿਚੋਂ ਦਾਰੂ ਦਾ ਨਸ਼ਾ ਬੜਾ ਸੁਰੱਖਿਅਤ ਅਤੇ ਨਿਆਰਾ ਹੈ। ਇਸ ਦੇ ਸੇਵਨ ਦਾ ਬਾਕੀਆਂ ਨਾਲੋਂ ਘੱਟ ਖ਼ਤਰਾ ਰਹਿੰਦਾ ਹੈ। ਜੇਕਰ ਤੁਹਾਨੂੰ ਗ਼ਮ ਘੇਰ ਲਵੇ ਤਾਂ ਘਬਰਾਉਣ ਦੀ ਲੋੜ ਨਹੀਂ। ਗ਼ਮ ਵੀ ਸੁੱਖਾਂ ਵਾਂਗ ਆਉਂਦੇ ਜਾਂਦੇ ਰਹਿੰਦੇ ਹਨ। ਸਿਰ ਸੁੱਟ ਕੇ ਬੈਠਣ ਦੀ ਲੋੜ ਨਹੀਂ। ਹਥਿਆਰ ਸੁੱਟਣ ਦੀ ਜ਼ਰੂਰਤ ਨਹੀਂ। ਬਸ ਹੌਂਸਲਾ ਰੱਖਣ ਦੀ ਗੱਲ ਹੈ। ਸ਼ਾਮਾਂ ਪੈਂਦਿਆਂ ਇਕ ਦੋ ਪੈੱਗ ਅੰਦਰ ਸੁੱਟੋ ਆਸਤਾ ਆਸਤਾ। ਵੇਖਦਿਆਂ ਵੇਖਦਿਆਂ ਗ਼ਮ ਚੋਰਾਂ ਵਾਂਗ ਦੁੰਮ ਦਬਾ ਕੇ ਭੱਜਦੇ ਨਜ਼ਰੀਂ ਪੈਣਗੇ। ਗ਼ਮ ਨਾਲ ਅਨੀਂਦਰੇ ਕੱਟਣ ਦੀ ਲੋੜ ਨਹੀਂ ਸਗੋਂ ਮਜੇ ਨਾਲ ਘੁਰਾੜੇ ਮਾਰ ਕੇ ਰਾਤ ਕੱਟੋ। ਦਿਨ ਚੜ੍ਹਦੇ ਤੁਹਾਡੇ ਅੱਧੇ ਦੁੱਖ ਤਾਂ ਕਫ਼ੂਰ ਹੋ ਜਾਣਗੇ ਤੇ ਅੱਧਿਆਂ ਦੀ ਪਕੜ ਜਕੜ ਢਿੱਲੀ ਪੈ ਜਾਵੇਗੀ। ਜ਼ਿੰਦਗੀ ਵਿਚ ਇਹ ਕਦੇ ਨਾ ਭੁੱਲੋ ਕਿ ਦੁੱਖ ਤੇ ਚਿੰਤਾਵਾਂ ਜੀਵਨ ਦਾ ਅਟੁੱਟ ਅੰਗ ਹਨ। ਜਿਥੇ ਮਨੁੱਖ ਉਥੇ ਦੁੱਖ ਤੇ ਉਥੇ ਹੀ ਦਾਰੂ। ਦਾਰੂ ਦੇ ਅਸਰ ਨਾਲ ਗ਼ਮਾਂ ਦੇ ਪੈਰ ਖਿੜਕਣੇ ਸ਼ੁਰੂ ਹੋ ਜਾਂਦੇ ਹਨ। ਹਿੰਗ ਲੱਗੇ ਨਾ ਫਟਕੜੀ। ਗ਼ਮਾਂ ਦਾ ਪਹੀਆ ਜਾਮ। ਨਾ ਦਵਾਈ ਨਾ ਦੁਆ, ਕੇਵਲ ਦਾਰੂ ਤੇ ਗ਼ਮ ਗ਼ਲਤ।

ਤੁਸੀਂ ਜੇਕਰ ਦੋਚਿੱਤੀ ਵਿਚ ਹੋ, ਇਸ ਸਥਿਤੀ ਦੇ ਸਥਿਰ ਹੋਣ ਨਾਲ ਗ਼ਮਾਂ ਦੇ ਸਾਏ ਲੰਮੇ ਹੁੰਦੇ ਜਾਂਦੇ ਹਨ। 'ਵੜ ਜੀਆ ਕਦੀ ਨਿਕਲ ਜੀਆ' ਦੀ ਹਾਲਤ ਵਿਚ

ਅਟਕੇ ਹੋਏ ਹੋ। ਤੁਹਾਡੀ ਸਮੱਸਿਆ ਦਾ ਸਮਾਧਾਨ ਦੂਰ ਵੀ ਨਜ਼ਰ ਨਹੀਂ ਆ ਰਿਹਾ। ਹੌਂਸਲਾ ਤੇ ਧੀਰਜ ਦੇਣ ਵਾਲੇ ਯਾਰ ਬੇਲੀ ਤੁਹਾਨੂੰ ਇਕੱਲਿਆਂ ਛੱਡ ਕੇ ਆਪਣੇ ਘਰਾਂ ਨੂੰ ਪਰਤ ਰਹੇ ਹਨ। ਉੱਤੋਂ ਰਾਤ ਪੈ ਰਹੀ ਹੈ। ਦੋਚਿੱਤੀ ਗ਼ਮ ਵਿਚ ਬਦਲ ਗਈ ਹੈ ਤੇ ਗ਼ਮ ਤੁਹਾਡਾ ਮੂੰਹ ਚਿੜਾ ਰਹੇ ਹਨ। ਦਿਨ ਵੇਲੇ ਤੁਹਾਡੇ ਹਮਦਰਦੀਆਂ ਨੇ ਤੁਹਾਨੂੰ ਇਸ ਦਲਦਲ ਵਿਚੋਂ ਨਿਕਲਣ ਲਈ ਕਈ ਦਾਓ ਪੇਚ ਸਮਝਾਏ ਬੁਝਾਏ ਸਨ। ਪਰ ਉਨ੍ਹਾਂ ਵਿਚੋਂ ਕੋਈ ਵੀ ਤੁਹਾਡੇ ਗ਼ਮਾਂ ਦੇ ਤਾਲੇ ਨੂੰ ਖੋਲ੍ਹ ਨਹੀਂ ਸਕਿਆ। ਹੁਣ ਤੁਸੀਂ ਸਵਾ ਲੱਖ ਹੀ ਮੈਦਾਨ ਵਿਚ ਡਟੇ ਹੋ। ਇਸ ਵਕਤ ਤੁਹਾਨੂੰ ਕਿਸੇ ਗ਼ਮਖਾਰ ਕੋਲ ਹੁਣ ਜਾਣ ਦੀ ਜ਼ਰੂਰਤ ਨਹੀਂ। ਸਿੱਧਾ ਦਾਰੂ ਦਾ ਦਰਵਾਜ਼ਾ ਖੜਕਾਓ। ਉਹ ਘੜੀ ਪਲਾਂ ਵਿਚ ਤੁਹਾਨੂੰ ਸਨੇਹ ਤੇ ਹਮਦਰਦੀ ਦੀਆਂ ਗਲਵੱਕੜੀਆਂ ਵਿਚ ਗ੍ਰਸ ਲਵੇਗਾ ਤੇ ਤੁਸੀਂ ਘੜੀ ਹੋਰ, ਪਲ ਹੋਰ ਹੋ ਜਾਵੋਗੇ। ਇਹ ਦਾਰੂ ਹੀ ਹੈ ਜਿਹੜਾ ਤੁਹਾਨੂੰ ਚਿੰਤਪੁਰੀ ਤੋਂ ਬੇਗਮਪੁਰੇ ਲਿਜਾ ਸਕਦਾ ਹੈ। ਇਹ ਭਾਵੇਂ ਆਰਜੀ ਸਹਾਰਾ ਹੈ ਪਰ ਡੁੱਬਦੇ ਨੂੰ ਤੀਲ੍ਹੇ ਦਾ ਸਹਾਰਾ ਹੀ ਕਾਫ਼ੀ ਹੁੰਦਾ ਹੈ।

ਤੁਹਾਡੇ ਕਿਸੇ ਦੋਸਤ ਜਾਂ ਨਜ਼ਦੀਕੀ ਨੇ ਤੁਹਾਨੂੰ ਬੇਵਫ਼ਾਈ ਤੇ ਅਕ੍ਰਿਤਘਣਤਾ ਦਾ ਡੰਗ ਮਾਰਿਆ ਹੈ। ਜਿਸਨੇ ਵਫ਼ਾ ਦੀ ਓਟ ਲੈ ਕੇ ਤੁਹਾਨੂੰ ਮੌਕਾਪ੍ਰਸਤੀ ਦੇ ਟੋਇਆਂ ਵਿਚ ਠੇਲ੍ਹ ਦਿੱਤਾ ਹੈ। ਅਜਿਹੀ ਬਦਤਮੀਜ਼ੀ ਕਿਸੇ ਵੀ ਨਜ਼ਦੀਕੀ ਬੰਦੇ ਵੱਲੋਂ ਕੀਤੀ ਜਾਵੇ ਤਾਂ ਬੰਦਾ ਕ੍ਰੋਧ ਨਾਲ ਪਾਗਲ ਹੋ ਸਕਦਾ ਹੈ। ਤੁਹਾਨੂੰ ਯਾਰ ਦੋਸਤ ਸੌ ਦਿਲਾਸੇ ਦੇਂਦੇ ਹਨ। ਪਰ ਤੁਹਾਡਾ ਧੀਰਜ ਨਹੀਂ ਬੱਝਦਾ। ਤੁਸੀਂ ਧਰਮ ਦਵਾਰਿਆਂ ਦੇ ਆਸਰੇ ਭਾਲਦੇ ਹੋ। ਇਹ ਪੱਥਰ ਦੇ ਬੁੱਤਖਾਨੇ ਤੁਹਾਨੂੰ ਪੱਥਰਾਂ ਵਾਂਗ ਹੀ ਸਮਝ ਕੇ ਪੇਸ਼ ਆਉਣਗੇ। ਪੱਥਰ ਨਹੀਂ ਪਸੀਜਦੇ। ਇਸ ਵਕਤ ਦਾਰੂ ਤੁਹਾਡਾ ਮੋਰਚਾ ਆਰਜ਼ੀ ਤੌਰ 'ਤੇ ਸੰਭਾਲ ਲੈਂਦਾ ਹੈ। ਇਸ ਆਲਮ ਵਿਚ ਤੁਸੀਂ ਆਪਣੀਆਂ ਮੁਸੀਬਤਾਂ ਉਪਰ ਗੰਭੀਰਤਾ ਨਾਲ ਝਾਤ ਮਾਰਦੇ ਹੋ। ਦਾਰੂ ਸ਼ੌਕਰਜ਼ ਦੀ ਭੂਮਿਕਾ ਨਿਭਾ ਕੇ ਤੁਹਾਨੂੰ ਹੌਲੀ-ਹੌਲੀ ਗ਼ਮਾਂ ਦੀ ਜਿੱਲਣ ਵਿਚੋਂ ਕੱਢ ਲੈਂਦੀ ਹੈ। 'ਗ਼ਮ ਸੇ ਅਬ ਘਬਰਾਨਾ ਕੈਸਾ, ਗਮ ਸੌ ਬਾਰ ਮਿਲਾ'। ਗ਼ਮਾਂ ਨਾਲ ਜਦੋਂ ਮੂੰਹ ਚਿੜਾਉਂਦੇ ਲੱਗਦੇ ਹਾਂ ਤਾਂ ਗ਼ਮ ਸਾਡੇ ਬੇਲੀ ਬਣ ਜਾਂਦੇ ਹਨ।

ਤੁਹਾਡੀ ਮਹਿਬੂਬਾ ਜਾਂ ਮਹਿਬੂਬ ਤੁਹਾਨੂੰ ਰਾਤੋ ਰਾਤ ਦਗਾ ਦੇ ਕੇ ਕਿਸੇ ਹੋਰ ਨਾਲ ਅਟੀ ਸਟੀ ਰਲਾ ਲੈਂਦਾ ਹੈ ਤਾਂ ਤੁਸੀਂ ਸ਼ਸ਼ੋਪੰਜ ਵਿਚ ਪੈ ਜਾਂਦੇ ਹੋ। ਕੋਈ ਤੀਸਰਾ ਬੰਦਾ ਬਾਹਰੋਂ ਆ ਕੇ ਤੁਹਾਡੇ ਦੁੱਧ ਵਿਚ ਕਾਂਜੀ ਪਾ ਜਾਂਦਾ ਹੈ। ਤੁਸੀਂ ਖ਼ਫ਼ਾ ਹੋ ਕੇ ਵੱਖਰੇ ਵੱਖਰੇ ਰਸਤੇ ਫੜ ਲੈਂਦੇ ਹੋ ਤੇ ਤੁਹਾਡੀ ਯਾਰੀ ਲੀਰੋ ਲੀਰ ਹੋ ਜਾਂਦੀ ਹੈ। ਤੁਹਾਡੇ ਅੰਦਰ ਬਦਲੇ ਦੀ ਜਵਾਲਾ ਭੜਕ ਉਠਦੀ ਹੈ। ਤੁਸੀਂ ਕਈ ਦਫ਼ਾ ਆਤਮਘਾਤ ਕਰਨ ਲਈ ਸੋਚਦੇ ਹੋ। ਤੁਹਾਡੇ ਆਪਣੇ ਯਾਰ ਦੋਸਤ, ਰਿਸ਼ਤੇਦਾਰ ਤੇ ਹੋਰ ਇਮਦਾਦੀ ਤੁਹਾਨੂੰ ਧੀਰਜ ਦੇਣ ਅੱਗੇ ਵਧਦੇ ਹਨ। ਤੁਸੀਂ ਉਨ੍ਹਾਂ ਦੀ ਇਕ ਨਹੀਂ ਮੰਨਦੇ ਅਤੇ ਆਪਣੇ ਹੀ ਰਾਗ ਅਲਾਪੀ ਜਾਂਦੇ ਹੋ। ਦਾਰੂ ਤੁਹਾਡੇ ਦੁੱਖ ਦੀ ਹੂਕ ਸੁਣ ਕੇ ਤੁਹਾਡੇ ਕੋਲ ਭੱਜਾ ਆਉਂਦਾ ਹੈ। ਤੁਹਾਨੂੰ ਉਹ ਆਪਣੇ ਜਾਮ ਦੀ ਕਰੇਨ ਨਾਲ ਦਲਦਲ ਵਿਚੋਂ ਬਾਹਰ ਕੱਢ ਕੇ ਤੁਹਾਨੂੰ ਚੁੰਮਦਾ ਚੱਟਦਾ ਹੈ ਤੇ ਤੁਹਾਨੂੰ ਅਗਲੀ ਸਵੇਰ ਫਿਰ ਜੀਵਨ ਸੰਘਰਸ਼ ਵਿਚ ਥਾਪੀ ਦੇ ਕੇ ਛੱਡਣ

ਆਉਂਦਾ ਹੈ। ਦੋਸਤ ਉਹੀ ਹੁੰਦਾ ਹੈ ਜੋ ਕਿ ਭੀੜ ਵੇਲੇ ਬਾਂਹ ਫੜੇ। ਇਸ ਸਮੇਂ ਤੁਹਾਡਾ ਦਾਰੂ ਤੋਂ ਵੱਡਾ ਦੋਸਤ ਨਹੀਂ ਹੁੰਦਾ।

ਤੁਸੀਂ ਕੋਈ ਮੁਹਿੰਮ, ਕੋਈ ਚੋਣ, ਕੋਈ ਪ੍ਰੀਖਿਆ ਜਾਂ ਮੁਕੱਦਮਾ ਹਾਰ ਗਏ ਹੋ। ਤੁਹਾਡੇ ਨਾਲ ਅਨਹੋਣੀ ਹੋਈ ਹੈ। ਤੁਹਾਨੂੰ ਹਾਥੀ ਉਪਰ ਬੈਠਿਆਂ ਵੀ ਕੁੱਤਾ ਵੱਢ ਗਿਆ ਹੈ। ਤੁਸੀਂ ਸੱਚੇ ਹੁੰਦਿਆਂ ਵੀ ਝੂਠੇ ਬਣ ਬੈਠੇ ਹੋ। ਤੁਸੀਂ ਯੋਗ ਹੁੰਦਿਆਂ ਵੀ ਅਯੋਗ ਕਰਾਰ ਦਿੱਤੇ ਗਏ ਹੋ। ਤੁਹਾਡੇ ਨਾਲੋਂ ਨਲਾਇਕਾਂ ਤੇ ਨਖਿੱਧਾਂ ਦੇ ਅੰਕ ਵੱਧ ਹਨ। ਪੁਰਸਕਾਰ ਲੈਣ ਦੀ ਐਤਕੀਂ ਤੁਹਾਡੀ ਵਾਰੀ ਸੀ ਪਰ ਲੈ ਮਾਝੇ ਗਾਮੇ ਹੀ ਗਏ ਹਨ। ਇਸ ਸਾਰੇ ਮਾਹੌਲ ਵਿਚ ਤੁਸੀਂ ਆਪਣਾ ਤਵਾਜ਼ਨ ਕਾਇਮ ਨਹੀਂ ਰੱਖ ਸਕਦੇ। ਤੁਹਾਨੂੰ ਭਲੀਭਾਂਤ ਪਤਾ ਹੈ ਕਿ ਦੁਨੀਆ ਵਿਚ ਵਧੀਕੀਆਂ ਹੁੰਦੀਆਂ ਹਨ। ਬੇਇਨਸਾਫ਼ੀਆਂ ਹੁੰਦੀਆਂ, ਬਦਤਮੀਜ਼ੀਆਂ ਹੁੰਦੀਆਂ ਹਨ। ਪਰ ਫਿਰ ਵੀ ਤੁਸੀਂ ਸ਼ਿਕਸਤ ਦਾ ਸਾਹਮਣਾ ਨਹੀਂ ਕਰ ਸਕਦੇ। ਇਸ ਵੇਲੇ ਜੇਕਰ ਤੁਹਾਡਾ ਕੋਈ ਹਮਦਮ ਸਾਕੀ ਤੇ ਸਖੀ ਬਣ ਕੇ ਤੁਹਾਡੇ ਨਾਲ ਜਾਮ ਟਕਰਾਏ ਤਾਂ ਤੁਹਾਡੀ ਸੂਈ ਟਿਕਾਣੇ ਆਉਣ ਲੱਗਦੀ ਹੈ। ਤੁਸੀਂ ਨਵੀਂ ਪੈਦਾ ਹੋਈ ਸਥਿਤੀ ਨਾਲ ਸਮਝੌਤਾ ਕਰ ਲੈਂਦੇ ਹੋ। ਤੁਹਾਡੇ ਨਾਲ ਕਰਾਮਾਤ ਵਰਤਦੀ ਹੈ ਤੇ ਤੁਸੀਂ ਇਨ੍ਹਾਂ ਪਲਾਂ ਵਿਚ ਆਪਣੇ ਵਿਧਾਤਾ ਦੇ ਸੌ ਸੌ ਸਿਜਦੇ ਕਰਨ ਲਈ ਉਤਾਵਲੇ ਹੁੰਦੇ ਹੋ।

ਚੈਨ ਦਾ ਕਿਧਰੇ ਨਾਮ ਨਾ ਹੁੰਦਾ
ਪਲ ਭਰ ਵੀ ਆਰਾਮ ਨਾ ਹੁੰਦਾ।
ਦੋਜ਼ਖ਼ ਬਣ ਜਾਂਦੀ ਇਹ ਦੁਨੀਆ
ਜੇਕਰ ਮਹਿ ਦਾ ਜਾਮ ਨਾ ਹੁੰਦਾ।

• •

ਦਾਰੂ ਤੇ ਔਰਤ ਜਗਤ

ਪਰੰਪਰਾ ਅਨੁਸਾਰ ਦਾਰੂ ਵੀ ਇਕ ਨਸ਼ਾ ਹੈ ਤੇ ਔਰਤ ਵੀ। ਦਾਰੂ ਵੀ ਇਕ ਸ਼ਕਤੀ ਹੈ ਤੇ ਔਰਤ ਵੀ। ਦਾਰੂ ਵੀ ਇਕ ਕਮਜ਼ੋਰੀ ਹੈ ਤੇ ਔਰਤ ਵੀ। ਇਹ ਦੋਵੇਂ ਤਲਵਾਰਾਂ ਇਕੋ ਮਿਆਨ ਵੀ ਨਹੀਂ ਰਹਿ ਸਕਦੀਆ। ਇਸੇ ਕਰਕੇ ਔਰਤ ਦਾਰੂ ਨੂੰ ਆਪਣੀ ਸੌਂਕਣ ਸਮਝ ਕੇ ਨਫ਼ਰਤ ਦੀਆਂ ਲਪਟਾਂ ਛੱਡਦੀ ਹੈ। ਔਰਤ ਦਾ ਵਿਚਾਰ ਹੈ ਕਿ ਜੇਕਰ ਮਰਦ ਸ਼ਰਾਬ ਦੇ ਪਿਆਲੇ ਵਿਚ ਹੀ ਡੁੱਬਾ ਰਹੇਗਾ ਤਾਂ ਉਸ ਦੇ ਮਿਰਗ ਨੈਣਾਂ ਦੀ ਝੀਲ ਵਿਚ ਕੌਣ ਡੁੱਬੇਗਾ ? ਇਹ ਵਿਰੋਧਤਾ ਸਹੀ ਵੀ ਹੈ ਤੇ ਗ਼ਲਤ ਵੀ। ਸਹੀ ਇਸ ਕਰਕੇ ਬੰਦਾ ਪੀ ਕੇ ਬੜਾ ਕੁਝ ਵਿਸਰ ਜਾਂਦਾ ਹੈ। ਇਥੋਂ ਤੱਕ ਕਿ ਆਪਣੀ ਘਰ ਵਾਲੀ ਵੀ। ਗ਼ਲਤ ਇਸ ਲਈ ਕਿ ਦਾਰੂ ਪੀ ਕੇ ਬੰਦੇ ਨੂੰ ਯਾਦ ਵੀ ਬੜਾ ਕੁਝ ਆ ਜਾਂਦਾ ਹੈ। ਪਿਆਰੇ ਹੋਰ ਪਿਆਰੇ ਲੱਗਣ ਲੱਗਦੇ ਹਨ।

ਬਹੁਤੀ ਸ਼ਾਇਰੀ ਮਹਿਖ਼ਾਨਿਆਂ ਤੇ ਪੈਮਾਨਿਆਂ ਦੀ ਮਹਿਫ਼ਲ ਵਿਚ ਮਰਦਾਂ ਨੇ ਆਸ਼ਕੀ ਦੇ ਲੋਰ ਵਿਚ ਕੀਤੀ ਹੈ। ਦਾਰੂ ਦੇ ਪੈਮਾਨਿਆਂ ਵਿਚੋਂ ਸ਼ਾਇਰਾਂ ਨੇ ਔਰਤ ਦੇ ਵੱਖ ਵੱਖ ਚਿਹਰਿਆਂ ਤੇ ਚੱਕਰਾਂ ਨੂੰ ਖੋਜਿਆ ਤੇ ਉਸ ਦੀ ਨਿਸ਼ਾਨਦੇਹੀ ਕੀਤੀ ਹੈ। ਇਹ ਦੋਵੇਂ ਇਕ ਦੂਜੇ ਦਾ ਆਸਰਾ ਤੇ ਪ੍ਰੇਰਨਾ ਬਣੇ ਹੋਏ ਹਨ। ਔਰਤ ਨੂੰ ਪਿਆਰਨ ਵਾਸਤੇ ਦਾਰੂ ਦਾ ਸਰੂਰ ਲਾਜ਼ਮੀ ਹੈ। ਇਸੇ ਤਰ੍ਹਾਂ ਦਾਰੂ ਨੂੰ ਖੇੜਨ ਵਾਸਤੇ ਔਰਤ ਸੋਨੇ 'ਤੇ ਸੁਹਾਗੇ ਦਾ ਕੰਮ ਦਿੰਦੀ ਹੈ। ਮਹਿਬੂਬਾ ਦੇ ਵਿਯੋਗ ਵਿਚ ਦਾਰੂ ਚੜ੍ਹਦੀ ਹੀ ਨਹੀਂ ਅਤੇ ਸੁਯੋਗ ਵਿਚ ਉਤਰਦੀ ਹੀ ਨਹੀਂ। ਇਹ ਦੋਵੇਂ ਇਕ ਦੂਜੇ ਦੇ ਪੂਰਕ ਹਨ, ਪ੍ਰਤੀਗਾਮੀ ਨਹੀਂ। ਸਾਡੀ ਪਰੰਪਰਾ ਨੇ ਔਰਤ ਨੂੰ ਨਿੰਦਣ ਵਿਚ ਕੋਈ ਕਸਰ ਨਹੀਂ ਛੱਡੀ ਅਤੇ ਸ਼ਾਇਰਾਂ ਨੇ ਉਹਨੂੰ ਵਡਿਆਉਣ ਲਈ ਹੂਰਾਂ ਪਰੀਆਂ ਦਾ ਦਰਜਾ ਦਿੱਤਾ ਹੈ। ਔਰਤ ਦੇ ਨਿੰਦਕ, ਉਸ ਨਾਲ ਈਰਖਾ ਕਰਦੇ ਹਨ। ਮਰਦਾਂ ਨੂੰ ਪਤਾ ਹੈ ਕਿ ਔਰਤ ਉਹਨਾਂ ਨਾਲੋਂ ਕਿਧਰੇ ਸ਼ਕਤੀਸ਼ਾਲੀ ਹੈ ਪਰ ਇਸਦਾ ਇਜ਼ਹਾਰ ਉਹ ਈਰਖਾ ਵੱਸ ਨਿੰਦਿਆ ਵਿਚ ਕਰਦੇ ਆਏ ਹਨ। ਜੋ ਵਸਤੂ ਮਰਦ ਲਈ ਹਲਾਲ ਹੈ, ਔਰਤ ਲਈ ਹਰਾਮ ਕਿਵੇਂ ਹੋ ਸਕਦੀ ਹੈ ?

ਸ਼ਾਇਦ ਇਹੀ ਕਾਰਨ ਹੈ ਕਿ ਪੂਰਬ ਵਿਚ ਔਰਤਾਂ ਨੂੰ ਪੀਣ ਦੀ ਮੁਕੰਮਲ ਮਨਾਹੀ ਹੈ। ਪਾਪ ਹੈ ਬੱਜਰ ਪਾਪ। ਸਾਡੇ ਧਾਰਮਿਕ ਨੇਤਾ ਮਰਦਾਂ ਨੂੰ ਪੀਣ ਤੋਂ ਮਨ੍ਹਾ ਕਰਦੇ ਹਨ। ਔਰਤ ਨੂੰ ਤਾਂ ਇਸਦੇ ਲਾਗੋਂ ਵੀ ਲੰਘਣ ਨਹੀਂ ਦੇਣਾ ਚਾਹੁੰਦੇ। ਸਾਡੇ ਰਾਜੇ ਮਹਾਰਾਜੇ ਤੇ ਨਵਾਬ ਸਦੀਆਂ ਤੋਂ ਮਹਿਲਾਂ ਵਿਚ ਜਾਮ ਛਲਕਾਉਂਦੇ ਰਹੇ ਹਨ। ਕਦੀ ਸੋਮਰਸ ਦੇ ਰੂਪ ਵਿਚ, ਕਦੀ ਸੁਰਾ ਤੇ ਮਦਰਾ ਦੇ ਰੂਪ ਵਿਚ। ਇਸ ਨੂੰ ਕੇਵਲ ਸ਼ਾਹੀ ਵਸਤੂ ਸਮਝ

ਕੇ ਜਨ ਸਾਧਾਰਨ ਤੋਂ ਪਰੇ ਰੱਖਿਆ ਗਿਆ ਹੈ। ਸਾਡੇ ਪੰਡਿਤ ਪ੍ਰੋਹਤ ਮਹਿਲਾਂ ਵਿਚ ਜਾ ਕੇ ਸਮਰਾਟਾਂ ਤੇ ਸ਼ਹਿਜ਼ਾਦਿਆਂ ਦੇ ਸਾਕੀ ਬਣਦੇ ਰਹੇ ਹਨ ਪਰੰਤੂ ਬਾਹਰ ਆ ਕੇ ਦਾਰੂ ਦੀ ਨਿੰਦਿਆ ਚੁਗਲੀ ਕਰਦੇ ਰਹੇ ਹਨ। ਚਾਰਵਾਕਾਂ ਤੇ ਦਾਦੂ ਪੰਥੀਆਂ ਨੇ ਸਭ ਤੋਂ ਪਹਿਲਾਂ ਇਸ ਬਦਮਾਸ਼ੀ ਵਿਰੁੱਧ ਬਗ਼ਾਵਤ ਕੀਤੀ ਕਿ ਸਾਰੇ ਮਨੁੱਖਾਂ ਨੂੰ ਜੀਵਨ ਮਾਨਣ ਦਾ ਜੱਦੀ ਅਧਿਕਾਰ ਹੈ। ਪਰ ਫਿਰ ਵੀ ਇਹ ਸਿਲਸਿਲਾ ਮਹਿਲਾਂ ਤੇ ਦਾਦੂ ਪੰਥੀਆਂ ਦੇ ਡੇਰਿਆਂ ਤੱਕ ਹੀ ਮਹਿਦੂਦ ਰਿਹਾ। ਲੋਕ ਲਹਿਰ ਨਾ ਬਣ ਸਕਿਆ।

ਇਹ ਇਕ ਸਾਧਾਰਨ ਤਰਕ ਹੈ ਕਿ ਜਿਹੜੀ ਚੀਜ਼ ਇਕ ਮਰਦ ਲਈ ਚੰਗੀ ਹੈ ਤਾਂ ਦੂਜੇ ਲਈ ਕਿਵੇਂ ਮਾੜੀ ਹੋ ਸਕਦੀ ਹੈ ? ਜੇਕਰ ਮਰਦਾਂ ਲਈ ਚੰਗੀ ਹੈ ਤਾਂ ਔਰਤਾਂ ਲਈ ਕਿਵੇਂ ਮਾੜੀ ਹੋ ਸਕਦੀ ਹੈ ? ਦਰਅਸਲ ਔਰਤ ਨੂੰ ਸਾਡੇ ਸਮਾਜ ਵਿਚ ਨੱਪ ਘੁੱਟ ਕੇ ਰੱਖਿਆ ਗਿਆ ਹੈ। ਉਸ ਨੂੰ ਕਦੇ ਵੀ ਇਸਨੇ ਮੁਕੰਮਲ ਇਨਸਾਨ ਨਹੀਂ ਸਮਝਿਆ ਕੇਵਲ ਅਰਧੰਗੀ ਹੀ ਆਖਿਆ ਹੈ। ਉਸ ਦੀਆਂ ਸੱਧਰਾਂ ਰੀਝਾਂ ਤੇ ਸੁਪਨਿਆਂ ਨੂੰ ਹਮੇਸ਼ਾ ਮਸਲਿਆ ਹੀ ਗਿਆ ਹੈ। ਉਸ ਨੂੰ ਕਮਜ਼ੋਰ ਤੇ ਨਿਤਾਣੀ ਰੱਖਣ ਲਈ ਉਸਨੂੰ ਤਾਕਤ ਪ੍ਰਦਾਨ ਕਰਨ ਵਾਲੀਆਂ ਚੀਜ਼ਾਂ ਦੇ ਸੇਵਨ ਤੋਂ ਰੋਕਿਆ ਗਿਆ ਹੈ। ਜੇਕਰ ਉਹ ਮਰਦਾਂ ਦੀ ਖ਼ੁਰਾਕ ਖਾਵੇਗੀ ਤਾਂ ਮਰਦਾਂ ਜਿੰਨੀ ਬਲਵਾਨ ਹੋ ਜਾਵੇਗੀ। ਇਸ ਕਰਕੇ ਮੀਟ ਤੇ ਦਾਰੂ ਉਸ ਲਈ 'ਪਾਪੀ ਭੋਜਨ' ਗਰਦਾਨੇ ਗਏ। ਖ਼ੁਸ਼ੀ ਦੀ ਗੱਲ ਹੈ ਕਿ ਅੱਜ ਪੱਛਮੀ ਸਭਿਅਤਾ ਦੇ ਅਸਰ ਅਧੀਨ ਸਾਡੀਆਂ ਉੱਚ ਘਰਾਣਿਆਂ ਦੀਆਂ ਔਰਤਾਂ ਹਰ ਤਰ੍ਹਾਂ ਦੀਆਂ ਖੁੱਲ੍ਹਾਂ ਮਾਨਣ ਲੱਗ ਪਈਆਂ ਹਨ। ਸਮਾਜ ਖੁੱਲ੍ਹਾਂ ਦਿੰਦਾ ਨਹੀਂ, ਸਗੋਂ ਉਸ ਕੋਲੋਂ ਖੁੱਲ੍ਹਾਂ ਵਾਪਿਸ ਲਈਆਂ ਜਾਂਦੀਆਂ ਹਨ। ਸਾਡਾ ਦੌਲਤ ਮੁਖੀ ਸੱਭਿਆਚਾਰ ਹੈ। ਇਹੀ ਸਮਾਜ ਅਮੀਰਾਂ ਦਾ ਜ਼ਰ ਖ਼ਰੀਦ ਅਤੇ ਸੰਤਾਂ ਫ਼ਕੀਰਾਂ ਦਾ ਘੜੰਮ ਚੌਧਰੀ।

ਜੇਕਰ ਇਨ੍ਹਾਂ ਦੋਹਾਂ ਸ਼ਕਤੀਆਂ ਦਾ ਸਾਡੇ ਜੀਵਨ ਵਿਚ ਸੰਗਮ ਹੋ ਜਾਵੇ ਤਾਂ ਸਾਡੀ ਸੰਸਾਰਿਕ ਯਾਤਰਾ ਵੀ ਫੁੱਲਾਂ ਦੀ ਸੇਜ ਬਣ ਸਕਦੀ ਹੈ। ਸਾਡੇ ਸਮਾਜ ਦੇ ਘੜੱਮ ਚੌਧਰੀਆਂ ਦੀ ਇਹ ਸੋਚੀ ਸਮਝੀ ਸਾਜਿਸ਼ ਹੈ ਕਿ ਇਨ੍ਹਾਂ ਦੋਹਾਂ ਧਿਰਾਂ (ਦਾਰੂ ਤੇ ਔਰਤ) ਦੇ ਸਿੰਗ ਫਸੇ ਰਹਿਣ। ਇਹ ਇਕ ਦੂਜੇ ਦੇ ਨੇੜੇ ਨਾ ਢੁਕ ਸਕਣ। ਆਪਣੇ ਮਹਿਦੂਦ ਦਾਇਰਿਆਂ ਵਿਚ ਸਾਡੇ ਇਹ ਚੌਧਰੀ ਦਾਰੂ ਤੇ ਔਰਤ ਦੀ ਕਿਸ਼ਤੀ ਵਿਚ ਇਕੱਠੇ ਸਵਾਰ ਨਜ਼ਰ ਆਉਂਦੇ ਹਨ। ਇਹ ਇਨ੍ਹਾਂ ਬਿਨਾਂ ਜੀਅ ਨਹੀਂ ਸਕਦੇ। ਜਿਹੜੀਆਂ ਵਸਤੂਆਂ ਇਨ੍ਹਾਂ ਲਈ ਹਲਾਲ ਹਨ, ਲੋਕਾਂ ਲਈ ਹਰਾਮ ਹਨ। ਇਨ੍ਹਾਂ ਲਈ ਵਰ ਤੇ ਲੋਕਾਂ ਲਈ ਸਰਾਪ ਹਨ। ਦਾਰੂ ਤੇ ਔਰਤ ਖ਼ਿਲਾਫ਼ ਸੌ ਭਰਮ ਭੁਲੇਖੇ ਪੈਦਾ ਕਰਕੇ, ਉਨ੍ਹਾਂ ਨੂੰ ਫਿੱਕਾ, ਬਕਬਕਾ ਤੇ ਗ਼ੈਰ ਕੁਦਰਤੀ ਜੀਵਨ ਬਸਰ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਔਰਤ ਨੂੰ ਇਕ ਨਸ਼ਾ ਕਹਿਣਾ, ਔਰਤ ਦੀ ਉਪਮਾ ਨਹੀਂ, ਨਿਰਾਦਰੀ ਹੈ। ਹਕੀਕਤ ਇਹ ਹੈ ਕਿ ਜੇਕਰ ਔਰਤ ਨੂੰ ਮਰਦ ਦਾ ਭਰਪੂਰ ਸਾਥ ਮਿਲੇਗਾ ਤਾਂ ਇਹ ਇਕ ਦੂਜੇ ਲਈ ਨਸ਼ੀਲੇ ਪਦਾਰਥ ਹੋ ਸਕਦੇ ਹਨ। ਜੇਕਰ ਆਦਮੀ ਗ਼ਮ ਗ਼ਲਤ ਕਰਨ ਲਈ ਦਾਰੂ ਦੀ ਬਾਂਹ ਫੜ ਸਕਦਾ ਹੈ ਤਾਂ ਔਰਤ ਦੇ ਗ਼ਮ ਕਿਹੜੇ ਘੱਟ ਹੁੰਦੇ ਨੇ। ਉਹ ਤਾਂ ਗ਼ਮਾਂ ਦੀ ਗੁਥਲੀ ਹੈ। ਉਸਦੇ ਵੀ ਜੇਕਰ 'ਗ਼ਮ ਗਲ਼ਤ' ਹੋ ਜਾਣ ਉਹ ਕਈ ਨਾਮੁਰਾਦ

ਮਾਨਸਿਕ ਤੇ ਸਰੀਰਕ ਉਲਝਣਾਂ ਤੋਂ ਸੁਰਖਰੂ ਹੋ ਸਕਦੀ ਹੈ। ਪਰ ਸਾਡੇ ਸਮਾਜ ਨੇ ਔਰਤ ਦੀਆਂ ਰੀਝਾਂ ਤੇ ਸੱਧਰਾਂ ਦਾ ਹਮੇਸ਼ਾ ਮਜ਼ਾਕ ਉਡਾਇਆ ਹੈ ਤੇ ਉਸ ਨੂੰ ਇਕ ਘਟੀਆ ਦਰਜੇ ਦਾ ਜੀਵਨ ਬਸਰ ਕਰਨ ਲਈ ਮਜਬੂਰ ਕੀਤਾ ਹੈ। ਇਹ ਬਦਮਾਸ਼ੀ ਵੇਦਾਂ ਉਪਨਿਸ਼ਦਾਂ ਦੇ ਵੇਲਿਆਂ ਤੋਂ ਚੱਲੀ ਆ ਰਹੀ ਹੈ।

'ਨਸ਼ੇ ਦੀਏ ਬੰਦ ਬੋਤਲੇ ਤੈਨੂੰ ਪੀਣਗੇ ਨਸੀਬਾਂ ਵਾਲੇ।' ਇਹ ਅਲਫਾਜ਼ ਕਿਸੇ ਨੇ ਆਸ਼ਕੀ ਅੰਦਾਜ਼ ਵਿਚ ਕਹੇ ਹੋਣਗੇ। ਇਸਦੇ ਨਾਲ ਨਾਲ ਇਹ ਵੀ ਕਿਹਾ ਜਾ ਸਕਦਾ ਸੀ—"ਨਸ਼ੇ ਦਿਆ ਬੰਦ ਢੱਕਣਾ, ਤੈਨੂੰ ਖੋਲ੍ਹਣਗੀਆਂ ਨਸੀਬਾਂ ਵਾਲੀਆਂ।" ਹੀਰ ਨੂੰ ਰਾਂਝਾ ਨਸ਼ੇ ਦੀ ਬੋਤਲ ਹੀ ਲੱਗਦਾ ਹੋਵੇਗਾ। ਸੋਹਣੀ ਮਹੀਂਵਾਲ ਨੂੰ ਝਨਾਂ ਵਿਚ ਨਸ਼ੇ ਦਾ ਘੜਾ ਹੀ ਸਮਝਦੀ ਹੋਵੇਗੀ, ਜਿਸਦੇ ਸਹਾਰੇ ਉਹ ਇਸ਼ਕ ਦਾ ਝਨਾ ਪਾਰ ਕਰਦੀ ਸੀ। ਔਰਤ ਤੇ ਮਰਦ ਇਕੋ ਸਿੱਕੇ ਦੇ ਦੋ ਪਾਸੇ ਹਨ। ਸਮਾਜ ਦੀਆਂ ਰੀਤਾਂ ਨੂੰ ਪ੍ਰੀਤਾਂ ਵਾਲੇ ਟਿੱਚ ਜਾਣਦੇ ਹਨ। ਸਮਾਜ ਦੀਆਂ ਖੜ੍ਹੀਆਂ ਕੀਤੀਆਂ ਇਨ੍ਹਾਂ ਰੋਕਾਂ ਰੁਕਾਵਟਾਂ ਨੂੰ ਦਾਰੂ ਢਹਿ ਢੇਰੀ ਕਰਨ ਦੀ ਅਹਿਮ ਭੂਮਿਕਾ ਨਿਭਾਉਂਦਾ ਹੈ। ਔਰਤ ਤੇ ਮਰਦ ਦੋਵੇਂ ਇਕ ਦੂਜੇ ਲਈ ਨਸ਼ੀਲੇ ਪਦਾਰਥ ਹਨ ਤੇ ਦਾਰੂ ਇਨ੍ਹਾਂ ਨੂੰ ਹੋਰ ਤੀਬਰ ਕਰਨ ਤੇ ਪਹਿਚਾਨਣ ਵਿਚ ਸਹਾਈ ਹੁੰਦੀ ਹੈ।

ਧਰਤੀ ਦੇ ਇਕ ਖਿੱਤੇ ਵਿਚ ਜਿਹੜੀ ਰੀਤ ਤੇ ਰਿਵਾਜ ਮਕਬੂਲ ਤੇ ਹਰਮਨ ਪਿਆਰਾ ਹੋਵੇ, ਉਹ ਦੂਜੇ ਖਿੱਤੇ ਵਿਚ ਗੁਨਾਹ ਜਾਂ ਗ਼ਲਤ ਕਿਵੇਂ ਹੋ ਸਕਦਾ ਹੈ ? ਪੱਛਮੀ ਸਮਾਜ ਵਿਚ ਔਰਤ ਨੇ ਮੋਢੇ ਨਾਲ ਮੋਢਾ ਜੋੜ ਕੇ ਮਰਦ ਨਾਲ ਸਹਿਯੋਗ ਕਰਕੇ, ਮਨੁੱਖੀ ਜੀਵਨ ਨੂੰ ਰੰਗੀਨ ਤੇ ਖ਼ੁਸ਼ਹਾਲ ਬਣਾਇਆ ਹੈ। ਉਥੇ ਔਰਤਾਂ ਪੱਬਾਂ ਤੇ ਮਹਿਖ਼ਾਨਿਆਂ ਦੀਆਂ ਮਾਲਿਕ ਹਨ। ਉਨ੍ਹਾਂ ਨੂੰ ਸਮਾਜ ਵਿਚ ਕਿਸੇ ਕਿਸਮ ਦੀ ਮਨਾਹੀ ਨਹੀਂ ਹੈ। ਸਾਡੇ ਸਮਾਜ ਵਿਚ ਮਰਦਾਂ ਨੇ ਚਤੁਰਾਈ ਨਾਲ ਔਰਤਾਂ ਲਈ ਕੰਮ ਤੇ ਕਿੱਤੇ ਨਿਰਧਾਰਤ ਕੀਤੇ ਹਨ। ਉਸਨੇ ਕੀ ਖਾਣਾ, ਪੀਣਾ ਤੇ ਪਹਿਨਣਾ ਹੈ, ਮਰਦਾਂ ਨੇ ਚੋਣ ਕੀਤੀ ਹੈ। ਜਿਸ ਔਰਤ ਨੇ ਸਾਡੇ ਮਰਦਾਂ ਨਾਲ ਮਿਲ ਕੇ ਦੂਣ ਸਵਾਈਆਂ ਬਰਕਤਾਂ ਵਿਚ ਵਾਧਾ ਕਰਨਾ ਸੀ, ਉਸਦਾ ਅਸੀਂ ਕਲੱਚ ਨੱਪੀ ਬੈਠੇ ਹਾਂ। ਸਮਾਜ ਦੀ ਖ਼ੁਸ਼ਹਾਲੀ ਲਈ ਔਰਤ ਨੂੰ ਰਿਹਾ ਕਰਨਾ ਪਵੇਗਾ। ਸਾਡੇ ਹੀ ਮੁਲਕ ਵਿਚ ਜੇਕਰ ਗੋਆ ਤੇ ਕੇਰਲ ਵਿਚ ਔਰਤਾਂ ਮਹਿਖ਼ਾਨਿਆਂ ਦੀ ਸਾਕੀ ਬਣ ਸਕਦੀਆਂ ਹਨ ਅਤੇ ਉਨ੍ਹਾਂ ਦੇ ਅਦਾਰੇ ਚੈਨ ਪੂਰਵਕ ਚੱਲ ਰਹੇ ਹਨ ਤਾਂ ਸਾਰੇ ਮੁਲਕ ਵਿਚ ਅਜਿਹਾ ਕਿਉਂ ਨਹੀਂ ਹੋ ਸਕਦਾ ? ਦਾਰੂ ਤੇ ਔਰਤ ਨਾਲ ਨਾਲ ਵੀ ਚੱਲ ਸਕਦੇ ਹਨ।

ਅੱਜ ਵੀ ਬਹੁਤੇ ਖੇਤਰਾਂ ਵਿਚ, ਸਾਡੀਆਂ ਔਰਤਾਂ ਮਹਿਖ਼ਾਨਿਆਂ ਅੱਗੋਂ ਊਂਦੀ ਪਾ ਕੇ ਲੰਘਦੀਆਂ ਹਨ। ਉਨ੍ਹਾਂ ਲਈ ਅਜਿਹੀਆਂ ਥਾਵਾਂ ਵਰਜਿਤ ਸਥਾਨ ਹਨ। ਮੈਅ ਜਾਂ ਮਹਿਖ਼ਾਨਿਆਂ ਦਾ ਜ਼ਿਕਰ ਕਰਨ ਨਾਲ ਹੀ ਉਹ ਭਿੱਟੀਆਂ ਜਾਂਦੀਆਂ ਹਨ। ਔਰਤ ਬੇਖ਼ੌਫ਼ ਹੋ ਕੇ ਸ਼ਰੇਆਮ ਦਾਰੂ ਦਾ ਸੇਵਨ ਨਹੀਂ ਕਰ ਸਕਦੀ। ਲੋਕਾਂ ਦੀਆਂ ਨਜ਼ਰਾਂ ਤੇ ਉਂਗਲਾਂ ਉਸ ਨੂੰ ਬੇਚੈਨ ਤੇ ਬੁਖਲਾ ਸਕਦੀਆਂ ਹਨ। ਜੇਕਰ ਕੋਈ ਮਰਦ ਸ਼ਰੇਆਮ ਜਾਮ ਛਲਕਾਵੇ ਤਾਂ ਉਸਦੀ ਬੀਵੀ ਜਾਂ ਮਾਂ ਭੈਣ ਉਸ ਨੂੰ ਅਜਿਹਾ ਕਰਨ ਤੋਂ ਵਰਜ ਨਹੀਂ

ਸਕਦੀ। ਮਰਦਾਂ ਨੇ ਇਹ ਖੁੱਲ੍ਹ ਆਪਣੀ ਹੈਂਕੜਬਾਜ਼ੀ ਨਾਲ ਹਥਿਆਈ ਹੈ। ਸਾਡੀ ਸੋਚ ਅਨੁਸਾਰ ਖਾਣ-ਪੀਣ, ਪਹਿਨਣ, ਸੋਚਣ, ਪਰਖਣ ਅਤੇ ਫਿਰਨ ਤੁਰਨ ਦੇ ਸੰਬੰਧ ਵਿਚ ਔਰਤ ਤੇ ਮਰਦ ਵਿਚ ਇਕਸਾਰਤਾ ਹੋਣੀ ਚਾਹੀਦੀ ਹੈ। ਦੋਹਾਂ ਦੀ ਮੰਜ਼ਿਲ ਇਕ ਹੈ। ਉਨ੍ਹਾਂ ਨੂੰ ਵਿਪਰੀਤ ਦਿਸ਼ਾਵਾਂ ਵੱਲ ਨਹੀਂ ਤੁਰਨਾ ਚਾਹੀਦਾ।

ਦਾਰੂ ਤੇ ਔਰਤ ਸ਼ਾਇਰਾਂ ਦੀ ਜਿੰਦ-ਜਾਨ ਹੈ। ਇਨ੍ਹਾਂ ਦੋਹਾਂ ਦੇ ਸੰਗ ਸਾਥ ਸਦਕਾ, ਉਨ੍ਹਾਂ ਨੇ ਅਮਰ ਸ਼ਾਇਰੀ ਦਾ ਨਿਰਮਾਣ ਕੀਤਾ ਹੈ। ਸ਼ਾਇਰ ਹਮੇਸ਼ਾ ਦਾਰੂ ਦੇ ਖੱਬੇ ਸੱਜੇ ਰਹੇ ਹਨ। ਜਦੋਂ ਵੀ ਸਮਾਜ ਨੇ ਮਰਦ ਨੂੰ ਮੰਝਧਾਰ ਵਿਚ ਠੇਲਿਆ ਹੈ ਤਾਂ ਉਸ ਨੇ ਦਾਰੂ ਦਾ ਹੀ ਸਹਾਰਾ ਲਿਆ ਹੈ। ਔਰਤ ਵੀ ਅਜਿਹਾ ਸਹਾਰਾ ਲੈ ਕੇ ਆਪਣੇ ਆਪ ਨੂੰ ਕਿਸੇ ਅਣ-ਸੁਖਾਵੀਂ ਸਥਿਤੀ ਵਿਚੋਂ ਬਾਹਰ ਕੱਢ ਸਕਦੀ ਹੈ। ਜੇਕਰ ਇਹ ਦੋਵੇਂ ਸ਼ਕਤੀਆਂ ਇਕ ਦੂਜੇ ਦੀਆਂ ਸਖੀਆਂ ਸਹੇਲੀਆਂ ਬਣ ਜਾਣ ਤਾਂ ਉਹ ਮਰਦ ਨੂੰ ਵੀ ਆਪਣੇ ਸੰਗ ਜੋੜ ਕੇ, ਮਨੁੱਖੀ ਜੀਵਨ ਨੂੰ ਨਵੀਆਂ ਬੁਲੰਦੀਆਂ ਤਕ ਲਿਜਾ ਸਕਦੀਆਂ ਹਨ।

ਦੁਨੀਆ ਦੇ ਸਿਰ ਭਸਣ ਪਾ ਕੇ, ਕੁਲ ਸਿਆਪੇ ਛੱਡ ਛਡਾ ਕੇ।
'ਤੇਰੇ' ਦਵਾਰੇ 'ਤੇ ਆ ਬੈਠਾਂ, ਲੈ ਚੱਲ ਜਿਥੇ ਉਂਗਲੀ ਲਾ ਕੇ।

• •

ਦਾਰੂ ਤੇ ਸਿਹਤ

ਦੁਨੀਆ ਵਿਚ ਹਰ ਸ਼ਖ਼ਸ ਆਪਣਾ ਰਾਗ ਅਲਾਪਦਾ ਹੈ। ਹਰੇਕ ਨੂੰ ਆਪਣੀ ਸੁਰ ਹੀ ਸੁਰੀਲੀ ਲੱਗਦੀ ਹੈ। ਹਰੇਕ ਦੀ ਆਪਣੀ ਆਪਣੀ ਵਿਚਾਰਧਾਰਾ ਤੇ ਦ੍ਰਿਸ਼ਟੀਕੋਣ ਹਨ। ਕਿਸੇ ਲਈ ਮਹਾਂ ਮੁਆਫਕ ਤੇ ਕਿਸੇ ਲਈ ਬਾਦੀ ਹਨ। ਆਪਣੇ ਦਹੀਂ ਨੂੰ ਸ਼ਹਿਦ ਵਰਗਾ ਮਿੱਠਾ ਤੇ ਦੂਜੇ ਨੂੰ ਖੱਟਾ-ਟੀਟ। ਕੋਈ ਵੀ ਵਸਤੂ ਅੰਤਮ ਰੂਪ ਸਹੀ ਜਾਂ ਗ਼ਲਤ ਨਹੀਂ ਹੋ ਸਕਦੀ। ਦਾਅਵੇ ਭਾਵੇਂ ਕੀਤੇ ਜਾਂਦੇ ਹਨ ਪਰ ਉਹ ਥੋਥੇ ਵੀ ਹੋ ਸਕਦੇ ਹਨ।

ਜਿਸ ਬੰਦੇ ਨੂੰ ਦਾਰੂ ਪਚਦਾ ਜਾਂ ਜਚਦਾ ਨਹੀਂ, ਉਹ ਇਸ ਦੇ ਖਿਲਾਫ਼ ਖਲੋ ਜਾਂਦਾ ਹੈ। ਹੱਥ ਨਾ ਅੱਪੜੇ ਥੂਹ ਕੌੜੀ। ਉਠਿਆ ਜਾਵੇ ਨਾ, ਫਿਟੇ ਮੂੰਹ ਗੋਡਿਆਂ ਦਾ। ਭਾਵੇਂ ਕਿਸੇ ਦੀ ਬਰਖ਼ਿਲਾਫ਼ੀ ਦਾ ਕਾਰਨ ਨਿੱਜੀ ਹੀ ਹੋਵੇ, ਉਹ ਉਸ ਨੂੰ ਕੁਦਰਤ ਦਾ ਕਾਨੂੰਨ ਕਹਿ ਕੇ ਪੇਸ਼ ਕਰਦਾ ਹੈ। ਇਸੇ ਤਰ੍ਹਾਂ ਜੇਕਰ ਦਾਰੂ ਕਿਸੇ ਨੂੰ ਪਚਦੀ ਹੈ ਤੇ ਪੀ ਕੇ ਖ਼ੁਸ਼ੀ ਛਾਅ ਜਾਂਦੀ ਹੈ ਤਾਂ ਉਹ ਉਸ ਨੂੰ ਚੌਦਵਾਂ ਰਤਨ ਕਹਿ ਕੇ ਇਸ ਦੀਆਂ ਸਿਫ਼ਤਾਂ ਕਰਦਾ ਨਹੀਂ ਥੱਕਦਾ। ਦਾਰੂ ਦੀ ਉਪਮਾ ਜਾਂ ਨਿੰਦਿਆ ਕਰਨੀ ਦੋਵੇਂ ਉਲਾਰੂ ਤੇ ਜਜ਼ਬਾਤੀ ਗੱਲਾਂ ਹਨ ਅਤੇ ਸੱਚਾਈ ਤੋਂ ਕੋਹਾਂ ਦੂਰ ਹਨ। ਦਾਰੂ ਨੂੰ ਸੱਭੇ ਦੁੱਖਾਂ ਦੀ ਦਵਾ ਕਹਿਣਾ ਅਤਿਕਥਨੀ ਹੈ। ਇਵੇਂ ਇਹਨੂੰ ਜ਼ਹਿਰ ਕਹਿਣਾ ਵੀ ਨਿਰੋਲ ਭਾਵਕਤਾ ਹੈ।

ਹਕੀਕਤ ਇਹ ਹੈ ਕਿ ਦਾਰੂ ਨਾਲ ਹੀ ਪੇਟ ਦਰਦ ਹੁੰਦੀ ਹੈ ਤੇ ਹਟਦੀ ਵੀ ਇਸੇ ਨਾਲ ਹੈ। ਸਿਰ ਦਰਦ ਵੀ ਇਸੇ ਨਾਲ ਹੁੰਦੀ ਹੈ ਤੇ ਦੂਰ ਵੀ ਇਸੇ ਕੰਬਖ਼ਤ ਨਾਲ। ਚਿਤ ਵੀ ਕੱਚਾ ਇਸ ਨਾਲ ਹੀ ਹੁੰਦਾ ਹੈ ਤੇ ਖਿੜਦਾ ਵੀ ਇਸੇ ਨਾਲ ਹੈ। ਤਮਾਮ ਬਿਮਾਰੀਆਂ ਦੀ ਜੜ੍ਹ ਵੀ ਇਹੀ ਹੈ ਤੇ ਇਲਾਜ ਵੀ। ਵਰ ਵੀ ਇਹੀ ਹੈ ਤੇ ਸਰਾਪ ਵੀ। ਜ਼ਹਿਰ ਵੀ ਇਹੀ ਤੇ ਅੰਮ੍ਰਿਤ ਵੀ। ਸ਼ੇਰਨੀ ਦਾ ਦੁੱਧ ਵੀ ਇਹਨੂੰ ਆਖਦੇ ਹਨ ਤੇ ਸ਼ਰਾਰਤੀ ਪਾਣੀ ਵੀ। ਅਜਿਹੀ ਹਾਲਤ ਵਿਚ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਦਾਰੂ ਮਨੁੱਖਤਾ ਲਈ ਘਾਤਕ ਹੈ ਜਾਂ ਲਾਹੇਵੰਦ ? ਦਰਅਸਲ ਗ਼ਲਤ ਨਜ਼ਰੀਏ ਨਾਲ ਵੇਖਿਆਂ ਜਾਂ ਵਰਤਿਆਂ ਲਾਹੇਵੰਦੀ ਵਸਤੂ ਹੀ ਹੱਢਾਂ ਦਾ ਖੌਅ ਬਣ ਸਕਦੀ ਹੈ।

ਯਕੀਨਨ ਦਾਰੂ ਇਕ ਕਿਸਮ ਦੀ ਦਵਾਈ ਜਾਂ ਗਿਜ਼ਾ ਹੈ। ਇਸ ਨੂੰ ਆਮ ਖ਼ੁਰਾਕ ਵਾਂਗ ਨਹੀਂ ਖਾਧਾ ਜਾ ਸਕਦਾ। ਨਾ ਹੀ ਪਾਣੀ ਵਾਂਗ ਪੀਤਾ ਜਾ ਸਕਦਾ ਹੈ। ਇਸਦੇ ਤਮਾਮ ਫਾਇਦੇ ਇਸ ਨੂੰ ਇਕ ਖ਼ਾਸ ਮਾਤਰਾ ਵਿਚ ਸੇਵਨ ਕਰਨ ਵਿਚ ਹੀ ਹਨ। ਕੋਈ ਦਵਾਈ ਵੀ ਬਿਲਫਰਜ਼ ਵੱਧ ਘੱਟ ਖਾਧੀ ਜਾਵੇ ਤਾਂ ਉਹ ਕਈ ਕਿਸਮ ਦੇ ਵਿਗਾੜ ਪੈਦਾ ਕਰਦੀ ਹੈ। ਇਸੇ ਤਰ੍ਹਾਂ ਸਹੀ ਮਾਤਰਾ ਜਾਂ ਮਿਕਦਾਰ ਨਾਲ ਪੀਤੀ ਦਾਰੂ ਕਈ

ਰੋਗਾਂ ਨੂੰ ਕੱਟਦੀ ਹੈ ਤੇ ਕਈ ਨਿਆਮਤਾਂ ਤੁਹਾਡੀ ਝੋਲੀ ਪਾਉਂਦੀ ਹੈ। ਇਸ ਦੇ ਨੇਮ ਤੇ ਨਿਯਮਾਂ ਦੀ ਅਵੱਗਿਆ ਕਰਨ ਵਾਲੇ, ਸਹਿਜੇ ਹੀ ਕਈ ਬਲਾਵਾਂ ਤੇ ਆਫਤਾਂ ਨੂੰ ਨਿਮੰਤਰਣ ਦਿੰਦੇ ਹਨ।

ਦਾਰੂ ਕਈ ਜ਼ਰੂਰੀ ਦਵਾਈਆਂ ਵਿਚ ਪੈਂਦੀ ਹੈ। ਹੋਮਿਉਪੈਥੀ ਵਿਚ ਤਾਂ ਸਭਨਾਂ ਦਵਾਈਆਂ ਦਾ ਆਧਾਰ ਤੇ ਮਾਧਿਅਮ ਹੀ ਦਾਰੂ ਹੈ। ਆਯੁਰਵੈਦ ਵਿਚ ਵੀ ਕਈ ਔਸ਼ਧੀਆਂ ਵਿਚ ਦਾਰੂ ਦਾ ਹੀ ਪ੍ਰਯੋਗ ਹੁੰਦਾ ਹੈ। ਇਹ ਡਾਕਟਰੀ ਦੁਨੀਆ ਵਿਚ ਕੋਈ ਓਪਰੀ ਚੀਜ਼ ਨਹੀਂ। ਹਰਮਨ ਪਿਆਰੀ ਹੈ। ਦਾਰੂ ਵੈਸੇ ਵੀ ਕੀਟ ਨਾਸ਼ਕ ਹੋਣ ਕਰਕੇ ਕਈਆਂ ਟਾਨਿਕਾਂ ਦਾ ਮਾਧਿਅਮ ਬਣਦਾ ਹੈ। ਇਹ ਕਈਆਂ ਔਰਾਂ ਤੇ ਤਕਲੀਫ਼ਾਂ ਨੂੰ ਹੀ ਜੰਮਣ ਤੋਂ ਪਹਿਲਾਂ ਹੀ ਨਾਸ਼ ਕਰ ਦਿੰਦਾ ਹੈ। ਛੂਤ ਦੀ ਬਿਮਾਰੀਆਂ ਤੇ ਹਵਾ ਤੋਂ ਲੱਗਣ ਵਾਲੀਆਂ ਤਕਲੀਫ਼ਾਂ ਵਿਚ ਇਹ ਬਿਮਾਰੀ ਸ਼ੁਰੂ ਹੁੰਦਿਆਂ ਹੀ ਉਸ ਨੂੰ ਧੌਣੋਂ ਫੜ ਕੇ ਮਸਲ ਦਿੰਦਾ ਹੈ। ਪਾਣੀ ਤੇ ਗ਼ਲਤ ਭੋਜਨ ਖਾਣ ਨਾਲ ਪੈਦਾ ਹੋਏ ਰੋਗਾਂ ਨੂੰ ਦਾਰੂ ਪਹਿਲੀ ਪੇਸ਼ੀ ਵਿਚ ਹੀ ਮਰੋੜ ਸੁੱਟਦਾ ਹੈ। ਆਮ ਤੌਰ ’ਤੇ ਵੇਖਿਆ ਗਿਆ ਹੈ ਕਿ ਸਹੀ ਢੰਗ ਨਾਲ ਦਾਰੂ ਪੀਣ ਵਾਲਿਆਂ ਨੂੰ ਬਿਮਾਰੀਆਂ ਲੱਗਦੀਆਂ ਵੀ ਘੱਟ ਹਨ। ਛੋਟੀ ਮੋਟੀ ਬਿਮਾਰੀ ਤਾਂ ਉਨ੍ਹਾਂ ਦੇ ਲਾਗੇ ਵੀ ਨਹੀਂ ਛਟਕਦੀ। ਮੌਸਮੀ ਬਿਮਾਰੀਆਂ ਦਾ ਦਾਰੂ ਪੀਣ ਵਾਲੇ ਵੇਲੇ ਸਿਰ ਟਾਕਰਾ ਕਰਨ ਦੀ ਸਮਰੱਥਾ ਰੱਖਦੇ ਹਨ।

ਦਾਰੂ ਦੇ ਬਹੁਤੇ ਨੁਕਸਾਨ, ਉਸਦੇ ਵਰਤਣ ਵਾਲਿਆਂ ਦੀਆਂ ਅਣਗਹਿਲੀਆਂ ਅਤੇ ਮਨਮਰਜ਼ੀਆਂ ਦਾ ਨਤੀਜਾ ਹਨ। ਨਲਾਇਕ ਤੇ ਨਾਮਾਕੂਲ ਬੰਦੇ ਤਾਂ ਰੋਟੀ ਪਾਣੀ ਵੀ ਸਹੀ ਢੰਗ ਨਾਲ ਨਹੀਂ ਖਾ ਸਕਦੇ। ਉਹ ਬਹੁਤਾ ਖਾ ਕੇ ਰਾਤੋ ਰਾਤ ਦਾਰਾ ਸਿੰਘ ਬਣਨ ਦੇ ਸੁਪਨੇ ਲੈਂਦੇ ਹਨ। ਲੋੜ ਤੋਂ ਦੂਣੀ ਖ਼ੁਰਾਕ ਖਾ ਕੇ, ਆਪਣੇ ਪੈਰੀਂ ਉਹ ਆਪ ਕੁਹਾੜਾ ਮਾਰਦੇ ਹਨ। ਕਈ ਮਾਈ ਦੇ ਲਾਲ ਤਾਂ ਪੀਣ ਵੇਲੇ ਝੜੀਆਂ ਲਗਾ ਦੇਂਦੇ ਹਨ। ਜਾਂ ਆਪ ਹੈਨੀ ਜਾਂ ਦਾਰੂ। ਕਈ ਗ਼ਲਤ ਫਹਿਮੀਆਂ ਵਿਚ ਉਹ ਹੱਦਾਂ ਬੰਨੇ ਟੱਪ ਜਾਂਦੇ ਹਨ ਤੇ ਮੌਤ ਨੂੰ ਮਾਸੀ ਆਖਣ ਤੱਕ ਜਾਂਦੇ ਹਨ। ਦਾਰੂ ਪੀਣ ਵਾਲੇ ਦੀ ‘ਬੁੱਧ ਸੁੱਧ’ ਦੀ ਕਸਵੱਟੀ ਹੈ। ਵੇਖਿਆ ਗਿਆ ਹੈ ਕਿ ਬਹੁਤਾ ਮਾੜੇ ਆਦਮੀ ਵਧੇਰੇ ਪੀਣ ਨਾਲ ਹੋਰ ਮਾੜੇ ਹੋ ਜਾਂਦੇ ਹਨ ਤੇ ਚੰਗੇ ਆਦਮੀ ਹੋਰ ਵਧੀਆ। ਪੇਂਡੂ ਮਹਿਫ਼ਲਾਂ ਜਾਂ ਸਮਾਗਮਾਂ ਵਿਚ ਕੋਈ ਨਾ ਕੋਈ ਡਿੱਗਾ ਢੱਠਾ ਨਜ਼ਰੀਂ ਪੈਂਦਾ ਹੈ ਪਰੰਤੂ ਸ਼ਹਿਰੀ ਮਾਹੌਲ ਵਿਚ ਬਹੁਤੇ ਅਕਲ ਦਾ ਪੱਲਾ ਫੜੀ ਰੱਖਦੇ ਹਨ ਤੇ ਕੋਈ ਬਦਮਗ਼ਜ਼ੀ ਪੈਦਾ ਨਹੀਂ ਕਰਦੇ। ਅਸਲ ਵਿਚ ਫਰਕ ਕੇਵਲ ਬੌਧਕ ਪੱਧਰ ਦਾ ਹੈ। ਉੱਚੀ ਪੱਧਰ ਵਾਲੇ ਲੋਕ ਵੱਧ ਘੱਟ ਪੀਣ ਦੇ ਬਾਵਜੂਦ ਥੰਮ ਵਾਂਗ ਡੋਲਦੇ ਢੱਠਦੇ ਨਹੀਂ ਪਰੰਤੂ ਨਿਊਨ ਤੇ ਮੋਟੀ ਮੱਤ ਵਾਲੇ ਸ਼ੌਕੀਨ ਘਾਹ ਫੂਸ ਦੀ ਕੁੱਲੀ ਵਾਂਗ ਝੱਟ ਉਲਰ ਜਾਂਦੇ ਹਨ। ਉਨ੍ਹਾਂ ਦੀ ਬੋਲੀ ਬਾਣੀ ਤੋਂ ਹੀ ਉਨ੍ਹਾਂ ਦੀ ਜੂਨ ਜਾਤ ਪਰਖੀ ਜਾਂਦੀ ਹੈ।

ਦੁਨੀਆ ਦੇ ਮਸ਼ਹੂਰ ਵਿਗਿਆਨੀ, ਡਾਕਟਰ ਤੇ ਸਰਜਨ ਪੀਣ ਦੇ ਸ਼ੌਕੀਨ ਹੋਏ ਹਨ। ਉਹ ਆਪ ਪੀਂਦੇ ਹਨ ਤੇ ਕਿਸੇ ਨੂੰ ਪੀਣ ਖਾਣ ਤੋਂ ਰੋਕਦੇ ਵੀ ਨਹੀਂ। ਕਿਉਂਕਿ ਖਾਣ ਵਾਲੀਆਂ ਵਸਤੂਆਂ ਦਾ ਗ਼ਲਤ ਇਸਤੇਮਾਲ ਹੀ ਸਿਹਤ ਵਿਚ ਗੜਬੜ ਕਰਦਾ

ਹੈ। ਇਹ ਲੋਕ ਸਾਰਾ ਦਿਨ ਆਪਣੇ ਧੰਦੇ ਵਿਚ ਵਿਅਸਤ ਰਹਿੰਦੇ ਹਨ। ਉਨ੍ਹਾਂ ਨੂੰ ਸਿਰ ਖੁਰਕਣ ਦੀ ਵਿਹਲ ਨਹੀਂ ਹੁੰਦੀ। ਆਪਣੇ ਮਰੀਜ਼ਾਂ ਤੋਂ ਫਾਰਗ ਹੋ ਕੇ ਇਹ ਲੋਕ ਆਪਣੇ ਅਕੇਵੇਂ ਥਕੇਵੇਂ ਤੇ ਗ਼ਮ ਗ਼ਲਤ ਕਰਨ ਲਈ ਦਾਰੂ ਦੇ ਦਸਤਕ ਦਿੰਦੇ ਹਨ। ਇਸ ਤਰ੍ਹਾਂ ਇਹ ਲੋਕ ਦਾਰੂ ਨਾਲ ਚਾਰਜ ਹੋ ਕੇ ਫਿਰ ਆਪਣੇ ਕੰਮ ਨੂੰ ਦੂਣੀ ਲਗਨ ਤੇ ਫੁਰਤੀ ਨਾਲ ਅੰਜ਼ਾਮ ਦੇਂਦੇ ਹਨ। ਜੇਕਰ ਇਨ੍ਹਾਂ ਬੁੱਧੀਜੀਵੀਆਂ ਨੂੰ ਦਾਰੂ ਨਾਲ ਕੋਈ ਹਰਜ਼ ਮਰਜ ਹੁੰਦੀ ਹੋਵੇ ਤਾਂ ਇਹ ਉਸ ਤੋਂ ਤੋਬਾ ਨਾ ਕਰ ਜਾਣ। ਇਹ ਲੋਕ ਸਦੀਆਂ ਤੋਂ ਪੀ ਰਹੇ ਹਨ।

ਡਾਕਟਰ ਲੋਕ ਤਾਂ ਅੱਜ ਕੱਲ੍ਹ ਦੀ ਚਿੰਤਾਵਾਂ ਭਰੀ ਜ਼ਿੰਦਗੀ ਵਿਚ, ਦਿਲ ਨੂੰ ਅਰੋਗ ਤੇ ਚਿੰਤਾ ਮੁਕਤ ਰੱਖਣ ਲਈ ਇਕ ਦੋ ਹਾੜੇ ਪੀਣ ਦਾ ਮਸ਼ਵਰਾ ਦੇਂਦੇ ਹਨ। ਸਾਡੇ ਸੰਸੇ ਤੇ ਭੈਅ ਸਾਨੂੰ ਭੂਤ ਬਣ ਕੇ ਚੰਬੜੇ ਰਹਿੰਦੇ ਹਨ। ਇਨ੍ਹਾਂ ਦਾ ਲਗਾਤਾਰ ਚੰਮੜੇ ਰਹਿਣਾ ਖ਼ਤਰੇ ਤੋਂ ਖ਼ਾਲੀ ਨਹੀਂ ਹੁੰਦਾ। ਦਿਲ ਨੂੰ ਕੰਮਾਂ ਕਾਰਾਂ ਦੀਆਂ ਉਲਝਣਾਂ ਤੇ ਝੰਜਟਾਂ ਵਿਚੋਂ ਸੁਰਖਰੂ ਕਰਨ ਲਈ ਡਾਕਟਰ ਆਪਣੇ ਮਰੀਜ਼ਾਂ ਨੂੰ ਇਕ ਦੋ ਪੈੱਗ ਡਰਿੰਕ ਦੇ ਰੋਜ਼ ਲੈਣ ਦੀ ਅਮੋਲ ਸਲਾਹ ਦਿੰਦੇ ਹਨ। ਰਾਤ ਵੇਲੇ ਰੰਮ ਦੇ ਇਕ ਦੋ ਪੈੱਗ ਬੁੱਢਿਆਂ ਤੇ ਕਮਜ਼ੋਰਾਂ ਦਾ ਵਾਲ ਵਿੰਗਾ ਨਹੀਂ ਹੋਣ ਦੇਂਦੇ। ਸਰਦੀ ਤੋਂ ਬਚਾਈ ਰੱਖਦੇ ਹਨ। ਬੀਅਰ ਗਰਮੀ ਤੋਂ ਦੂਰ ਰੱਖਦੀ ਹੈ ਤੇ ਵਾਈਨ ਤਾਂ ਸਿਹਤ ਦੇ ਨਾਲ ਨਾਲ ਗੱਲ੍ਹਾਂ ਵੀ ਗੁਲਾਬੀ ਕਰਨ ਦੀ ਤਾਕਤ ਰੱਖਦੀ ਹੈ। ਕਈ ਵਾਰ ਲੋਕ ਧਰਮ ਦੀਆਂ ਪਾਬੰਦੀਆਂ ਕਾਰਨ ਡਾਕਟਰ ਦੀ ਸਲਾਹ ਨਹੀਂ ਗੌਲਦੇ ਤੇ ਜੀਵਨ ਵਿਚ ਕਸ਼ਟ ਉਠਾਉਂਦੇ ਹਨ। ਵੇਖਿਆ ਜਾਵੇ ਤਾਂ ਸਿਹਤ ਨਾਲੋਂ ਕਿਹੜੀ ਚੀਜ਼ ਵਧੇਰੇ ਜ਼ਰੂਰੀ ਹੁੰਦੀ ਹੈ ?

ਅਮਰੀਕਾ ਦੇ ਇਕ ਸਰਜਨ ਡਾ. ਵਿਲੀਅਮ ਪਾਲ ਨੇ ਮਨੁੱਖ ਦੀ ਲੰਮੀ ਉਮਰ ਲਈ ਵਾਸਤੇ ਤਿੰਨ ਸੱਸਿਆਂ ਬਾਰੇ ਜ਼ਿਕਰ ਕੀਤਾ ਹੈ, ਜਿਨ੍ਹਾਂ ਨਾਲ ਮਨੁੱਖਾਂ ਦੀ ਆਯੂ ਲੰਮੀ ਤੇ ਖ਼ੁਸ਼ਹਾਲ ਹੁੰਦੀ ਹੈ। ਉਹ ਹਨ—ਸੈਕਸ, ਸਕਾਚ ਤੇ ਸਲਾਦ। ਸਕਾਚ ਇਕ ਵਧੀਆ ਦਾਰੂ ਹੈ, ਜਿਸ ਨੂੰ ਪ੍ਰਸਿੱਧ ਲੇਖਕ ਖ਼ੁਸ਼ਵੰਤ ਸਿੰਘ ਹਰ ਰੋਜ਼ ਪੀਂਦਾ ਹੈ ਤੇ 93 ਸਾਲ ਦੀ ਉਮਰ ਵਿਚ ਹਾਲੇ ਪੂਰੀ ਤਰ੍ਹਾਂ ਹੋਸ਼ ਹਵਾਸ ਵਿਚ ਹੈ। ਉਹ ਪਿਛਲੇ ਸੱਤਰ ਸਾਲ ਤੋਂ ਪੀ ਵੀ ਰਿਹਾ ਹੈ ਤੇ ਲਿਖ ਵੀ। ਦੋਵਾਂ ਵਿਚ ਅਜੇ ਤਕ ਉਸਨੇ ਕਦੇ ਨਾਗਾ ਨਹੀਂ ਪਾਇਆ। ਇਸ ਤਰ੍ਹਾਂ ਦੇ ਸੰਸਾਰ ਵਿਚ ਲੱਖਾਂ ਕਰੋੜਾਂ ਪਤਵੰਤੇ ਹੋਰ ਵੀ ਹਨ, ਜਿਨ੍ਹਾਂ ਨੇ ਦਾਰੂ ਦੇ ਸਾਕਾਰਾਤਮਕ ਪੱਖ ਨੂੰ ਸਹੀ ਅੰਦਾਜ਼ ਵਿਚ ਪਛਾਣਿਆ ਹੈ। ਅਸੀਂ ਉਮੀਦ ਕਰਦੇ ਹਾਂ ਕਿ ਸਿਆਣੇ ਤੇ ਅਕਲਮੰਦ ਲੋਕ ਦਾਰੂ ਦੇ ਇਸ ਮਹਾਨ ਯੋਗਦਾਨ ਨੂੰ ਪਹਿਚਾਣ ਕੇ ਆਪਣੇ ਜੀਵਨ ਵਿਚ ਅਪਣਾਉਣ ਦਾ ਉਦਮ ਕਰਨਗੇ। ਹੋਕਾ ਦੇ ਕੇ ਇਹ ਪੁਕਾਰ ਰਹੇ ਨੇ—

ਪੀ ਲੈ ਮੇਰੇ ਭਾਈ ਪੀ ਲੈ, ਇਹ ਤਾਂ ਧੁਰ ਤੋਂ ਆਈ ਪੀ ਲੈ
ਦੁਨੀਆ ਦੇ ਹਰ ਚਿੰਤਾ ਗ਼ਮ ਦੀ, ਇਹ ਹੈ ਇਕ ਦਵਾਈ ਪੀ ਲੈ

• •

ਦਾਰੂ ਤੇ ਇਖਲਾਕ

ਭਾਰਤ ਵਰਗੇ ਮੁਲਕ ਵਿਚ ਵੀ ਖਾਣ ਪੀਣ ਨੂੰ ਵੀ ਇਲਖਾਕ ਨਾਲ ਨੱਥੀ ਕੀਤਾ ਜਾਂਦਾ ਹੈ। ਹੋਰ ਕਿਧਰੇ ਨਹੀਂ। ਦਾਰੂ ਵਿਚੋਂ ਸੌ ਸੌ ਕੀੜੇ ਕੱਢ ਕੇ, ਪੀਣ ਵਾਲੇ ਦੇ ਨਿੱਜੀ ਇਖਲਾਕ ਨਾਲ ਮੜ੍ਹੇ ਜਾਂਦੇ ਹਨ। ਰਿਸ਼ਤੇ ਨਾਤੇ ਜੋੜਨ ਵੇਲੇ ਜਦੋਂ ਕਿਸੇ ਲੜਕੇ ਦੀ ਵਡਿਆਈ ਕਰਨੀ ਹੋਵੇ ਤਾਂ ਬੜੇ ਮਾਣ ਨਾਲ ਕਿਹਾ ਜਾਂਦਾ ਹੈ—ਉਹ ਕੋਈ ਖਾਂਦਾ ਪੀਂਦਾ ਨਹੀਂ, ਸ਼ਰਾਬੀ ਕਬਾਬੀ ਜਾਂ ਵੈਲੀ ਨਹੀਂ। ਆਂਡੇ ਮੀਟ ਨੂੰ ਹੱਥ ਨਹੀਂ ਲਾਉਂਦਾ। ਸਿਗਰਟ ਬੀੜੀ ਦੇ ਲਾਗੋਂ ਵੀ ਨਹੀਂ ਲੰਘਦਾ। ਕਲੱਬਾਂ ਹੋਟਲਾਂ ਵਿਚ ਨਹੀਂ ਜਾਂਦਾ। ਕੰਮ ਤੋਂ ਸਿੱਧਾ ਘਰ ਤੇ ਘਰ ਤੋਂ ਸਿੱਧ ਕੰਮ ਵਾਲੀ ਜਗ੍ਹਾ 'ਤੇ। ਸਵੇਰੇ ਉੱਠ ਕੇ ਮਹਾਰਾਜ ਦਾ ਨਾਮ ਲੈਂਦਾ ਹੈ। ਹਾਣੀਆਂ-ਢਾਣੀਆਂ ਵਿਚ ਨਹੀਂ ਫਿਰਦਾ ਤੇ ਨਾ ਹੀ ਕਿਸੇ ਨਾਲ ਲੜਦਾ ਝਗੜਦਾ ਹੈ। ਵੇਖਿਆ ਜਾਵੇ ਤਾਂ ਉਪਰੋਕਤ ਗੁਣਾਂ ਦਾ ਮਾਲਿਕ ਕੋਈ ਮਰਦਾਂ ਵਿਚ ਨਹੀਂ ਗਿਣਿਆ ਜਾ ਸਕਦਾ। ਹਾਂ, ਤੀਵੀਂ ਹੋ ਸਕਦੀ ਹੈ। ਜੇਕਰ ਕਿਸੇ ਤੀਵੀਂ ਵਾਲੇ ਗੁਣਾਂ ਵਾਲੇ ਮਰਦ ਨੂੰ ਤੀਵੀਂ ਨਾਲ ਵਿਆਹ ਦਿੱਤਾ ਜਾਵੇ ਤਾਂ ਕਿਸੇ ਚੰਗੇ ਨਤੀਜੇ ਦੀ ਤਵੱਕੋਂ ਨਹੀਂ ਕਰਨੀ ਚਾਹੀਦੀ। ਇਸੇ ਕਰਕੇ ਸਾਡੀਆਂ ਬਹੁਤੀਆਂ ਸ਼ਾਦੀਆਂ ਬੇਜੋੜ ਤੇ ਨਰੜ ਹੁੰਦੀਆਂ ਹਨ। ਜਿਹੋ ਜਿਹੀ ਨੀਯਤ, ਤਿਹੀ ਮੁਰਾਦ। ਉਪਰੋਕਤ ਕਿਰਦਾਰ ਵਾਲੇ ਲੜਕਿਆਂ ਨੂੰ ਲੋਕੀ ਧੀਆਂ ਧਿਆਣੀਆਂ ਨਾਲ ਤੋਰ ਦੇਂਦੇ ਹਨ। ਚੜ੍ਹ ਜਾ ਬੱਚੀਏ ਸੂਲੀ ਰਾਮ ਭਲੀ ਕਰੇਗਾ। ਅਜਿਹੇ ਕਿਰਦਾਰ ਵਾਲੇ ਮਰਦ ਮੀਸਣੇ, ਸਨਕੀ ਅਤੇ ਸੰਕੀਰਣ ਵਿਚਾਰਾਂ ਵਾਲੇ ਹੁੰਦੇ ਹਨ। ਇਨ੍ਹਾਂ ਦਾ ਕਿਰਦਾਰ ਗ਼ੈਰ ਮਰਦਾਨਾ ਹੋਣ ਕਰਕੇ ਗ੍ਰਹਿਸਥ ਦੀ ਗੱਡੀ ਨੂੰ ਚਿੱਕੜ ਵਿਚ ਲੈ ਜਾਂਦਾ ਹੈ। ਅਜਿਹੀ ਸਥਿਤੀ ਨੂੰ ਕਰਮਾਂ ਦਾ ਫਲ ਕਹਿ ਕੇ ਟਾਲ ਦਿੱਤਾ ਜਾਂਦਾ ਹੈ।

ਦਰਅਸਲ ਦਾਰੂ ਦਾ ਬੰਦੇ ਦੇ ਇਖਲਾਕ ਨਾਲ ਸਿੱਧਾ ਸੰਬੰਧ ਨਹੀਂ ਹੁੰਦਾ। ਇਹ ਸੰਬੰਧ ਧਾਰਮਿਕ ਬੰਦੇ ਖਾਹ ਮਖਾਹ ਜੋੜ ਦੇਂਦੇ ਹਨ। ਅਸਲ ਵਿਚ ਉਨ੍ਹਾਂ ਲਈ ਸਮੱਸਿਆ ਇਹ ਹੈ ਕਿ ਮਰਦਾਊ ਬਿਰਤੀਆਂ ਵਾਲੇ ਲੋਕ ਉਨ੍ਹਾਂ ਦੇ ਅਧੀਨ ਨਹੀਂ ਰਹਿ ਸਕਦੇ। ਮਰਦਾਂ ਦੀਆਂ ਜ਼ਨਾਨਾ ਸ਼ਖ਼ਸੀਅਤਾਂ ਹੀ ਉਨ੍ਹਾਂ ਨੂੰ ਕਾਬਲੇ ਕਬੂਲ ਹਨ। ਇਹ ਉਨ੍ਹਾਂ ਦੀ ਪੇਸ਼ਾਵਰੀ ਮਜਬੂਰੀ ਹੈ। ਮਨੁੱਖੀ ਇਲਖਾਕ ਦੀ ਪਰਿਭਾਸ਼ਾ ਸੁਘੜ ਸਿਆਣੇ ਤੇ ਵਿਦਵਾਨ ਲੋਕਾਂ ਨੇ ਕਰਨੀ ਹੁੰਦੀ ਹੈ। ਪਰ ਇਹ ਕੰਮ ਕਰਦੇ ਹਨ ਨੀਮ ਅਨਪੜ੍ਹ ਪੰਡਤ ਮੁੱਲਾਂ ਭਾਈ ਤੇ ਪਾਦਰੀ, ਕੇਵਲ ਧਾਰਮਿਕ ਪੁਸਤਕਾਂ ਪੜ੍ਹਨ ਵਾਲੇ। ਮਨੁੱਖੀ ਕਿਰਦਾਰ ਦਾ ਵਿਸ਼ਲੇਸ਼ਣ ਤੇ ਛਾਣਬੀਣ ਕਰਨ ਦੀ ਇਨ੍ਹਾਂ ਵਿਚਾਰਿਆਂ ਵਿਚ ਸਮਰੱਥਾ ਨਹੀਂ

ਹੁੰਦੀ। ਲੋਕਾਂ ਨੂੰ ਊਟ ਪਟਾਂਗ ਤੇ ਊਲ ਜਲੂਲ ਪੜ੍ਹਾਇਆ ਜਾਂਦਾ ਹੈ। ਇਹ ਕੰਮ ਸਦੀਆਂ ਤੋਂ ਚੱਲ ਰਿਹਾ ਹੈ। ਇਸ ਲਈ ਭੋਲੇ ਭਾਲੇ ਲੋਕ ਇਸ ਨੂੰ ਕੁਦਰਤ ਦਾ ਕਾਨੂੰਨ ਸਮਝੀ ਬੈਠੇ ਹਨ। ਅੱਜ ਦੇ ਪੜ੍ਹੇ ਲਿਖੇ ਲੋਕ ਇਨ੍ਹਾਂ ਕਚਘੜ ਲੋਕਾਂ ਨਾਲੋਂ ਵਧੇਰੇ ਸੁਚੇਤ, ਚੇਤੰਨ ਅਤੇ ਗਿਆਨੀ ਧਿਆਨੀ ਹਨ। ਹੁਣ ਉਨ੍ਹਾਂ ਨੂੰ ਇਨ੍ਹਾਂ ਭੁੱਲ-ਭੁਲੱਈਆਂ ਵਿਚ ਕੈਦ ਨਹੀਂ ਰੱਖਿਆ ਜਾ ਸਕਦਾ। ਪੰਛੀ ਹੁਣ ਪਿੰਜਰੇ ਵਿਚੋਂ ਨਿਕਲ ਚੁੱਕਾ ਹੈ।

ਦੁਨੀਆ ਦੇ ਤਮਾਮ ਬੁੱਧੀਜੀਵੀ ਇਹ ਭਲੀਭਾਂਤ ਜਾਣਦੇ ਹਨ ਕਿ ਧਰਮ ਹਰ ਇਨਸਾਨ ਦਾ ਨਿੱਜੀ ਮਾਮਲਾ ਹੈ। ਇਸ ਵਿਚ ਕਿਸੇ ਦੀ ਦਖ਼ਲ-ਅੰਦਾਜ਼ੀ ਦੀ ਗੁੰਜਾਇਸ਼ ਨਹੀਂ। ਤੁਸੀਂ ਕੀ ਖਾਣਾ ਪੀਣਾ ਤੇ ਪਹਿਨਣਾ ਹੈ ਤੇ ਕੀ ਕੀ ਨਹੀਂ, ਇਸ ਦਾ ਨਿਰਣਾ ਤੁਸੀਂ ਖ਼ੁਦ ਕਰਨਾ ਹੈ। ਇਸ ਵਿਚ ਧਰਮ ਦੀ ਵਿਚੋਲਗੀ ਦੀ ਲੋੜ ਨਹੀਂ। ਖਾਈਏ ਮਨ ਭਾਉਂਦਾ। ਹਰੇਕ ਇਨਸਾਨ ਦੀਆਂ ਬੁਨਿਆਦੀ ਜ਼ਰੂਰਤਾਂ ਤਕਰੀਬਨ ਇਕਸਾਰ ਹੁੰਦੀਆਂ ਹਨ। ਧਰਮ ਇਨ੍ਹਾਂ ਨੂੰ ਭਿੰਨ ਭਿੰਨ ਨਹੀਂ ਕਰ ਸਕਦਾ। ਪਰ ਧਰਮ ਨੇ ਇਨਸਾਨਾਂ ਨੂੰ ਕਈ ਫਤਵੇ ਦੇ ਕੇ ਲੀਰੋ ਲੀਰ ਕੀਤਾ ਹੋਇਆ ਹੈ। ਅੱਜ ਯੁੱਗ ਬਦਲ ਗਿਆ ਹੈ। ਹੁਣ ਖਲੀਲ ਖਾਂ ਹੋਰ ਘੁੱਗੀਆਂ ਨਹੀਂ ਉਡਾ ਸਕਣਗੇ। ਇਸ ਅਹਿਮ ਵਿਸ਼ੇ ਉਪਰ ਖੁੱਲ੍ਹੀ ਬਹਿਸ ਹੋਣੀ ਚਾਹੀਦੀ ਹੈ। ਦਾਰੂ ਰਹਿਤ ਅਹਿੰਸਾਵਾਦੀ ਕਿਰਦਾਰ ਦਾ ਮਨੁੱਖੀ ਇਖਲਾਕ ਨਾਲ ਹੁਣ ਕੋਈ ਸੰਬੰਧ ਨਹੀਂ ਰਿਹਾ। ਕਿਸੇ ਜ਼ਮਾਨੇ ਹੁੰਦਾ ਹੋਵੇਗਾ। ਪਰੰਤੂ ਜੇਕਰ ਕਿਸੇ ਹੈਂਕੜਬਾਜ ਦਾ ਕੋਈ ਨਿੱਜੀ ਕਿਸਮ ਦਾ ਇਖਲਾਕ ਹੈ ਤਾਂ ਉਸਦਾ ਬਾਕੀ ਲੁਕਾਈ ਨਾਲ ਕੋਈ ਲੈਣਾ ਦੇਣਾ ਨਹੀਂ।

ਯੂਰਪ ਤੇ ਅਮਰੀਕਾ ਨੇ ਬੜੇ ਬੜੇ ਗਿਆਨੀ, ਵਿਗਿਆਨੀ, ਡਾਕਟਰ, ਇੰਜੀਨੀਅਰ, ਸਾਗਰ ਤੇ ਪੁਲਾੜ ਖੋਜੀ ਪੈਦਾ ਕੀਤੇ ਹਨ। ਇਨ੍ਹਾਂ ਮੁਲਕਾਂ ਵਿਚ ਖਾਣ ਪੀਣ ਤੇ ਕਿਸੇ ਕਿਸਮ ਦੀ ਕੋਈ ਪਾਬੰਦੀ ਨਹੀਂ। ਹਰ ਬੁੱਧੀਜੀਵੀ ਤੇ ਕਲਾਕਾਰ ਇਨ੍ਹਾਂ ਮੁਲਕਾਂ ਵਿਚ ਦਾਰੂ ਨੂੰ ਖੁਰਾਕ ਵਾਂਗ ਲੈਂਦੇ ਹਨ। ਵੈਸ਼ਨੋਵਾਦ ਕਦੀ ਵੀ ਉਥੇ ਹਾਵੀ ਨਹੀਂ ਹੋਇਆ। ਇਨ੍ਹਾਂ ਹੀ ਮੁਲਕਾਂ ਨੇ ਅਜੋਕੀ ਸਭਿਅਤਾ ਤੇ ਸੰਸਕ੍ਰਿਤੀ ਦੀ ਬੁਨਿਆਦ ਰੱਖੀ ਹੈ। ਸਿਰ ਤੋਂ ਪੈਰਾਂ ਤਕ ਅਸੀਂ ਇਨ੍ਹਾਂ ਹੀ ਮੁਲਕਾਂ ਦੀਆਂ ਬਣੀਆਂ ਚੀਜ਼ਾਂ ਨਾਲ ਰੋਜ਼ਮੱਰਾ ਜੀਵਨ ਚਲਾਉਂਦੇ ਹਾਂ। ਸਾਡੀਆਂ ਸਾਰੀਆਂ ਸੁਖ ਸਹੂਲਤਾਂ ਇਨ੍ਹਾਂ ਦੀ ਹੀ ਦੇਣ ਹੈ। ਅਸੀਂ ਕੀ ਈਜਾਦ ਕੀਤਾ ਹੈ ? ਕੇਵਲ ਫੁੱਲੀਆਂ ਪਤਾਸੇ। ਢੋਲਕੀਆਂ ਛੈਣੇ ਤੇ ਖੜਤਾਲਾਂ। ਪੱਛਮ ਦੇ ਯੋਗਦਾਨ ਨੂੰ ਅਸੀਂ ਝੁਠਲਾ ਨਹੀਂ ਸਕਦੇ। ਜੇਕਰ ਉਨ੍ਹਾਂ ਦੀਆਂ ਬਾਕੀ ਸਾਰੀਆਂ ਵਸਤੂਆਂ ਨੂੰ ਸਵਾਬ ਸਮਝ ਕੇ ਅਪਣਾ ਰਹੇ ਹਾਂ ਤਾਂ ਫਿਰ ਖਾਣ ਪੀਣ ਦੇ ਸੰਬੰਧ ਵਿਚ ਅਸੀਂ ਪੰਡਤਾਂ ਮਗਰ ਕਿਉਂ ਦੌੜਦੇ ਹਾਂ ? ਸੱਚ ਨੂੰ ਤਸਲੀਮ ਕਰਨ ਵਿਚ ਸਾਨੂੰ ਸ਼ਰਮ ਕਿਉਂ ਆਉਂਦੀ ਹੈ ? ਸਾਡੇ ਸਿਆਣੇ ਲੋਕ ਤਾਂ ਇਹ ਹਕੀਕਤ ਸਮਝ ਚੁੱਕੇ ਹਨ। ਬੜੀ ਤੇਜ਼ੀ ਨਾਲ ਬਾਕੀ ਵੀ ਉਨ੍ਹਾਂ ਦੇ ਮਗਰ ਲਾਉਣ ਲਈ ਉਤਾਵਲੇ ਹਨ। ਤੂੜੀ ਦੀ ਪੰਡ ਹੁਣ ਖੁੱਲ੍ਹ ਚੁੱਕੀ ਹੈ, ਸਾਡੇ ਧਾਰਮਿਕ ਲੋਕ ਹੁਣ ਤੀਲ੍ਹਾ ਤੀਲ੍ਹਾ ਇਕੱਠਾ ਨਹੀਂ ਕਰ ਸਕਣਗੇ।

ਜੇਕਰ ਭਾਰਤੀ ਪੈਮਾਨਿਆਂ ਨਾਲ ਗਿਣਿਆ ਮਿਣਿਆ ਜਾਵੇ ਤਾਂ ਇਸ ਮੁਲਕ

ਵਿਚ ਕੋਈ ਵਿਰਲਾ ਹੀ ਖੋਜੀ ਤੇ ਵਿਗਿਆਨੀ ਹੋਇਆ ਹੈ, ਜਿਸ ਨੇ ਆਪਣੀ ਵਿਗਿਆਨ ਸੋਚ ਨਾਲ ਵਿਸ਼ਵ ਦਾ ਕਲਿਆਣ ਕੀਤਾ ਹੋਵੇ। ਪ੍ਰਮਾਣੂ ਸ਼ਕਤੀ ਤੇ ਆਲਮੀ ਕੰਪਿਊਟੀਕਰਨ ਸਦਕਾ ਮਨੁੱਖ ਬਹੁਤ ਸ਼ਕਤੀਸ਼ਾਲੀ ਹੋ ਗਿਆ ਹੈ। ਪੱਛਮੀ ਮੁਲਕਾਂ ਨੇ ਜਿਥੇ ਮਹਾਂਮਾਰੀਆਂ ਦੇ ਇਲਾਜ ਤੇ ਦਵਾਈਆਂ ਦੀ ਭਰਪੂਰ ਖੋਜ ਕੀਤੀ ਹੈ ਤੇ ਮਨੁੱਖ ਨੂੰ ਮੌਤ ਦੇ ਮੂੰਹ ਵਿਚੋਂ ਕੱਢਿਆ ਹੈ। ਉਥੇ ਭਾਰਤੀ ਅਤੇ ਪੂਰਬੀ ਲੋਕਾਂ ਨੇ ਸਵਾਏ ਇਕ ਦੂਜੇ ਨੂੰ ਭਰਮਾਉਣ, ਛੁਟਿਆਉਣ, ਵਡਿਆਉਣ ਅਤੇ ਸਤਾਉਣ ਵਿਚ ਹੀ ਸਾਰੀ ਸ਼ਕਤੀ ਖਰਚ ਕਰ ਦਿੱਤੀ ਹੈ। ਅਸੀਂ ਇਕ ਰੋਗੀ ਦ੍ਰਿਸ਼ਟੀਕੋਣ ਦੇ ਸ਼ਿਕਾਰ ਹਾਂ। ਅਸਾਂ ਆਪਣੀ ਸੋਚ ਤੇ ਸਮਝ ਪਖੰਡੀ ਤੇ ਦੰਭੀ ਲੋਕਾਂ ਕੋਲ ਗਹਿਣੇ ਪਾ ਰੱਖੀ ਹੈ। ਜਿੰਨੀ ਜਲਦੀ ਛੁਡਵਾ ਲਈਏ, ਓਨਾ ਹੀ ਬੇਹਤਰ ਹੋਵੇਗਾ।

ਪਿਛਲੇ ਸਮਿਆਂ ਵਿਚ ਜੀਵਨ ਇੰਨਾ ਗੁੰਝਲਦਾਰ ਨਹੀਂ ਸੀ ਹੁੰਦਾ, ਜਿੰਨਾ ਅੱਜ ਹੈ। ਅਜੋਕੇ ਦੌੜ ਭੱਜ ਦੇ ਦੌਰ ਵਿਚ ਜਿਹੜਾ ਖਾਂਦਾ ਪੀਂਦਾ ਨਹੀਂ ਤੇ ਮਹਿਫ਼ਲਾਂ ਵਿਚ ਨਹੀਂ ਵਿਚਰਦਾ, ਉਸਦਾ ਗਰਦੋ ਗੁਬਾਰ ਸਾਰਾ ਅੰਦਰ ਹੀ ਰਹਿ ਜਾਂਦਾ ਹੈ। ਦੁਖ ਸੁਖ ਸਾਂਝੇ ਕੀਤੇ ਜਾਣ ਤਾਂ ਦਿਲ ਦਾ ਬੋਝ ਘਟਦਾ ਹੈ। ਪਰ ਜਿਹੜੇ ਲੋਕ ਗੁੱਛੀ ਮਾਰ ਕੇ 'ਕੱਲੇ-ਕਾਰੇ ਬੈਠੇ ਰਹਿੰਦੇ ਹਨ, ਉਨ੍ਹਾਂ ਦੀਆਂ ਸ਼ਖ਼ਸੀਅਤਾਂ ਉਲਾਰੂ ਤੇ ਨਾਕਾਰਾਤਮਕ ਹੋ ਜਾਂਦੀਆਂ ਹਨ। ਉਨ੍ਹਾਂ ਵਿਚ ਮੀਸਣਾਪਣ ਤੇ ਸੰਕੀਰਨਤਾ ਵਧ ਜਾਂਦੀ ਹੈ। ਢਿੱਡ ਫੋਲੀਏ ਤਾਂ ਭੜਾਸ ਨਿਕਲਦੀ ਰਹਿੰਦੀ ਹੈ। ਨਹੀਂ ਤਾਂ ਅੰਦਰੋ ਅੰਦਰੀ ਧੁਖਦੀ ਰਹਿੰਦੀ ਹੈ, ਜਿਹੜੀ ਕਿ ਸਾਡੇ ਵਿਹਾਰ ਵਿਚ ਮਨੋਵਿਗਿਆਨਕ ਉਲਝਣਾਂ ਪੈਦਾ ਕਰ ਦਿੰਦੀ ਹੈ। ਪ੍ਰਹੇਜ਼ਗਾਰਾਂ ਵਿਚ ਕਈ ਭਰਮ ਭੁਲੇਖੇ ਪ੍ਰਵੇਸ਼ ਕਰ ਜਾਂਦੇ ਹਨ। ਮਹਿਫ਼ਲਾਂ ਤੇ ਮਜਲਸਾਂ ਤਾਂ ਦਾਰੂ ਦੀਆਂ ਹੀ ਹੋ ਸਕਦੀਆਂ ਹਨ। ਲੱਸੀ ਦੀਆਂ ਮਹਿਫ਼ਲਾਂ ਨਹੀਂ ਹੁੰਦੀਆਂ। ਬਹੁਤੇ ਲੋਕ ਇਸ ਕਰਕੇ ਨਹੀਂ ਪੀਂਦੇ ਕਿ ਕਿਧਰੇ ਵਧੇਰੇ ਨਾ ਪੀਤੀ ਜਾਵੇ। ਇਹ ਤਾਂ ਤੁਹਾਡੇ ਸਵੈ ਕਾਬੂ ਦੀ ਪ੍ਰੀਖਿਆ ਹੈ। ਇਸ ਪ੍ਰੀਖਿਆ ਵਿਚੋਂ ਪਾਸ ਹੋ ਕੇ ਵਿਖਾਉਣਾ ਚਾਹੀਦਾ ਹੈ। ਅੰਦਰੂਨੀ ਪਰਖ ਪੜਚੋਲ ਲਾਜ਼ਮੀ ਹੈ।

ਅੰਗਰੇਜ਼ ਭਾਰਤ ਵਿਚ ਤਿੰਨ ਸੌ ਸਾਲ ਰਾਜ ਕਰਕੇ ਗਏ ਹਨ। ਦੋ ਢਾਈ ਲੱਖ ਅੰਗਰੇਜ਼ ਤੇਤੀ ਕਰੋੜ ਭਾਰਤੀਆਂ ਉਪਰ ਪੂਰੇ ਰੋਹਬ ਤੇ ਅਣਖ ਨਾਲ ਰਾਜ ਕਰਦੇ ਰਹੇ। ਅਸੀਂ ਆਪਣੇ ਇਖਲਾਕ, ਧਰਮ ਅਤੇ ਅਧਿਆਤਮਕ ਪ੍ਰਾਪਤੀਆਂ ਦੀਆਂ ਟਾਹਰਾਂ ਮਾਰਦੇ ਰਹੇ ਤੇ ਉਹ ਢਾਈ ਟੋਟਰੂ ਸਾਡੀਆਂ ਛਾਤੀਆਂ ਤੇ ਸਵਾਰ ਹੋ ਕੇ ਸਾਡੀ ਮਾਣ-ਮੱਤੀ ਸਭਿਅਤਾ ਨੂੰ ਪੈਰਾਂ ਹੇਠ ਰੋਲਦੇ ਰਹੇ। ਉਹ ਢਾਈ ਲੱਖ ਇਕ ਜੁੱਟ ਹੋ ਕੇ ਆਪਣੀ ਮਿਸਾਲੀ ਕਿਰਦਾਰ ਨਾਲ, ਸਾਡੇ ਖੇਰੂੰ ਖੇਰੂੰ ਹੋਏ ਸਮਾਜ ਨੂੰ ਭੇਡਾਂ ਬੱਕਰੀਆਂ ਵਾਂਗ ਸਮਝ ਕੇ, ਸਾਨੂੰ ਸਦੀਆਂ ਭਰ ਜ਼ਲੀਲ ਕਰਦੇ ਰਹੇ। ਸਾਡੇ ਸਵਾਮੀਆਂ ਤੇ ਸੰਤਾਂ ਮੁਤਾਬਕ ਉਹ ਸ਼ਰਾਬੀ ਕਬਾਬੀ ਤੇ ਵੈਲੀ ਅਮਲੀ ਸਨ। ਉਹ ਬਦਚਲਣ, ਬੇਸ਼ਰਮ ਤੇ ਘੋਰ ਪਾਪੀ ਸਨ। ਕਿਉਂਕਿ ਉਹ ਸਭ ਡੱਡੀ ਮੱਛੀ ਹੜੱਪ ਜਾਂਦੇ ਸਨ ਤੇ ਦਾਰੂ ਦਾ ਰੋਜ਼ਾਨਾ ਸੇਵਨ ਕਰਦੇ ਸਨ। ਇਨ੍ਹਾਂ ਕੁਕਰਮਾਂ ਨੇ ਤਾਂ ਉਨ੍ਹਾਂ ਨੂੰ ਬਲਵਾਨ, ਮਹਾਨ ਤੇ ਧਨਵਾਨ ਬਣਾਇਆ ਤੇ ਸਾਡੇ ਧਰਮ ਨੇ ਸਾਨੂੰ ਭੁੱਖੇ ਨੰਗੇ ਬਣਾ ਕੇ ਸਾਡਾ ਸ਼ੋਸ਼ਣ ਕੀਤਾ ਤੇ ਸਾਡੀ ਪ੍ਰਾਚੀਨ

ਸਭਿਅਤਾ ਦਾ ਮਜ਼ਾਕ ਉਡਾਇਆ। ਸਾਡੀ ਸਭਿਅਤਾ ਉਨ੍ਹਾਂ ਦੀ ਸੱਭਿਅਤਾ ਸਾਹਵੇਂ ਠੁੱਸ ਹੋ ਗਈ ਤੇ ਸਾਡਾ ਧਰਮ ਉਨ੍ਹਾਂ ਦੇ ਧਰਮ ਅੱਗੇ ਕੋਈ ਪ੍ਰਭਾਵ ਨਾ ਬਣਾ ਸਕਿਆ। ਅਸੀਂ ਜੀ ਹਜ਼ੂਰੀਏ ਬਣ ਕੇ ਆਪਣੀਆਂ ਜੂਨਾਂ ਭੋਗਦੇ ਰਹੇ। ਅਸੀਂ ਘਰ ਵਿਚ ਹੀ ਟਾਹਰਾਂ ਮਾਰਨ ਵਾਲੇ ਹਾਂ। ਆਪਣੀ ਗਲੀ ਵਿਚ ਤਾਂ ਕੁੱਤਾ ਵੀ ਸ਼ੇਰ ਹੁੰਦਾ ਹੈ ਪਰ ਅਸੀਂ ਤਾਂ ਆਪਣੀ ਗਲੀ ਵਿਚ ਸ਼ੇਰ ਦੀ ਜਗ੍ਹਾ 'ਕੁੱਤੇ' ਗਰਦਾਨੇ ਗਏ। ਅਸੀਂ ਅੱਜ ਵੀ ਆਪਣੀ ਫੋਕੀ ਅਹਿੰਸਾਵਾਦ ਨੂੰ ਕੁੱਛੜ ਚੁੱਕੀ ਫਿਰਦੇ ਹਾਂ। ਨਲਾਇਕ ਚਾਰ ਵਲੈਤ ਦੇ।

ਅਸੀਂ ਅੱਜ ਵੀ ਕਈ ਭਰਮ ਭੁਲੇਖਿਆਂ ਦੇ ਸ਼ਿਕਾਰ ਹਾਂ। ਸਾਨੂੰ ਹਾਲੇ ਵੀ ਚੰਗੇ ਮੰਦੇ ਦੀ ਪੂਰੀ ਤਮੀਜ਼ ਨਹੀਂ। ਅਸੀਂ ਅੱਜ ਵੀ ਜ਼ਹਿਰ ਨੂੰ ਅੰਮ੍ਰਿਤ ਤੇ ਅੰਮ੍ਰਿਤ ਨੂੰ ਜ਼ਹਿਰ ਨੂੰ ਸਮਝੀ ਬੈਠੇ ਹਾਂ। ਸਾਨੂੰ ਹਾਲੇ ਵੀ ਆਪਣੇ ਤੇ ਬੇਗਾਨਿਆਂ ਦੀ, ਦੋਸਤਾਂ ਤੇ ਦੁਸ਼ਮਣਾਂ ਦੀ ਪਹਿਚਾਣ ਨਹੀਂ। ਅਸੀਂ ਹਾਲੇ ਵੀ ਧੁੰਦਾਂ ਵਿਚ ਭਟਕੇ ਹੋਏ ਹਾਂ। ਸਾਡੇ ਜੀਵਨ ਦੀ ਲਗਾਮ ਹਾਲੇ ਵੀ ਸਾਡੇ ਹੱਥਾਂ ਵਿਚ ਨਹੀਂ। ਆਓ ਆਪਣੀਆਂ ਦ੍ਰਿਸ਼ਟੀਆਂ ਨੂੰ ਮੁੜ ਵਿਚਾਰੀਏ। ਇਹ ਹੀ ਨਾ ਸੁਣੀਏ ਕਿ ਪੰਡਤ ਜੀ ਕੀ ਕਹਿੰਦੇ ਨੇ। ਇਹ ਵੀ ਵਿਚਾਰੀਏ ਕਿ ਜ਼ਿੰਦਗੀ ਸਾਨੂੰ ਕੀ ਕਹਿੰਦੀ ਹੈ ? ਜ਼ਮੀਨੀ ਹਕੀਕਤਾਂ ਕੀ ਕਹਿੰਦੀਆਂ ਹਨ ? ਸਾਡੀ ਜ਼ਮੀਰ ਕੀ ਕਹਿੰਦੀ ਹੈ ? ਆਪਣੇ ਜੀਵਨ ਖ਼ਜ਼ਾਨੇ ਦੀ ਚਾਬੀ ਆਪਣੇ ਪਾਸ ਰੱਖੀਏ ਤਾਂ ਕਿ ਫਿਰ ਕੋਈ ਜਰਵਾਣਾ ਸਾਨੂੰ ਊਂਘਦੇ ਵੇਖ ਕੇ ਸਾਡੇ ਭਵਿੱਖ ਉਪਰ ਸਵਾਰ ਨਾ ਹੋ ਜਾਵੇ। ਦਾਰੂ ਨੇ ਤਾਂ ਹੱਲਾਸ਼ੇਰੀ ਹੀ ਦੇਣੀ ਹੈ। ਆਪਣੇ ਇਖਲਾਕ ਦਾ ਨਿਰਮਾਣ ਅਸਾਂ ਆਪਣੇ ਹੀ ਕਰ ਕੰਵਲਾਂ ਨਾਲ ਕਰਨਾ ਹੈ। ਦਾਰੂ ਨਾਲ ਨਫ਼ਰਤ ਕਰਨ ਦੀ ਲੋੜ ਨਹੀਂ। ਲੋੜ ਹੈ ਪੰਡਤਾਂ, ਮੁੱਲਾਂ, ਪਾਦਰੀਆਂ ਤੇ ਭਾਈਆਂ ਦੀਆਂ ਲੂੰਬੜ ਚਾਲਾਂ ਨੂੰ ਸਮਝਣ ਦੀ।

ਭਗਵੇ ਪਾ ਲੈ ਜਟਾਂ ਵਧਾ ਲੈ
ਧੂਣੀ ਤਾਅ ਬਹੁ ਭਸਮ ਰਮਾ ਲੈ
ਅੰਦਰ ਵੜ ਕੇ ਪੀ ਜਾ ਬੇਸ਼ਕ
ਪਰ ਬਾਹਰੋਂ ਕੋਈ ਭੇਖ ਬਣਾ ਲੈ।

• •

ਦਾਰੂ ਤੇ ਸੱਚੋ ਸੱਚ

ਹੱਥ ਵਿਚ ਜਾਮ ਹੈ, ਸੱਚ ਬੋਲਦਾ ਹਾਂ
ਕੁਫਰ ਹਰਾਮ ਹੈ, ਸੱਚ ਬੋਲਦਾ ਹਾਂ

ਦਾਰੂ ਦੇ ਸ਼ੌਕੀਨ ਦਾਰੂ ਦੀ ਸੌਂਹ ਖਾਣਾ ਮਾਣ ਵਾਲੀ ਗੱਲ ਸਮਝਦੇ ਹਨ। ਦਾਰੂ ਉਨ੍ਹਾਂ ਲਈ ਪਵਿੱਤਰ ਪਦਾਰਥ ਹੈ। ਦਾਰੂ ਦੀ ਇਹ ਖ਼ਾਸੀਅਤ ਹੈ ਕਿ ਜਦੋਂ ਇਹ ਅੰਦਰ ਜਾਂਦਾ ਹੈ, ਸੱਚ ਤਰ ਕੇ ਉਪਰ ਆ ਜਾਂਦਾ ਹੈ। ਦਾਰੂ ਦੇ ਇਸ਼ਾਰੇ ਨਾਲ ਸੱਚ ਸੌ ਪਰਦੇ ਪਾੜ ਕੇ ਨਿੱਤਰ ਕੇ ਸਭ ਦੇ ਸਾਹਮਣੇ ਆ ਖਲੋਂਦਾ ਹੈ। ਜਿਵੇਂ ਤੇਲ ਜਾਂ ਘਿਉ, ਪਾਣੀ ਤੋਂ ਨਿੱਖੜ ਕੇ ਉਪਰ ਆ ਖਲੋਂਦੇ ਹਨ। ਦਾਰੂ ਦੇ ਬਾਕੀ ਫਾਇਦਿਆਂ ਵਿਚੋਂ ਇਕ ਇਹ ਵੀ ਹੈ ਕਿ ਇਸ ਨੂੰ ਸੇਵਨ ਕਰਨ ਵਾਲਾ ਸੱਚ ਦਾ ਪੁਜਾਰੀ ਹੁੰਦਾ ਹੈ। ਲੱਸੀ ਪੀ ਕੇ, ਦੁੱਧ ਪੀ ਕੇ ਬੰਦਾ ਸੱਚ ਦੇ ਏਨਾ ਕਰੀਬ ਨਹੀਂ ਹੁੰਦਾ ਜਿੰਨਾ ਦਾਰੂ ਪੀ ਕੇ। ਜੇਕਰ ਕੋਈ ਬੰਦਾ ਸੂਫ਼ੀ ਹੋਵੇ ਤਾਂ ਸ਼ਾਇਦ ਇੰਨੀ ਜੁਰਅਤ ਨਹੀਂ ਕਰ ਸਕਦਾ। ਕਈ ਵਾਰ ਕਤਲਾਂ ਤੇ ਜੁਰਮਾਂ ਦੀਆਂ ਗੁੱਥੀਆਂ, ਦਾਰੂਆਂ ਦੀ ਮਹਿਫ਼ਲ ਨਾਲ ਸੁਲਝ ਜਾਂਦੀਆਂ ਹਨ। ਜਾਂ ਇਸ ਤਰ੍ਹਾਂ ਕਹਿ ਲਓ ਕਿ ਦਾਰੂ ਪਿਲਾ ਕੇ ਲੋਕ ਗੂੰਗਿਆਂ ਨੂੰ ਜ਼ਬਾਨ ਬਖ਼ਸ਼ਦੇ ਹਨ ਤੇ ਉਹ ਜ਼ਬਾਨ ਸੱਚ ਦਾ ਰਾਗ ਅਲਾਪਦੀ ਹੈ।

ਕਈ ਲੋਕ ਬੜੇ ਗੁੰਝਲਦਾਰ ਅਤੇ ਜਲੇਬੀਆਂ ਹੁੰਦੇ ਹਨ। ਉਹ ਦਿਲ ਦੀ ਗੱਲ ਸਕੇ ਪੁੱਤਰ ਪਿਉ ਨਾਲ ਵੀ ਸਾਂਝੀ ਨਹੀਂ ਕਰਦੇ। ਉਨ੍ਹਾਂ ਨੇ ਝੂਠ ਬੋਲਣ ਦਾ ਕੋਰਸ ਕੀਤਾ ਹੁੰਦਾ ਹੈ। ਉਹ ਭੁੱਲੇ ਭਟਕੇ ਵੀ ਸੱਚ ਦੇ ਲਾਗੋਂ ਨਹੀਂ ਲੰਘਦੇ। ਉਹੀ ਆਦਮੀ ਦਾਰੂ ਦਾ ਘੁੱਟ ਪੀ ਕੇ, ਸੱਚ ਦਾ ਐਲਾਨ ਕਰਦੇ ਹੋਏ ਝੂਠ ਦਾ ਭਾਂਡਾ ਸ਼ਰੇਆਮ ਚੁਰਾਹੇ ਵਿਚ ਭੰਨਦੇ ਹਨ। ਦਾਰੂ ਦੇ ਪ੍ਰਭਾਵ ਅਧੀਨ ਉਹ ਖਿੜਕੀਆਂ ਵਾਂਗ ਖੁੱਲ੍ਹ ਜਾਂਦੇ ਹਨ ਤੇ ਸੱਚ ਦਾ ਮਨ ਫੜਦੇ ਹੋਏ ਉਹ ਆਪਣਾ ਖਾਧਾ ਪੀਤਾ ਸਭ ਨੂੰ ਦੱਸ ਜਾਂਦੇ ਹਨ। ਇਹ ਦਾਰੂ ਦੀ ਹੀ ਕਰਾਮਾਤ ਹੈ। ਦਾਰੂ ਸੱਚ ਉਗਲਦਾ ਹੈ।

ਅੱਜ ਦੇ ਜ਼ਮਾਨੇ ਵਿਚ ਮਨੁੱਖੀ ਕਦਰਾਂ ਕੀਮਤਾਂ ਸਸਤੇ ਸਾਬਣ ਵਾਂਗ ਖੁਰਦੀਆਂ ਜਾ ਰਹੀਆਂ ਹਨ। ਸੱਚ ਤਾਂ ਲੋਕ ਧਰਮ ਦਵਾਰਿਆਂ ਵਿਚ ਵੀ ਨਹੀਂ ਬੋਲਦੇ। ਆਪਣੀ ਚੁਸਤੀ ਨਾਲ ਉਹ ਰੱਬ ਨੂੰ ਉੱਲੂ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਸੱਚ ਬੋਲਣ ਤਾਂ ਧਰਮੀ ਲੋਕਾਂ ਨੇ ਵੀ ਲਗਭਗ ਤਿਆਗ ਦਿੱਤਾ ਹੈ। ਝੂਠ ਬੋਲਣ ਲੱਗਿਆਂ, ਝੂਠੀ ਸੌਂਹ ਖਾਣ ਲੱਗਿਆਂ ਇਨ੍ਹਾਂ 'ਮਹਾਪੁਰਸ਼ਾਂ' ਨੂੰ ਰਤਾ ਵੀ ਲੱਜ ਨਹੀਂ ਆਉਂਦੀ। ਝੂਠ ਇੰਜ ਬੋਲਦੇ ਹਨ ਜਿਵੇਂ ਝੂਠ ਬੋਲਣ ਦਾ ਕੋਈ ਕੋਰਸ ਕੀਤਾ ਹੋਵੇ ਜਾਂ ਕੋਈ ਝੂਠ ਬੋਲਣ ਦਾ ਲਾਇਸੰਸ

ਲਿਆ ਹੋਵੇ। ਝੂਠ ਬੋਲਣ ਦੀ ਏਨੀ ਮੁਹਾਰਤ ਹੋ ਗਈ ਹੈ ਕਿ ਬੋਲਣ ਲੱਗਿਆਂ ਰਤਾ ਵੀ ਚਿਹਰੇ ਦਾ ਪ੍ਰਭਾਵ ਨਹੀਂ ਬਦਲਦਾ। ਜਿਥੇ ਝੂਠ ਬੋਲਣ ਦਾ ਧੇਲਾ ਫਾਇਦਾ ਨਹੀਂ ਹੁੰਦਾ, ਉਥੇ ਵੀ ਉਹ ਝੂਠ ਬੋਲੀ ਜਾਂਦੇ ਹਨ। ਸੱਚ ਬੋਲਣ ਲੱਗਿਆਂ ਉਨ੍ਹਾਂ ਨੂੰ ਤਰੇਲੀਆਂ ਆਉਣ ਲੱਗਦੀਆਂ ਹਨ। ਝੂਠ ਬੋਲਣ ਵੇਲੇ ਉਨ੍ਹਾਂ ਦੀ ਆਤਮਾ ਰਤਾ ਵੀ ਨਹੀਂ ਕੰਬਦੀ। ਇਸ ਮਾਹੌਲ ਵਿਚ ਜੇਕਰ ਸੱਚ ਬੋਲਣ ਵੱਲ ਕੋਈ ਕਿਸੇ ਨੂੰ ਪ੍ਰੇਰਤ ਕਰਦਾ ਹੈ ਤਾਂ ਉਹ ਹੈ ਦਾਰੂ। ਹਾਂ ਜੀ, ਦਾਰੂ। ਇਹ ਦਾਰੂ ਹੀ ਝੂਠ ਦੇ ਫੁੱਫੜਾਂ ਨੂੰ ਸੱਚ ਪੁੱਤਰ ਬਣਨ ਲਈ ਨਿਉਤੇ ਦੇਂਦਾ ਹੈ।

ਦੁਨੀਆ ਵਿਚ ਹੋਰ ਕੋਈ ਅਜਿਹਾ ਤਰਲ ਪਦਾਰਥ ਨਹੀਂ ਜਿਹੜਾ ਤੁਹਾਨੂੰ ਮਾਨਵਤਾ ਦੇ ਇੰਨਾ ਨੇੜੇ ਲਿਜਾਂਦਾ ਹੋਵੇ। ਦੁੱਧ, ਦਹੀਂ, ਰਸ, ਸ਼ਰਬਤ ਚਾਹ ਜਾਂ ਕੌਫੀ ਚੁੱਪ ਕਰਕੇ ਤੁਹਾਡੇ ਅੰਦਰ ਪ੍ਰਵੇਸ਼ ਕਰ ਜਾਂਦੇ ਹਨ ਤੇ ਝੂਠ ਨਾਲ ਗਲਵੱਕੜੀਆਂ ਪਾ ਕੇ ਬੈਠ ਜਾਂਦੇ ਹਨ। ਦਾਰੂ ਅੰਦਰ ਪ੍ਰਵੇਸ਼ ਕਰਦਿਆਂ ਹੀ ਆਪਣੇ ਯਾਰ ਸੱਚ ਨੂੰ ਹੋਕੇ ਦਿੰਦਾ ਫਿਰਦਾ ਹੈ। ਆਦਮ ਬੋ! ਆਦਮ ਬੋ! ਸੱਚ ਦਾਰੂ ਦੀ ਮਹਿਕ ਆਉਂਦਿਆਂ ਸਾਰ ਹੀ ਭੱਜਾ ਬਾਹਰ ਨੂੰ ਆਉਂਦਾ ਹੈ। ਆਉਂਦਿਆਂ ਹੀ 'ਬੋਲੇ ਸੌ ਨਿਹਾਲ' ਬੁਲਾ ਕੇ ਝੂਠ ਨੂੰ ਲਲਕਾਰਦਾ ਫਿਰਦਾ ਹੈ। ਦੁੱਧ ਪੀਣੇ ਮਜਨੂੰ ਸੱਚ ਬੋਲਣ ਤੋਂ ਸੰਗਦੇ ਹੀ ਰਹਿੰਦੇ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਦਾਰੂ ਸੇਵਨ ਕਰਨ ਵਾਲਾ ਸੱਚ ਕਿਉਂ ਬੋਲਦਾ ਹੈ ? ਦਾਰੂ ਤਾਂ ਫਕਤ ਇਕ ਤਰਲ ਪਦਾਰਥ ਹੈ। ਇਸ ਵਿਚ ਮਨੁੱਖੀ ਗੁਣ ਕਿਵੇਂ ਪ੍ਰਵੇਸ਼ ਕਰ ਜਾਂਦੇ ਹਨ ? ਦਰਅਸਲ ਦਾਰੂ ਦਾ ਮਨੁੱਖੀ ਗੁਣਾਂ ਔਗੁਣਾਂ ਨਾਲ ਕੋਈ ਸਿੱਧਾ ਵਾਸਤਾ ਨਹੀਂ ਹੁੰਦਾ। ਸੱਚਾਈ ਇਹ ਹੈ ਕਿ ਜਦੋਂ ਬੰਦਾ ਵਧੇਰੇ ਦਾਰੂ ਪੀ ਲੈਂਦਾ ਹੈ ਤਾਂ ਉਸ ਨੂੰ ਆਪਣੇ ਆਪ ਦੀ ਬਹੁਤੀ ਸੁੱਧ-ਬੁੱਧ ਜਾਂ ਚੇਤਨਤਾ ਨਹੀਂ ਰਹਿੰਦੀ। ਆਮ ਹਾਲਤ ਵਿਚ ਬੰਦੇ ਦਾ ਮਨ ਉਸਦੇ ਪੂਰੇ ਨਿਯੰਤਰਣ ਵਿਚ ਹੁੰਦਾ ਹੈ। ਦਾਰੂ ਦੇ ਪ੍ਰਭਾਵ ਅਧੀਨ ਇਹ ਪਕੜ ਢਿੱਲੀ ਪੈ ਜਾਂਦੀ ਹੈ। ਸਮਾਜ ਦੇ ਭੈਅ ਅਧੀਨ ਅਸੀਂ ਸੱਚ ਤੇ ਹਕੀਕਤ ਨੂੰ ਅੰਦਰ ਹੀ ਨੱਪੀ ਘੁੱਟੀ ਰੱਖਦੇ ਹਾਂ। ਜਦੋਂ ਇਹ ਸੈਂਸਰ ਕਮਜ਼ੋਰ ਪੈ ਜਾਂਦਾ ਹੈ ਤਾਂ ਪੀਣ ਵਾਲੇ ਨੂੰ ਇਹ ਸਮਝ ਨਹੀਂ ਰਹਿੰਦੀ ਕਿ ਉਹਦੇ ਲਈ ਕੀ ਸੱਚਾ ਹੈ ਤੇ ਕੀ ਝੂਠਾ ? ਸੱਚਾਈ ਬੰਦੇ ਦੇ ਅੰਦਰੋਂ ਲਾਵਾ ਬਣ ਕੇ ਫੁਟਦੀ ਹੈ। ਕਈ ਰਾਜ਼ ਜੱਗ ਜਾਹਿਰ ਹੁੰਦੇ ਹਨ। ਇਹ ਦਾਰੂ ਦੀ ਅਦੁੱਤੀ ਦੇਣ ਹੈ। ਸ਼ੈਤਾਨੀਅਤ ਨਾਲ ਉਸ ਦਾ ਦਮ ਘੁਟਣ ਲੱਗਦਾ ਹੈ ਤੇ ਸੱਚ ਬੋਲ ਕੇ ਉਹ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰ ਵਿਖਾਉਂਦਾ ਹੈ।

ਦਾਰੂ ਦਾ ਇਹ ਅਜੋਕਾ ਕਿਰਦਾਰ, ਦਾਰੂ ਦੇ ਪਰੰਪਰਾਵਾਦੀ ਅਕਸ ਦੇ ਬਿਲਕੁਲ ਵਿਪਰੀਤ ਹੈ। ਦਾਰੂ ਪੀਣ ਵਾਲੇ ਬੰਦੇ ਨੂੰ ਸਾਡੇ ਸਮਾਜ ਵਿਚ ਆਮ ਤੌਰ 'ਤੇ ਭੰਡਿਆ ਨਿੰਦਿਆ ਤੇ ਦੁਰਕਾਰਿਆ ਜਾਂਦਾ ਹੈ। ਲੱਸੀ, ਦੁੱਧ ਤੇ ਚਾਹ ਕੌਫੀ ਪੀਣ ਵਾਲੇ ਨੂੰ ਸ਼ਰੀਫ ਤੇ ਨੇਕ ਦਿਲ। ਹਕੀਕਤ ਇਹ ਹੈ ਕਿ ਦਾਰੂ ਪੀਣ ਵਾਲੇ ਸ਼ਖ਼ਸ, ਨਾ ਪੀਣ ਵਾਲਿਆਂ ਨਾਲੋਂ ਵਧੇਰੇ ਮਾਨਵਵਾਦੀ ਰੁਚੀਆਂ ਵਾਲੇ ਹੁੰਦੇ ਹਨ। ਨਾ ਪੀਣ ਵਾਲੇ ਖਚਰੋਟ, ਮੀਸਣੇ ਤੇ ਚਾਪਲੂਸ ਕਿਸਮ ਦੇ ਹੁੰਦੇ ਹਨ। ਵਲ਼ ਵਲੇਵਿਆਂ ਵਾਲੇ। ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ। ਜੇਕਰ ਅਸਾਂ ਦੁੱਧ ਲੱਸੀਆਂ ਪੀ ਕੇ ਵੀ ਅਸੀਂ ਝੂਠ ਦਾ ਹੀ ਪੱਲਾ ਫੜਨਾ

ਹੈ ਤਾਂ ਇਸ ਨਾਲੋਂ ਸੱਚ ਬੋਲ ਕੇ ਦਾਰੂ ਪੀਣਾ ਤੇ ਪਿਲਾਣਾ ਸੌ ਗੁਣਾ ਵਧੇਰੇ ਕਲਿਆਣਕਾਰੀ ਹੈ।

ਸਭ ਤੋਂ ਘੱਟ ਦਾਰੂ ਮੁਸਲਮਾਨ ਪੀਂਦੇ ਹਨ। ਭਾਵੇਂ ਕਿ ਉਨ੍ਹਾਂ ਦੇ ਅਮੀਰਜ਼ਾਦੇ ਤੇ ਹੁਕਮਰਾਨ ਹਮੇਸ਼ਾਂ ਹੀ ਲੁਕ ਛਿਪ ਕੇ ਦਾਰੂ ਦੇ ਜਾਮ ਖੜਕਾਉਂਦੇ ਰਹੇ ਹਨ। ਬਾਬਰ, ਜਹਾਂਗੀਰ ਜਾਂ ਮੁਹੰਮਦ ਸ਼ਾਹ ਰੰਗੀਲੇ ਜਿੰਨੀ ਦਾਰੂ ਕੌਣ ਪੀਂਦਾ ਹੋਵੇਗਾ ? ਪਰ ਆਮ ਲੋਕਾਂ ਲਈ ਦਾਰੂ ਪੀਣਾ ਇਸਲਾਮ ਵਿਚ ਹਰਾਮ ਮੰਨਿਆ ਗਿਆ ਹੈ। ਸ਼ਾਇਦ ਇਹੀ ਕਾਰਨ ਹੈ ਕਿ ਬਹੁਤੇ ਮੁਸਲਮਾਨ ਲੋਕ ਮੀਸਣੇ, ਮੁਤੱਸਬੀ ਅਤੇ ਜ਼ਾਲਿਮ ਹੁੰਦੇ ਹਨ। ਬੰਦਾ ਮਾਰਦਿਆਂ ਮਿੰਟ ਨਹੀਂ ਲਾਉਂਦੇ। ਦਾਰੂ ਤੋਂ ਬਿਨਾਂ ਉਹ ਦੁਨੀਆ ਭਰ ਦੇ ਨਸ਼ੇ ਕਰਦੇ ਹਨ, ਜਿਸ ਨਾਲ ਉਨ੍ਹਾਂ ਵਿਚ ਦੁਨੀਆ ਭਰ ਦੀਆਂ ਕਮਜ਼ੋਰੀਆਂ ਪ੍ਰਵੇਸ਼ ਕਰ ਜਾਂਦੀਆਂ ਹਨ। ਅੱਜ ਕੱਲ੍ਹ ਇਨ੍ਹਾਂ ਦੇ ਮੂਲਵਾਦੀਆਂ ਨੇ ਚਾਰੇ ਕੂਟਾਂ ਵਿਚ ਆਤੰਕ ਮਚਾ ਰੱਖਿਆ ਹੈ। ਇਨ੍ਹਾਂ ਦੇ ਮੁਕਾਬਲੇ ਈਸਾਈ ਲੋਕ, ਜੋ ਕਿ ਦਾਰੂ ਦਾ ਸ਼ਰੇਆਮ ਤੇ ਹਰ ਜਗ੍ਹਾ ਸੇਵਨ ਕਰਦੇ ਹਨ, ਦੁਨੀਆ ਵਿਚ ਸਭ ਤੋਂ ਵਧੇਰੇ ਅਗਾਂਹਵਧੂ ਤੇ ਪ੍ਰਗਤੀਸ਼ੀਲ ਹਨ। ਇਨ੍ਹਾਂ ਦੇ ਖਾਣ ਪੀਣ ਵਿਚ ਕਿਸੇ ਕਿਸਮ ਦਾ ਕੋਈ ਪਾਖੰਡ ਜਾਂ ਮਨਾਹੀ ਨਹੀਂ। ਇਨ੍ਹਾਂ ਦਾ ਕਿਰਦਾਰ, ਆਮ ਤੌਰ 'ਤੇ ਮੁਸਲਮਾਨਾਂ ਨਾਲੋਂ ਵਧੇਰੇ ਮਨੁੱਖੀ ਖ਼ੂਬੀਆਂ ਨਾਲ ਭਰਪੂਰ ਹੁੰਦਾ ਹੈ। ਈਸਾਈ ਲੋਕ ਅਮੂਮਨ, ਖੁੱਲ੍ਹੇ ਦਿਲ, ਮੂੰਹ ਫਟ ਤੇ ਉਧਾਰਚਿਤ ਰੁਚੀਆਂ ਦੇ ਮਾਲਿਕ ਹੁੰਦੇ ਹਨ। ਇਨ੍ਹਾਂ ਲੋਕਾਂ ਦੇ ਸਦਕਾ ਹੀ ਦੁਨੀਆ ਵਿਚ ਵਿਗਿਆਨ, ਤਕਨਾਲੋਜੀ ਤੇ ਗਿਆਨ ਦਾ ਪ੍ਰਸਾਰ ਹੋਇਆ ਹੈ। ਬਾਕੀ ਬਹੁਤੇ ਧਰਮ ਤਾਂ ਇਨ੍ਹਾਂ ਦਾ ਦਿੱਤਾ ਹੀ ਖਾਣ ਵਾਲੇ ਹਨ।

ਸਾਡੇ ਸਮਾਜ ਵਿਚ ਪੀਣ ਵਾਲੇ ਅਫ਼ਸਰਾਂ ਤੇ ਹੁਕਮਰਾਨਾਂ ਦਾ ਕਿਰਦਾਰ, ਨਾ ਪੀਣ ਵਾਲਿਆਂ ਦੇ ਮੁਕਾਬਲੇ ਬੜਾ ਠੋਸ ਤੇ ਕਾਬਲੇ ਤਾਰੀਫ਼ ਹੁੰਦਾ ਹੈ। ਪੀਣ ਵਾਲੇ ਅਧਿਕਾਰੀਆਂ ਕੋਲੋਂ ਕੰਮ ਲੈਣਾ ਬੜਾ ਆਸਾਨ ਤੇ ਤਸੱਲੀ ਬਖ਼ਸ਼ ਹੁੰਦਾ ਹੈ। ਨਾ ਪੀਣ ਵਾਲੇ ਅਫ਼ਸਰ ਬਹੁਤੇ ਖ਼ੁਸ਼ਕ, ਸੜੀਅਲ, ਬੁਜ਼ਦਿਲ ਤੇ ਕਠੋਰ ਦਿਲ ਹੁੰਦੇ ਹਨ। ਅੱਵਲ ਤਾਂ ਇਹ ਲੋਕ ਕਿਸੇ ਦਾ ਕੰਮ ਕਰਨ ਦੀ ਜੁਰਅਤ ਨਹੀਂ ਕਰਦੇ। ਜੇਕਰ ਰੋਂਦੇ ਕੁਰਲਾਉਂਦੇ ਕਰ ਵੀ ਦੇਣ ਤਾਂ ਉਸ ਕੰਮ ਵਿਚ ਬਰਕਤ ਨਹੀਂ ਪੈਂਦੀ। ਪੈਸੇ ਵੀ ਠੋਕ ਕੇ ਲੈਂਦੇ ਹਨ ਤੇ ਵਗਾਰਾਂ ਪਾਉਣ ਵੇਲੇ ਸਭ ਤੋਂ ਅੱਗੇ। ਇਹ ਘਟੀਆ ਮਨੁੱਖੀ ਵਤੀਰਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਇਹ ਲੋਕ ਈਮਾਨਦਾਰ ਹੁੰਦੇ ਹਨ। ਪੈਸੇ ਲੈਣਾ ਚਾਹੁੰਦੇ ਹਨ ਪਰ ਪੈਸਾ ਜੁਰਅਤ ਨਾਲ ਹੀ ਕਮਾਇਆ ਜਾਂਦਾ ਹੈ, ਜਿਹੜੀ ਕਿ ਇਨ੍ਹਾਂ ਵਿਚ ਨਹੀਂ ਹੁੰਦੀ। ਥੁੱਕੀਂ ਵੜੇ ਨਹੀਂ ਪੱਕਦੇ। ਦਲੇਰੀ ਤੇ ਸੱਚਾਈ ਸਕੀਆਂ ਭੈਣਾਂ ਹਨ। ਦਾਰੂ ਇਨ੍ਹਾਂ ਨੂੰ ਇਕ ਮੰਚ 'ਤੇ ਲਿਆਉਣ ਲਈ ਹਮੇਸ਼ਾ ਯਤਨਸ਼ੀਲ ਹੁੰਦਾ ਹੈ।

ਲੱਖ ਸਿਆਪੇ, ਲੱਖ ਪੁਆੜੇ, ਉਮਰ ਗਵਾ ਲਈ ਭੰਗ ਦੇ ਭਾੜੇ।
ਮਹਿਖ਼ਾਨੇ ਵਿਚ ਬੀਤੇ ਜਿਹੜੇ, ਮਾਣੇ ਉਹੀ ਚਾਰ ਦਿਹਾੜੇ।

• •

ਲੱਖ ਦੁੱਖ ਤੇ ਦਾਰੂ ਸਵਾ ਲੱਖ

ਸਾਡੇ ਮੁਲਕ ਵਿਚ ਇਖ਼ਲਾਕ ਦੀ ਪਰਿਭਾਸ਼ਾ ਬੜੀ ਨਿਰਾਲੀ ਹੈ। ਵਧੇਰੇ ਕਰਕੇ ਕਿਸੇ ਵਿਅਕਤੀ ਤੇ ਜਿਨਸੀ ਸੰਬੰਧਾਂ ਨਾਲ ਹੀ ਇਖ਼ਲਾਕ ਨੂੰ ਪਰਖਿਆ ਗਿਆ ਹੈ। ਜੇਕਰ ਕਿਸੇ ਕਾਰਨ ਕਰਕੇ ਉਸਨੇ ਦੂਜੀ ਸ਼ਾਦੀ ਕੀਤੀ ਹੋਵੇ ਤਾਂ ਉਸ ਨੂੰ ਬਦਇਖਲਾਕੀ ਵੱਲ ਪੁੱਟਿਆ ਇਕ ਕਦਮ ਸਮਝਿਆ ਜਾਵੇਗਾ। ਜੇਕਰ ਕੋਈ ਮੀਟ ਮੁਰਗਾ ਖਾਣ ਦਾ ਸ਼ੌਕੀਨ ਹੋਵੇ ਤਾਂ ਉਸ ਨੂੰ ਐਸ਼-ਪ੍ਰਸਤ ਸਮਝਿਆ ਜਾਂਦਾ ਹੈ। ਐਸ਼ ਕਰਨੀ ਸਾਡੇ ਸਮਾਜ ਵਿਚ ਇਕ ਇਖ਼ਲਾਕੀ ਨੁਕਸ ਸਮਝਿਆ ਜਾਂਦਾ ਹੈ। ਜੇਕਰ ਕੋਈ ਦਾਰੂ ਪੀਣ ਦਾ ਸ਼ੌਕੀਨ ਹੋਵੇ ਤਾਂ ਉਸ ਨੂੰ ਸ਼ਰਾਬੀ-ਕਬਾਬੀ ਕਹਿ ਕੇ ਭੰਡਿਆ ਜਾਂਦਾ ਹੈ। 'ਉਹ ਤਿੱਤਰ ਬਟੇਰੇ ਖਾਂਦਾ ਹੈ, ਉਹ ਮੁਰਦਾਰ ਖਾਂਦਾ ਹੈ, ਉਹ ਜੀਵਾਂ ਨੂੰ ਮਾਰ ਕੇ ਖਾਂਦਾ ਹੈ, ਉਹ ਨਰਕਾਂ ਦਾ ਭਾਗੀ ਹੈ।' ਸਾਡੇ ਸਮਾਜ ਵਿਚ ਜਿਹੜਾ ਵਿਅਕਤੀ ਮਾਸ ਸ਼ਰਾਬ ਨੂੰ ਹੱਥ ਨਹੀਂ ਲਾਉਂਦਾ, ਹੋਟਲਾਂ ਤੇ ਕਲੱਬਾਂ ਦੀਆਂ ਮਹਿਫ਼ਲਾਂ ਵਿਚ ਹਿੱਸਾ ਨਹੀਂ ਲੈਂਦਾ, ਉਸ ਵਿਚ ਕੋਈ ਇਖ਼ਲਾਕੀ ਨੁਕਸ ਨਹੀਂ ਹੋ ਸਕਦਾ। ਉਹ ਦੁੱਧ ਨਹਾਤਾ ਹੈ, ਉਹ ਪਾਕ ਪਵਿੱਤਰ ਹੈ। ਇਖ਼ਲਾਕ ਦੇ ਅਜਿਹੇ ਥੋਥੇ ਪੈਮਾਨੇ ਸਾਡੀ ਰੋਜ਼ਮੱਰਾ ਸੋਚ ਦਾ ਹਿੱਸਾ ਹਨ। ਅਸਾਂ ਨੇ ਇਖ਼ਲਾਕ ਨੂੰ ਇੰਨੇ ਸੌੜੇ ਦਾਇਰਿਆਂ ਵਿਚ ਬੰਦ ਕਰ ਰੱਖਿਆ ਹੈ। ਸ਼ਾਇਦ ਇਹੀ ਕਾਰਨ ਹੈ ਕਿ ਹਾਲੇ ਤਕ ਅਸੀਂ ਇਖ਼ਲਾਕ ਦੇ ਲਾਗੇ-ਸ਼ਾਗੇ ਵੀ ਨਹੀਂ ਪਹੁੰਚ ਸਕੇ। ਜਿਵੇਂ ਜਿਵੇਂ ਅਸਾਂ ਸਦਾਚਾਰੀ ਬਣਨ ਦੇ ਯਤਨ ਕੀਤੇ, ਤਿਵੇਂ ਤਿਵੇਂ ਅਸੀਂ ਵਧੇਰੇ ਦੰਭੀ ਤੇ ਫਰੇਬੀ ਬਣਦੇ ਗਏ। 'ਦਰਦ ਬੜਤਾ ਗਯਾ ਜਿਉਂ ਜਿਉਂ ਦਵਾ ਕੀ'।

ਸਾਡੇ ਸਮਾਜ ਵਿਚ ਸ਼ਰਾਬ ਪੀਣ ਵਾਲੇ ਨੂੰ ਹਮੇਸ਼ਾ ਸ਼ੱਕ ਦੀ ਨਜ਼ਰ ਨਾਲ ਵੇਖਿਆ ਗਿਆ ਹੈ। ਸਦੀਆਂ ਤੋਂ ਇਹ ਖੁੱਲਮ-ਖੁੱਲ੍ਹਾ ਪ੍ਰਚਾਰ ਕੀਤਾ ਗਿਆ ਹੈ ਕਿ ਸ਼ਰਾਬ ਸਭ ਬਿਮਾਰੀਆਂ ਦੀ ਜੜ੍ਹ ਹੈ। ਨਰਮ ਨੂੰ ਜਾਣ ਦੀ ਇਕ ਰਾਹਦਾਰੀ। ਵੇਖਣਾ ਇਹ ਹੈ ਕਿ ਸ਼ਰਾਬ ਵਿਚ ਉਹ ਕਿਹੜੀਆਂ ਖਰਾਬੀਆਂ ਹਨ ਜਿਨ੍ਹਾਂ ਕਰਕੇ ਇਸਦਾ ਸੇਵਨ ਕਰਨ ਵਾਲੇ ਨੂੰ ਲੁੱਚਾ ਲਫੰਗਾ, ਵਿਭਚਾਰੀ ਤੇ ਵੈਲੀ ਸਮਝਿਆ ਜਾਂਦਾ ਹੈ। ਅੱਜ ਵੀ ਸਾਡੇ ਸਮਾਜਿਕ ਰਹਿਬਰਾਂ ਦੀ ਇਹੀ ਸੋਚ ਹੈ। ਸਾਡੇ ਇਖ਼ਲਾਕ ਦਾ ਨਿਰਣੈ ਉਹ ਕਰਦੇ ਹਨ, ਜਿਨ੍ਹਾਂ ਦਾ ਆਪਣਾ ਚਰਿੱਤਰ ਵਿਵਾਦਾਂ ਦੇ ਘੇਰੇ ਵਿਚ ਹੁੰਦਾ ਹੈ।

ਸ਼ਰਾਬ ਵਿਚ ਇਹ ਨੁਕਸ ਹੋ ਸਕਦਾ ਹੈ ਕਿ ਇਸਦੀ ਕਿਸਮ ਚੰਗੀ ਜਾਂ ਮਾੜੀ ਹੋਵੇ। ਇਸ ਤੋਂ ਇਲਾਵਾ ਬਾਕੀ ਨੁਕਸ ਪੀਣ ਵਾਲੇ ਜਾਂ ਉਸਦੇ ਪੀਣ ਦੇ ਕਾਇਦੇ ਵਿਚ ਹੀ ਪਾਏ ਜਾਂਦੇ ਹਨ। ਇਸਦਾ ਕਿਸੇ ਵਿਅਕਤੀ ਦੇ ਇਖ਼ਲਾਕ ਜਾਂ ਵਿਹਾਰ ਨਾਲ ਕੋਈ

ਸੰਬੰਧ ਨਹੀਂ। ਇਹ ਤਾਂ ਸਗੋਂ ਚੰਗੇ ਮਾੜੇ ਬੰਦੇ ਦੀ ਪਰਖ ਕਰਦੀ ਹੈ। ਜੋ ਅੰਦਰ ਲਕੋਇਆ ਹੁੰਦਾ ਹੈ, ਉਹ ਪੀਣ ਉਪਰੰਤ ਤੇਲ ਵਾਂਗ ਉਪਰ ਆ ਜਾਂਦਾ ਹੈ। ਜੇ ਇਸ ਨੂੰ ਕੋਈ ਸੁੱਘੜ ਵਿਅਕਤੀ ਪੀਵੇਗਾ ਤਾਂ ਉਹ ਪੀ ਕੇ ਆਪਣੇ ਦਾਨੇਪਣ ਦਾ ਸਬੂਤ ਦੇਵੇਗਾ ਅਤੇ ਜੇ ਇਸ ਨੂੰ ਕੋਈ ਕਮੀਨਾ ਜਾਂ ਕੰਮਚੋਰ ਪੀਵੇਗਾ ਤਾਂ ਉਹ ਆਪਣੇ ਕਮੀਨੇਪਣ ਨੂੰ ਲੁਕਾ ਨਹੀਂ ਸਕੇਗਾ। ਲੱਸੀ ਜਾਂ ਸ਼ਰਬਤ ਪੀਣ ਵਾਲੇ ਬੰਦੇ ਬਾਰੇ ਕੋਈ ਇਲਮ ਨਹੀਂ ਹੁੰਦਾ ਪਰੰਤੂ ਦਾਰੂ ਦੇ ਦੋ ਹਾੜੇ ਪੀਣ ਵਾਲੇ ਦੀਆਂ ਬੁਰਾਈਆਂ ਚੰਗਿਆਈਆਂ ਨਿਤਾਰ ਕੇ ਰੱਖ ਦਿੰਦੇ ਹਨ।

ਸ਼ਰਾਬ ਬਾਰੇ ਬਹੁਤੀਆਂ ਗ਼ਲਤ ਫਹਿਮੀਆਂ ਉਸਦੇ ਪੀਣ ਦੇ ਢੰਗ ਤੋਂ ਉਪਜਦੀਆਂ ਹਨ। ਬਹੁਤੀ ਤੇ ਲਗਾਤਾਰ ਸ਼ਰਾਬ ਪੀਣ ਵਾਲਾ ਬੰਦਾ ਉਲਾਰੂ ਬੁੱਧੀ ਵਾਲਾ ਹੋਵੇਗਾ। ਇਸ ਪ੍ਰਵਿਰਤੀ ਨੂੰ ਕੋਈ ਵੀ ਸਭਿਅਕ ਸਮਾਜ ਪ੍ਰਵਾਨ ਨਹੀਂ ਕਰੇਗਾ। ਇਸੇ ਤਰ੍ਹਾਂ ਜੇਕਰ ਕੋਈ ਬਹੁਤਾ ਭੋਜਨ ਖਾਵੇ ਅਤੇ ਲਗਾਤਾਰ ਖਾਣ ਵੱਲ ਵੀ ਧਿਆਨ ਰੱਖੇ ਤਾਂ ਉਸ ਨੂੰ ਪੇਟੂ ਜਾਂ ਪਸ਼ੂ ਕਹਿ ਕੇ ਭੰਡਿਆ ਜਾਂਦਾ ਹੈ। ਇਸੇ ਤਰ੍ਹਾਂ ਵਧੇਰੇ ਦੁੱਧ ਜਾਂ ਪਾਣੀ ਜਾਂ ਅੰਮ੍ਰਿਤ ਪੀਣਾ ਸਿਹਤ ਲਈ ਹਾਨੀਕਾਰਕ ਹੋਵੇਗਾ। ਕਿਸੇ ਵੀ ਵਸਤੂ ਦੀ ਬਹੁਤਾਤ ਜਿਸਮਾਨੀ ਅਤੇ ਇਖ਼ਲਾਕੀ ਵਿਗਾੜ ਪੈਦਾ ਕਰਦੀ ਹੈ। ਖਾਣ ਪੀਣ ਦੇ ਕੁਝ ਨਿਯਮ ਹਨ, ਜਿਨ੍ਹਾਂ ਦੀ ਪਾਲਣ ਕਰਨ ਨਾਲ ਬੰਦੇ ਦੀ ਖ਼ੁਸ਼ੀ ਤੇ ਸਿਹਤ ਕਾਇਮ ਰਹਿੰਦੇ ਹਨ।

ਸ਼ਰਾਬ ਸਾਰੇ ਜਗਤ ਵਿਚ ਪੀਤੀ ਜਾਂਦੀ ਹੈ। ਇਸਦਾ ਨਾਮ ਲੈਣ ਨਾਲ ਹੀ ਚਿਹਰੇ ਰੌਸ਼ਨ ਹੋ ਜਾਂਦੇ ਹਨ। ਇਹ ਬਹੁਤ ਪ੍ਰਚਲਤ ਹੈ। ਇਹ ਇਨਸਾਨਾਂ ਦੀ ਹਰਮਨ ਪਿਆਰੀ ਖ਼ੁਰਾਕ ਦਾ ਇਕ ਹਿੱਸਾ ਹੈ। ਇਸਦਾ ਸੇਵਨ ਵੱਖਰੇ ਵੱਖਰੇ ਸਮਾਜਾਂ ਵਿਚ ਆਪਣੇ ਆਪਣੇ ਰੀਤੀ-ਰਿਵਾਜਾਂ ਮੁਤਾਬਕ ਕੀਤਾ ਜਾਂਦਾ ਹੈ। ਇਹ ਕਲਾਕਾਰਾਂ, ਲਿਖਾਰੀਆਂ, ਸ਼ਾਇਰਾਂ ਤੇ ਹੋਰ ਬੁੱਧੀਜੀਵੀਆਂ ਦੀ ਜਿੰਦ ਜਾਨ ਹੈ। ਸ਼ੈਕਸਪੀਅਰ ਤੋਂ ਲੈ ਕੇ ਸ਼ਿਵ ਕੁਮਾਰ ਤਕ ਇਸਦਾ ਸੇਵਨ ਕਰਨ ਦੇ ਬਾਵਜੂਦ ਕਲਾ ਤੇ ਸ਼ਾਇਰੀ ਦੀਆਂ ਬੁਲੰਦੀਆਂ ਪ੍ਰਾਪਤ ਕਰਨ ਵਿਚ ਸਫ਼ਲ ਹੋਏ। ਜਗਤ ਵਿਚ ਜਿਨ੍ਹਾਂ ਵੀ ਮਹਾਨ ਕਲਾਕਾਰਾਂ ਜਾਂ ਲਿਖਾਰੀਆਂ ਨੇ ਨੋਬੇਲ ਪੁਰਸਕਾਰ ਪ੍ਰਾਪਤ ਕੀਤੇ ਹਨ, ਉਹ ਇਸਦਾ ਥੋੜ੍ਹਾ ਬਹੁਤਾ ਸੇਵਨ ਕਰਦੇ ਸਨ। ਇਸੇ ਤਰ੍ਹਾਂ ਉਲੰਪਿਕ ਖੇਡਾਂ ਵਿਚ ਜਿਨ੍ਹਾਂ ਵੀ ਖਿਡਾਰੀਆਂ ਨੇ ਭਾਗ ਲਿਆ ਹੈ ਤੇ ਤਗਮੇ ਹਾਸਿਲ ਕੀਤੇ ਹਨ, ਉਨ੍ਹਾਂ ਵਿਚੋਂ ਬਹੁਤੇ ਦਾਰੂ ਸੇਵਨ ਕਰਨ ਦੇ ਸ਼ੌਕੀਨ ਹੁੰਦੇ ਹਨ। ਇਸ ਲਈ ਇਹ ਪ੍ਰਚਾਰ ਕਰਨਾ ਕਿ ਸ਼ਰਾਬ ਪੀਣ ਵਾਲਾ ਨਿਕੰਮਾ ਤੇ ਵਿਭਚਾਰੀ ਹੁੰਦਾ ਹੈ, ਇਹ ਕੇਵਲ ਭਾਰਤੀ ਤੇ ਪੰਡਤਾਊ ਵਿਚਾਰ ਹੈ। ਨਿਰੀ ਬਕਵਾਸ।

ਜੇਕਰ ਸ਼ਰਾਬ ਪੀਣੀ ਅਸਲੀ ਰੂਪ ਵਿਚ ਮਾੜੀ ਜਾਂ ਨੁਕਸਾਨ ਦੇਹ ਹੁੰਦੀ ਤਾਂ ਇਸਦਾ ਜਗਤ ਵਿਚੋਂ ਖਾਤਮਾ ਹੋ ਜਾਣਾ ਸੀ। ਜਿੰਨੀ ਵਿਰੋਧਤਾ ਤੇ ਭੰਡੀ ਪ੍ਰਚਾਰ ਇਸ ਵਿਰੁੱਧ ਹੋਇਆ ਹੈ, ਓਨੀ ਹੀ ਇਹ ਵਧੇਰੇ ਹਰਮਨ ਪਿਆਰੀ ਹੋਈ ਹੈ। ਸਦੀਆਂ ਦੀ ਵਿਰੋਧਤਾ ਦੇ ਬਾਵਜੂਦ ਇਹ ਅਜੇ ਵੀ ਇਨਸਾਨ ਦੀਆਂ ਕਮਜ਼ੋਰੀਆਂ ਵਿਚੋਂ ਇਕ ਗਿਣੀ ਜਾਂਦੀ ਹੈ। ਇਸ ਨੂੰ ਸਦੀਆਂ ਤੋਂ ਗ਼ਮ ਗਲਤ ਕਰਨ ਲਈ ਵਰਤਿਆ ਗਿਆ ਹੈ। ਗ਼ਮ ਤੇ ਮੁਸੀਬਤਾਂ ਦੇ ਮਾਰੇ ਇਸ ਦੀ ਬੁੱਕਲ ਵਿਚ ਆ ਕੇ ਆਪਣਾ ਸੰਤੁਲਨ ਕਾਇਮ

ਰੱਖਣ ਵਿਚ ਕਾਮਯਾਬ ਹੁੰਦੇ ਹਨ। ਇਸਦੇ ਪਹਿਲੂ ਵਿਚ ਆ ਕੇ ਜੀਵਨ ਦੇ ਸੰਘਰਸ਼ ਦੀ ਤਪਸ਼ ਘਟਦੀ ਹੈ ਤੇ ਕਈ ਰੋਗ ਦੂਰ ਹੁੰਦੇ ਹਨ। ਦਵਾਈਆਂ ਵਿਚ ਤਾਂ ਸ਼ਰਾਬ ਦਾ ਇਸਤੇਮਾਲ ਸਦੀਆਂ ਤੋਂ ਹੋ ਰਿਹਾ ਹੈ। ਇਹ ਦਵਾਈ ਦੀ ਦਵਾਈ ਤੇ ਮਠਿਆਈ ਦੀ ਮਠਿਆਈ ਹੈ। ਭਾਵੇਂ ਇਹ ਸਵਾਦ ਵਿਚ ਕੜਵੀ ਹੁੰਦੀ ਹੈ ਪਰ ਇਸਦੇ ਫਲ ਮਿੱਠੇ ਅਤੇ ਸਿਹਤਮੰਦ ਹੁੰਦੇ ਹਨ।

ਅੱਜ ਦੇ ਯੁੱਗ ਵਿਚ ਭੱਜ-ਦੌੜ ਬਹੁਤ ਵਧ ਗਈ ਹੈ। ਹਰ ਕੰਮ ਰਫ਼ਤਾਰ ਨਾਲ ਕੀਤਾ ਜਾਂਦਾ ਹੈ। ਆਪਣੇ ਕੰਮ ਧੰਦਿਆਂ ਵਿਚ ਲੋਕੀਂ ਦਗੜ ਦਗੜ ਭੱਜੇ ਫਿਰਦੇ ਹਨ। ਅਤੇ ਇਕ ਦੂਜੇ ਨੂੰ ਪਿੱਛੇ ਧੱਕਣ ਦੇ ਯਤਨ ਵਿਚ ਹਨ। ਇਸਦਾ ਸਿੱਟਾ ਮਾਨਸਿਕ ਬੇਚੈਨੀ ਤੇ ਦਬਾਅ ਹੁੰਦਾ ਹੈ। ਮਾਨਸਿਕ ਉਲਝਣਾਂ ਤੇ ਬੇਕਰਾਰੀ ਦੇ ਇਸ ਆਲਮ ਵਿਚ ਸ਼ਰਾਬ ਦੇ ਦੋ ਘੁੱਟ ਬੰਦੇ ਨੂੰ ਦੁਬਾਰਾ ਤਰੋਤਾਜ਼ਾ ਕਰਕੇ ਜੀਵਨ ਦੀ ਦੌੜ ਵਿਚ ਬਣਾਈ ਰੱਖਦੇ ਹਨ। ਜੋ ਵਿਅਕਤੀ ਕਿਸੇ ਧਾਰਮਿਕ ਜਾਂ ਇਖ਼ਲਾਕੀ ਕਾਰਨ ਕਰਕੇ ਇਸਦਾ ਸੇਵਨ ਕਰਨ ਤੋਂ ਗੁਰੇਜ਼ ਕਰਦੇ ਹਨ, ਉਹ ਕਈ ਮਾਨਸਿਕ ਉਲਝਣਾਂ ਦਾ ਸ਼ਿਕਾਰ ਹੋ ਜਾਂਦੇ ਹਨ। ਉਹ ਸਨਕੀ ਤੇ ਉਦਾਸ ਹੋ ਜਾਂਦੇ ਹਨ ਅਤੇ ਮਨੋਵਿਗਿਆਨੀਆਂ ਮਗਰ ਭੱਜੇ ਫਿਰਦੇ ਹਨ। ਖਾਣ ਪੀਣ ਵਾਲੇ ਬੰਦੇ ਇਕ ਖੁੱਲ੍ਹੀ ਕਿਤਾਬ ਹੁੰਦੇ ਹਨ। ਜਦੋਂ ਕਿ ਪਰਹੇਜ਼ੀ ਮੀਸਣੇ ਤੇ ਮੱਕਾਰ ਵੀ ਹੋ ਸਕਦੇ ਹਨ। ਖਾਣ ਪੀਣ ਵਾਲੇ ਬੰਦੇ ਜੀਵਨ ਵਿਚ ਵਧੇਰੇ ਸਫ਼ਲ, ਖ਼ੁਸ਼ ਅਤੇ ਸੰਤੁਸ਼ਟ ਹੁੰਦੇ ਹਨ ਜਦੋਂ ਕਿ ਪਰਹੇਜ਼ੀਆਂ ਨੂੰ ਮੰਜ਼ਿਲ ਪ੍ਰਾਪਤੀ ਦੀ ਤਾਂਘ ਹੀ ਰਹਿੰਦੀ ਹੈ। ਸੇਵਨ ਕਰਨ ਵਾਲੇ ਪਹੁੰਚੇ ਹੁੰਦੇ ਹਨ ਪਰ ਪਰਹੇਜ਼ੀ ਅਜੇ ਜੀਵਨ ਦੀ ਦੌੜ ਵਿਚ ਹੀ ਭਟਕਦੇ ਫਿਰਦੇ ਹਨ। ਇਸ ਨਿਮਾਣੀ ਸ਼ਰਾਬ ਨੂੰ ਕਿਉਂ ਮੰਦਾ ਆਖੀਏ ਜੇ ਇਸਨੇ ਜਗਤ ਵਿਚ ਸਾਹਿਤ, ਕਲਾ ਤੇ ਵਿਗਿਆਨ ਦੇ ਭੰਡਾਰ ਪੈਦਾ ਕੀਤੇ ਹਨ। ਦੁਨੀਆ ਵਿਚ ਚਹਿਲ ਪਹਿਲ ਤੇ ਰੰਗੀਨੀ ਪੈਦਾ ਕੀਤੀ ਹੈ। ਇਸੇ ਕਾਰਨ ਇਸ ਨੂੰ ਲੱਖ ਦੁੱਖਾਂ ਦੀ ਇਕ ਦਵਾ ਆਖਿਆ ਗਿਆ ਹੈ। ਜੋ ਸੱਚ ਹੈ।

ਪੀ ਗਿਆ ਬੂੰਦ ਜੋ, ਸਾਕੀ ਤੇਰੇ ਮਹਿਖਾਨੇ ਸੇ
ਉਸ ਨੇ ਮੂੰਹ ਮੋੜ ਲੀਆ, ਕਾਅਬੇ ਸੇ, ਬੁਤਖਾਨੇ ਸੇ।

• •

ਕੁਛ ਬਾਤ ਹੈ ਕਿ ਹਸਤੀ...

ਅਲਾਮਾ ਇਕਬਾਲ ਨੇ ਫ਼ਖ਼ਰ ਨਾਲ ਇਹ ਹਿੰਦੋਸਤਾਨ ਬਾਰੇ ਲਿਖਿਆ ਸੀ—ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ, ਸਦੀਓਂ ਰਹਾ ਹੈ ਦੁਸ਼ਮਣ ਦੌਰੇ ਜ਼ਮਾਂ ਹਮਾਰਾ। ਹਜ਼ਾਰਾਂ ਸਾਲ ਪੱਛਮ ਤੋਂ ਹਮਲਾਵਰ ਭਾਰਤ ਨੂੰ ਲੁੱਟਣ ਤੇ ਇਸਦੀ ਹਸਤੀ ਨੂੰ ਮੂਲੋਂ ਮਿਟਾਉਣ ਲਈ ਚਾਲਾਂ ਚੱਲਦੇ ਅਤੇ ਮਨਸੂਬੇ ਬਣਾਉਂਦੇ ਰਹੇ। ਪਰੰਤੂ ਹਿੰਦੋਸਤਾਨ ਅੱਜ ਵੀ ਦੁਨੀਆ ਲਈ ਸਭਿਅਤਾ, ਸੰਸਕ੍ਰਿਤੀ, ਫ਼ਲਸਫ਼ੇ ਅਤੇ ਅਧਿਆਤਮਵਾਦ ਦਾ ਮੁੱਖ ਕੇਂਦਰ ਹੈ। ਇਵੇਂ ਹੀ ਭਾਰਤ ਦੀ 'ਪਵਿੱਤਰ ਧਰਤੀ' ਉਪਰ ਜਿਥੇ ਵੇਦ ਤੇ ਉਪਨਿਸ਼ਦ ਰਚੇ ਗਏ, ਦਾਰੂ ਦੀ ਰੱਜ ਕੇ ਵਿਰੋਧਤਾ ਤੇ ਕੁੱਤੇ ਖਾਣੀ ਕੀਤੀ ਗਈ। ਭਾਵੇਂ ਕਿ ਇਨ੍ਹਾਂ ਮਹਾਨ ਗ੍ਰੰਥਾਂ ਦੇ ਰਚੇਤਾ ਅਤੇ ਰਿਸ਼ੀ ਮੁਨੀ ਸੋਮਰਸ ਦਾ ਸੇਵਨ ਬੜੀ ਮਾਣ ਮਰਿਆਦਾ ਨਾਲ ਲੁਕ ਛਿਪ ਕੇ ਕਰਦੇ ਸਨ। ਪੰਡਤਾਂ ਤੇ ਪ੍ਰੋਹਤਾਂ ਨੇ ਦਾਰੂ ਨੂੰ ਡੈਣ, ਕੁਲਹਿਣੀ ਅਤੇ ਚੁੜੇਲ ਬਣਾ ਕੇ ਪੇਸ਼ ਕੀਤਾ। ਇਸਦਾ ਸੇਵਨ ਕਰਨ ਵਾਲਿਆਂ ਨੂੰ ਚੰਡਾਲ, ਵਹਿਸ਼ੀ ਤੇ ਦੁਸ਼ਟ ਕਿਹਾ ਗਿਆ ਅਤੇ ਉਨ੍ਹਾਂ ਦਾ ਸ਼ਰੇਆਮ ਸਮਾਜਕ ਬਹਿਸ਼ਕਾਰ ਕੀਤਾ ਗਿਆ। ਬ੍ਰਾਹਮਣਾਂ ਦੀ ਇਜ਼ਾਰੇਦਾਰੀ ਸਮਾਜ ਉਪਰ ਇੰਨੀ ਮਜਬੂਤ ਸੀ ਕਿ ਸਿਰਫ਼ ਰਾਜਿਆਂ ਰਾਣਿਆਂ ਨੂੰ ਛੱਡ ਕੇ ਹਰੇਕ ਵਿਅਕਤੀ ਸ਼ਰਾਬ ਪੀਣ ਨੂੰ ਪਾਪ ਸਮਝਣ ਲੱਗਾ। ਪੰਡਤਾਂ ਦੀ ਤੂਤੀ ਅਸਮਾਨਾਂ ਤਕ ਗੂੰਜਣ ਲੱਗੀ। ਪੰਡਤ ਵੀ ਸ਼ਾਇਦ ਅੰਦਰਖਾਤੇ ਪੀਂਦੇ ਹੋਣ, ਤਾਂ ਹੀ ਤਾਂ ਉਨ੍ਹਾਂ ਨੇ ਰਾਜੇ ਸ਼ਹਿਜ਼ਾਦਿਆਂ ਵਾਂਗ ਦਾਰੂ ਨੂੰ ਸ਼ਾਹੀ ਖ਼ੁਰਾਕ ਸਮਝ ਕੇ ਆਮ ਆਦਮੀ ਨੂੰ ਇਸਦਾ ਸੇਵਨ ਕਰਨ ਤੋਂ ਰੋਕਿਆ ਸੀ। ਜੀਹਨੂੰ ਮਾਝੇ ਗਾਮੇ ਹੀ ਪੀਣ ਲੱਗ ਜਾਣ, ਉਹ 'ਸ਼ਾਹੀ ਖ਼ੁਰਾਕ' ਕਿਵੇਂ ਹੋ ਸਕਦੀ ਸੀ ? ਮੰਨੂਵਾਦ ਜ਼ਿੰਦਾਬਾਦ!

'ਜਬ ਜਬ ਤੁਮੇਂ ਭੁਲਾਇਆ ਤੁਮ ਔਰ ਯਾਦ ਆਏ'। ਸ਼ਰਾਬ ਜੇਕਰ ਨਿਰਾ ਜ਼ਹਿਰ ਜਾਂ ਸ਼ਰਾਰਤੀ ਪਾਣੀ ਹੀ ਹੁੰਦਾ ਤਾਂ ਸਿਆਣੇ ਲੋਕਾਂ ਨੇ ਕਦੇ ਦਾ ਇਸਦਾ ਸਾਥ ਛੱਡ ਜਾਣਾ ਸੀ। ਪਰ ਅਜਿਹਾ ਨਹੀਂ ਹੋਇਆ ਕਿਉਂਕਿ ਇਹ ਭੰਡੀ ਪ੍ਰਚਾਰ ਨਿਰਮੂਲ ਤੇ ਝੂਠਾ ਸੀ। ਇਸੇ ਲਈ ਸਹੀ ਮਾਤਰਾ ਵਿਚ ਸੋਮਰਸ ਦਾ ਇਸਤੇਮਾਲ ਕਰਨ ਵਾਲੇ ਇਸ ਨੂੰ ਗਿਜ਼ਾ ਜਾਂ ਅੰਮ੍ਰਿਤ ਹੀ ਸਮਝਦੇ ਰਹੇ। ਜ਼ਹਿਰ ਇਹ ਉਨ੍ਹਾਂ ਲੋਕਾਂ ਲਈ ਬਣ ਗਿਆ ਜੋ ਕਿ ਪੀ ਪੀ ਕੇ ਦਾਰੂ ਨੂੰ ਮੁਕਾਉਣ ਲੱਗੇ। ਪਰੰਤੂ ਇਹ ਤਾਂ ਆਤਮਘਾਤ ਕਰਨ ਵਾਲੀ ਗੱਲ ਸੀ। ਇਸ ਲਈ ਉਹ ਮੁੱਕ ਗਏ, ਦਾਰੂ ਨਹੀਂ। ਵਾਧੂ ਵਰਤੋਂ ਨਾਲ ਦਾਰੂ ਕੀ, ਦੁਨੀਆ ਦੀ ਹਰੇਕ ਖਾਣ ਪੀਣ ਵਾਲੀ ਚੀਜ਼ ਜ਼ਹਿਰ ਬਣ ਸਕਦੀ ਹੈ। ਅੰਮ੍ਰਿਤ ਵੀ ਜ਼ਹਿਰ ਬਣ ਸਕਦਾ ਹੈ। ਗ਼ਲਤੀ ਗਲਤ ਵਰਤੋਂ ਦੀ ਹੈ, ਦਾਰੂ ਦੀ ਨਹੀਂ। ਇਸੇ ਲਈ ਜਿਉਂ ਜਿਉਂ

ਸਮਾਜ ਨੂੰ ਦੁਰਕਾਰ ਕੇ ਸਮਾਜ ਤੋਂ ਜਲਾਵਤਨ ਕਰਨ ਦੀ ਕੋਸ਼ਿਸ਼ ਹੁੰਦੀ ਰਹੀ, ਤਿਉਂ-ਤਿਉਂ ਦਾਰੂ ਹਰਮਨ ਪਿਆਰਾ ਹੁੰਦਾ ਗਿਆ। ਸਮਾਜਿਕ ਕਲੰਕ ਤੋਂ ਡਰਦੇ ਲੋਕ ਅੰਦਰਖਾਤੇ ਪੀਣ ਲੱਗੇ। ਉਥੇ ਕਾਨੂੰਨ ਦੇ ਹੱਥ ਨਹੀਂ ਪਹੁੰਚਦੇ ਸਨ। ਰਾਜਿਆਂ ਰਾਣਿਆਂ ਤਾਂ ਪੀਣੀ ਹੀ ਸੀ, ਜਨ ਸਾਧਾਰਨ ਵੀ ਪੀਣ ਦੀ ਲਾਲਸਾ ਕਰਨ ਲੱਗੇ। ਇਸ ਦੰਭੀ ਤੇ ਪਖੰਡੀ ਸਮਾਜ ਦਾ ਇਹ ਦਸਤੂਰ ਬਣ ਗਿਆ ਕਿ ਜ਼ਬਾਨੀ ਜਾਂ ਜਨਤਕ ਤੌਰ 'ਤੇ ਸਾਡੇ ਸਮਾਜਿਕ ਤੇ ਧਾਰਮਿਕ ਨੇਤਾ ਇਸ ਨੂੰ ਨਿੰਦਣ ਭੰਡਣ ਲੱਗੇ ਪਰੰਤੂ ਅੰਦਰ ਖਾਤੇ ਇਸ ਨਾਲ ਮੋਹ ਤੇ ਯਾਰੀ ਪੀਡੀ ਹੁੰਦੀ ਗਈ। ਸਾਡੇ ਹਰੇਕ ਵਰਗ ਦੇ ਨੇਤਾ ਦਿਨ ਵੇਲੇ ਸਭਾ ਸੁਸਾਇਟੀਆਂ ਅਤੇ ਇਕੱਠਾਂ ਵਿਚ ਦਾਰੂ ਦੀ ਭਰਪੂਰ ਨਿੰਦਾ ਅੱਡੀਆਂ ਚੁੱਕ ਚੁੱਕ ਕਰਦੇ ਰਹੇ ਪਰੰਤੂ ਸੂਰਜ ਅਸਤ ਹੁੰਦਿਆਂ ਹੀ ਉਹ ਵੀ ਆਪਣੇ ਮਹਿਖ਼ਾਨਿਆਂ ਵੱਲ ਦੌੜਨ ਲੱਗਦੇ। ਇਹ ਲੂੰਬੜ ਚਾਲ ਸਦੀਆਂ ਤੋਂ ਚਲਦੀ ਆ ਰਹੀ ਹੈ। ਔਰੋਂ ਕੋ ਨਸੀਹਤ...।

ਮੁਸਲਿਮ ਭਾਈਚਾਰੇ ਵਿਚ ਸ਼ਰਾਬ ਨੂੰ ਹਰਾਮ ਸਮਝ ਕੇ ਫਿਟਕਾਰਿਆ ਜਾਂਦਾ ਹੈ। ਪੀਣ ਵਾਲਿਆਂ ਨੂੰ ਫੜੇ ਜਾਣ ਤੇ ਕੋਰੜੇ ਮਾਰੇ ਜਾਂਦੇ ਹਨ ਜਾਂ ਹੱਥ ਕੱਟ ਦਿੱਤੇ ਜਾਂਦੇ ਸਨ। ਸ਼ਰਾ ਦੇ ਕਾਨੂੰਨ ਲਾਗੂ ਕਰਕੇ ਸ਼ਰਾਬੀਆਂ ਨੂੰ ਜ਼ਲੀਲ ਕੀਤਾ ਜਾਂਦਾ ਹੈ। ਪਰੰਤੂ ਇਸ ਦੇ ਬਾਵਜੂਦ, ਮੁਸਲਮਾਨ ਭਾਈਆਂ ਨੇ ਕਿਹੜੀ ਪੀਣੀ ਤਿਆਗ ਦਿੱਤੀ ਹੈ। ਕਈ ਅੰਦਰਖਾਤੇ ਹਿੰਦੂਆਂ, ਸਿੱਖਾਂ ਤੇ ਈਸਾਈਆਂ ਨਾਲੋਂ ਵੀ ਵਧੇਰੇ ਪੀਂਦੇ ਹਨ। ਜਿਨ੍ਹਾਂ ਨੂੰ ਪੀਣ ਦੀ ਮਨਾਹੀ ਹੋਵੇ, ਉਨ੍ਹਾਂ ਦਾ ਰੱਦੇ ਅਮਲ ਤਕਰੀਬਨ ਅਜਿਹਾ ਹੀ ਹੁੰਦਾ ਹੈ। ਮੁਸਲਿਮ ਭਾਈ ਵੀ ਮੁੱਲਾਂ ਮੁਲਾਣਿਆਂ ਤੋਂ ਅੱਖ ਬਚਾ ਕੇ ਜਾਮ ਤੇ ਜਾਮ ਖੜਕਾਉਂਦੇ ਤੇ ਮਜ਼ੇ ਲੈਂਦੇ ਹਨ। ਜਾਮ, ਸੁਰਾਈਆਂ, ਪੈਮਾਨੇ ਤੇ ਸਾਕੀ ਮਹਿਖ਼ਾਨੇ, ਮੁਸਲਮ ਕੌਮ ਦੀ ਟਕਸਾਲੀ ਸ਼ਬਦਾਵਲੀ ਹੈ। ਧਾਰਮਿਕ ਪਾਬੰਦੀਆਂ ਦੇ ਬਾਵਜੂਦ, ਜਾਮ ਖੜਕਦੇ ਰਹੇ ਤੇ ਮਹਿਫ਼ਲਾਂ ਜੰਮਦੀਆਂ ਰਹੀਆਂ। ਸਾਕੀ ਚਹਿਕਦੇ ਰਹੇ, ਬਹਿਕਦੇ ਰਹੇ। ਦਾਰੂ ਨੂੰ ਹਰ ਦਿਲ ਅਜ਼ੀਜ਼ ਮੁਸਲਮ ਕੌਮ ਨੇ ਹੀ ਬਣਾਇਆ ਹੈ।

ਦਾਰੂ ਨੂੰ ਸਜ਼ਾ ਦੇ ਡਰ ਨਾਲ ਖ਼ਤਮ ਨਹੀਂ ਕੀਤਾ ਜਾ ਸਕਦਾ। ਕੋਰੜੇ ਖਾ ਕੇ ਵੀ ਦਾਰੂ ਦਾ ਲੋਕ ਖਹਿੜਾ ਨਹੀਂ ਛੱਡਦੇ। ਸਗੋਂ ਲੋਕ ਢੁਕਵੇਂ ਮੌਕੇ ਦੀ ਤਲਾਸ਼ ਵਿਚ ਰਹਿੰਦੇ ਹਨ। ਸ਼ਰਾਬੀਆਂ ਨੂੰ ਖ਼ਤਮ ਕਰਨ ਨਾਲ ਸ਼ਰਾਬ ਨਸ਼ਟ ਨਹੀਂ ਹੋ ਸਕਦੀ। ਧਾਰਮਿਕ ਲੋਕ ਸ਼ਰਾਬੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇ ਚੁੱਕੇ ਹਨ ਪਰ ਉਹ ਬਾਜ ਨਹੀਂ ਆਉਂਦੇ। ਉਹ ਸਜ਼ਾ ਭੁਗਤ ਕੇ ਵੀ ਦਾਰੂ ਖਾਨਿਆਂ ਵੱਲ ਦੌੜਦੇ ਹਨ। ਧਾਰਮਿਕ ਬੰਦਸ਼ਾਂ ਵੀ ਮਨੁੱਖੀ ਸੁਭਾਅ ਦੇ ਅਨੁਕੂਲ ਹੋਣੀਆਂ ਚਾਹੀਦੀਆਂ। ਗ਼ੈਰ ਕੁਦਰਤੀ ਰੋਕਾਂ ਰੁਕਾਵਟਾਂ ਅੰਬਾਂ ਦੇ ਬੂਰ ਵਾਂਗ ਝੜ ਜਾਂਦੀਆਂ ਹਨ। ਲੋਕ ਸੋਚਣ 'ਤੇ ਮਜਬੂਰ ਹੁੰਦੇ ਹਨ ਕਿ ਜੇਕਰ ਗਾਲਿਬ, ਸਾਹਿਰ ਤੇ ਸ਼ਿਵ ਕੁਮਾਰ ਵਰਗੇ ਮਹਾਨ ਸ਼ਾਇਰ ਦਾਰੂ ਦੇ ਸ਼ੌਕੀਨ ਹੋਣ ਦੇ ਬਾਵਜੂਦ ਅਮਰ ਸ਼ਾਇਰੀ ਦੀ ਰਚਨਾ ਕਰ ਸਕਦੇ ਹਨ। ਸ਼ੈਕਸਪੀਅਰ ਵਰਗੇ ਮਹਾਨ ਨਾਟਕਕਾਰ, ਮੰਟੋ ਵਰਗੇ ਅਫਸਾਨਾ ਨਿਗਾਰ, ਬਾਇਰਨ ਵਰਗੇ ਅਮਰ ਸ਼ਾਇਰ ਜੇਕਰ ਸ਼ਰਾਬ ਦੇ ਪੂਰੇ ਵਜਰੀ ਹੋਣ ਦੇ ਬਾਵਜੂਦ ਅਦਬੀ ਦੁਨੀਆ ਵਿਚ ਨਾਇਕਾਂ ਦਾ ਦਰਜਾ ਰੱਖਦੇ ਹਨ ਤਾਂ ਉਨ੍ਹਾਂ ਲਈ ਦਾਰੂ ਕਿਵੇਂ ਜ਼ਹਿਰ ਜਾਂ ਕਹਿਰ ਹੈ। ਜੇਕਰ ਧਾਰਮਿਕ ਲੋਕ

ਵੀ ਪੀ ਕੇ ਨਰਕਾਂ ਵੱਲ ਕੂਚ ਨਹੀਂ ਕਰਦੇ ਤਾਂ ਜਨ ਸਾਧਾਰਨ ਨੂੰ ਕਿਉਂ ਕੁੰਭੀ ਨਰਕ ਵਿਚ ਝੋਂਕਣ ਦੀਆਂ ਟਾਹਰਾਂ ਮਾਰੀਆਂ ਜਾਂਦੀਆਂ ਹਨ ? ਜੋ ਇਨ੍ਹਾਂ ਲੋਕਾਂ ਲਈ ਹਲਾਲ ਹੈ, ਆਮ ਲੋਕਾਂ ਲਈ ਹਰਾਮ ਕਿਵੇਂ ਹੋ ਸਕਦੀ ਹੈ ? ਇਨ੍ਹਾਂ ਸਵਾਲਾਂ ਦੇ ਜਵਾਬ ਦੇਣ ਦੀ ਹੁਣ ਲੋੜ ਨਹੀਂ ਰਹੀ। ਗੁੱਥੀ ਆਪਣੇ ਆਪ ਖੁੱਲ੍ਹ ਰਹੀ ਹੈ। ਬਿੱਲੀ ਥੈਲੇ 'ਚੋਂ ਬਾਹਰ ਆ ਚੁੱਕੀ ਹੈ।

ਮੁਸਲਮਾਨਾਂ ਬਾਅਦ ਗੋਰੇ ਅੰਗਰੇਜ਼ ਵੀ ਇਥੇ ਫਿਰਦੇ ਤੁਰਦੇ ਆ ਵੜੇ। ਅੱਗ ਲੈਣ ਆਏ, ਘਰ ਵਾਲੇ ਬਣ ਬੈਠੇ। ਮੁਸਲਮਾਨਾਂ ਤਾਂ ਮਹਾਨ ਇਮਾਰਤਾਂ ਦੀ ਤਮੀਰ ਕਰਵਾਈ ਸੀ ਪਰੰਤੂ ਅੰਗਰੇਜ਼ਾਂ ਨੇ ਤਾਂ ਦਾਰੂ ਦੇ ਹੜ੍ਹ ਵਗਾ ਦਿੱਤੇ। ਬੋਤਲਾਂ ਦੇ ਪਹਾੜ ਖੜ੍ਹੇ ਕਰ ਦਿੱਤੇ। ਲੋਕਾਂ ਨੂੰ ਇਹ ਦੱਸ ਦਿੱਤਾ ਕਿ ਦਾਰੂ ਉਨ੍ਹਾਂ ਦੀ ਮਨਭਾਉਂਦੀ ਖ਼ੁਰਾਕ ਹੈ। ਇਸ ਨੂੰ ਨਿਤਨੇਮ ਪੀਣ ਦੇ ਬਾਵਜੂਦ ਉਨ੍ਹਾਂ ਨੇ ਬੜੇ ਬੜੇ ਮੋਰਚੇ ਫਤਿਹ ਕੀਤੇ। ਅੰਗਰੇਜ਼ ਕੌਮ ਸਾਡੇ ਵਰਗੀ ਦੰਭੀ ਜਾਂ ਪਾਖੰਡੀ ਨਹੀਂ। ਉਹ ਗੱਜ ਵੱਜ ਕੇ, ਢੋਲ ਵਜਾ ਕੇ ਪੀਂਦੇ ਹਨ ਤੇ ਜ਼ਿੰਦਗੀ ਦਾ ਲੁਤਫ਼ ਮਾਣਦੇ ਹਨ। ਕੋਈ ਅੰਗਰੇਜ਼ ਨਰਕਾਂ ਵਿਚ ਨਹੀਂ ਗਿਆ। ਪੀਣ ਵਾਲੇ ਵੀ ਉਨ੍ਹਾਂ ਦੇ ਸਮਾਜ ਵਿਚ ਸਨਮਾਨੇ ਤੇ ਮਾਣਯੋਗ ਸ਼ਹਿਰੀ ਹਨ। ਇਹ ਹਾਲ ਤਕਰੀਬਨ ਯੂਰਪੀਨ ਮੁਲਕਾਂ ਦਾ ਹੈ। ਇਨ੍ਹਾਂ ਜਿੰਨਾ ਸਭਿਅਕ ਰੌਸ਼ਨ ਦਿਮਾਗ ਤੇ ਸੂਰਬੀਰ ਧਰਤੀ 'ਤੇ ਕੋਈ ਨਹੀਂ। ਉਹ ਆਜ਼ਾਦ ਚਿੱਤ ਹਨ। ਅਸੀਂ ਦੱਬੂ ਕੌਮਾਂ ਵਿਚੋਂ ਹਾਂ। ਦੱਬੂ ਅਤੇ ਥੱਲੇ ਲੱਗ ਕੇ ਚੱਲਣ ਵਾਲੀਆਂ ਕੌਮਾਂ ਦੀ ਪ੍ਰਿਥਵੀ ਉਪਰ ਕੋਈ ਪੁੱਛਗਿੱਛ ਨਹੀਂ ਹੈ। ਅਫ਼ਸੋਸ ਹੈ ਕਿ ਤਿੰਨ ਸੌ ਸਾਲ ਅੰਗਰੇਜ਼ਾਂ ਨਾਲ ਰਹਿ ਕੇ ਵੀ ਸਾਨੂੰ ਅਕਲ ਨਹੀਂ ਆਈ। ਸਾਡੇ ਉਸਤਾਦ ਪੰਡਤ ਹੀ ਰਹੇ।

ਸਾਡੇ ਭਾਰਤੀ ਤਾਂ ਪਹਿਲਾਂ ਹੀ ਗੋਰੇ ਰੰਗ ਦੇ ਸ਼ੌਕੀ ਹਨ। ਉਹ ਅੰਗਰੇਜ਼ਾਂ ਨੂੰ ਆਪਣਾ ਆਦਰਸ਼ ਮੰਨ ਕੇ ਚੱਲਣ ਲੱਗੇ। ਇਸ ਲਈ ਸਾਡੇ ਲੋਕ ਉਨ੍ਹਾਂ ਦੀ ਜੀਵਨ ਸ਼ੈਲੀ ਦੀ ਅੰਧਾਧੁੰਦ ਨਕਲ ਕਰਨ ਲੱਗ ਪਏ। ਸਾਨੂੰ ਉਨ੍ਹਾਂ ਦੀ ਹਰ ਚੀਜ਼ ਵਧੀਆ ਲੱਗਦੀ ਹੈ। ਪੁਸ਼ਾਕ, ਖ਼ੁਰਾਕ ਤੇ ਅਕਲ ਸ਼ਕਲ ਅਤੇ ਹਕੂਮਤ ਵੀ। ਉਨ੍ਹਾਂ ਨੇ ਪਹਿਲੀ ਵਾਰ ਭਾਰਤ ਦੀ 'ਪਵਿੱਤਰ' ਧਰਤੀ ਉਪਰ ਦਾਰੂ ਦੀਆਂ ਫੈਕਟਰੀਆਂ ਖੋਲ੍ਹੀਆਂ ਅਤੇ ਨਿਰੰਤਰ ਖੋਲ੍ਹਦੇ ਚਲੇ ਗਏ। ਸਾਡੇ ਭਾਰਤੀ ਲੋਕ ਉਨ੍ਹਾਂ ਦੀ ਵਫਾਦਾਰ ਪਰਜਾ ਹੋਣ ਦੇ ਨਾਤੇ ਵੰਨ ਸੁਵੰਨੇ ਖਾਣੇ ਤੇ ਦਾਰੂ, ਉਨ੍ਹਾਂ ਵਾਂਗ ਹੋਟਲਾਂ ਕਲੱਬਾਂ ਤੇ ਪੱਬਾਂ ਵਿਚ ਜਾ ਕੇ ਖਾਣ ਲੱਗੇ। ਹੌਲੀ ਹੌਲੀ ਪੱਛਮੀ ਕਲਚਰ ਹੀ ਸਾਡਾ ਮਨਭਾਉਂਦਾ ਕਲਚਰ ਬਣ ਗਈ। ਪੀਣ ਵਾਲਿਆਂ ਦੀ ਗਿਣਤੀ ਬੇਤਹਾਸ਼ਾ ਵਧ ਗਈ। ਭਾਰਤੀ ਲੋਕ ਵੈਸੇ ਵੀ ਜਿਸ ਚੀਜ਼ ਦੇ ਮਗਰ ਪੈ ਜਾਣ, ਉਸ ਦਾ ਅਖੀਰ ਵੇਖਣ ਤਕ ਜਾਂਦੇ ਹਨ। ਅੱਜ ਸਾਡੀਆਂ ਸਰਕਾਰਾਂ ਨੂੰ ਚਲਾਉਣ ਵਿਚ ਦਾਰੂ ਦਾ ਹੀ ਮੁੱਖ ਯੋਗਦਾਨ ਹੈ। ਅਸੀਂ ਅਜੇ ਵੀ ਪ੍ਰਚਾਰਕਾਂ ਤੇ ਨੇਤਾਵਾਂ ਦੇ ਮੂੰਹੋਂ ਇਸਦੀ ਬਦਖੋਹੀ ਹੀ ਸੁਣਦੇ ਹਾਂ। ਉਹ ਪਹਿਲਾਂ ਲੱਸੀਆਂ ਤੇ ਸ਼ਰਬਤ ਪੀਂਦੇ ਸਨ, ਅੱਜ ਉਹ ਦਾਰੂ ਤੇ ਕੋਕਾ ਕੋਲਾ ਪੀਣ ਲੱਗ ਪਏ ਹਨ। ਇਹ ਸ਼ੌਕ ਜਨੂੰਨ ਦੀ ਹੱਦ ਤਕ ਪਹੁੰਚ ਗਿਆ ਹੈ। ਚਪੇੜਾਂ ਮਾਰ ਕੇ ਮੂੰਹ ਲਾਲ ਕੀਤਾ ਜਾ ਰਿਹਾ ਹੈ, ਜੋ ਕਿ ਸਹੀ ਨਹੀਂ।

ਭਾਰਤ ਵਿਚ ਅੱਜ ਕੱਲ੍ਹ ਦੇਸੀ ਖ਼ੁਰਾਕ ਦੀ ਜਗ੍ਹਾ ਯੂਰਪੀਨ ਜਾਂ ਚੀਨੀ ਖ਼ੁਰਾਕ ਪ੍ਰਚਲਤ ਹੋ ਰਹੀ ਹੈ। ਦਾਰੂ ਪਾਰਟੀਆਂ ਸਾਡੇ ਸਮਾਜਿਕ ਤੇ ਰਾਜਨੀਤਕ ਢਾਂਚੇ ਦਾ ਆਧਾਰ ਬਣ ਗਈਆਂ ਹਨ। ਸਾਡੇ ਸਮਾਜਿਕ ਰੁਤਬੇ ਦਾ ਪ੍ਰਤੀਕ। ਹਰ ਵਿਆਹ ਜਾਂ ਖ਼ੁਸ਼ੀ ਸਮੇਂ ਦਾਰੂ ਦਾ ਲੰਗਰ ਲਾਜ਼ਮੀ ਹੁੰਦਾ ਜਾ ਰਿਹਾ ਹੈ। ਪਹਿਲਾਂ ਸਾਡੇ ਮਰਦ ਲੁਕ ਛਿਪ ਕੇ ਪੀਂਦੇ ਸਨ। ਅੱਜ ਉਹ ਭਰੀ ਸਭਾ ਵਿਚ ਬੜੇ ਮਾਣ ਤਾਣ ਨਾਲ ਪੀਂਦੇ ਹਨ। ਅੱਜ ਸਾਡੀਆਂ ਔਰਤਾਂ ਵੀ ਆਪਣੇ ਸਰਕਲਾਂ ਵਿਚ ਪੀਣ ਲੱਗ ਪਈਆਂ ਹਨ। ਕੱਲ੍ਹ ਨੂੰ ਉਹ ਵੀ ਖੁੱਲ੍ਹੀਆਂ ਮਹਿਫ਼ਲਾਂ ਲਗਾ ਸਕਦੀਆਂ ਹਨ। ਦਿਨੋ ਦਿਨ ਦਾਰੂ ਦੇ ਸ਼ਤਰੂ ਘੱਟ ਰਹੇ ਹਨ, ਸ਼ੌਕੀਨ ਵਧ ਰਹੇ ਹਨ। ਹਰ ਸਮਾਜਿਕ ਸਮਾਗਮ ਤੇ ਅੱਜ ਕੱਲ੍ਹ ਬੋਤਲਾਂ ਦੇ ਢੱਕਣ ਬੜੇ ਸਲੀਕੇ ਨਾਲ ਖੋਲ੍ਹੇ ਜਾਂਦੇ ਹਨ।ਅਸਾਂ ਇਹ ਖੁੱਲ੍ਹਾਂ ਧੱਕੇ ਨਾਲ ਲੈ ਲਈਆਂ ਹਨ। ਦਾਰੂ ਦੇ ਦੋਖੀ ਹਾਰ ਹੰਭ ਕੇ ਬੈਠ ਗਏ ਹਨ। ਉਨ੍ਹਾਂ ਨੇ ਖਿਝ ਕੇ ਵਾੜਾ ਹੀ ਉਜਾੜ ਦਿੱਤਾ ਹੈ। ਕੁੱਤੀਆਂ ਵੀ ਗੀਹਰੇ ਚੜ੍ਹ ਰਹੀਆਂ ਹਨ। ਲੋਕੀਂ ਲੇਟਾਂ ਕੱਢ ਰਹੇ ਹਨ।

ਪੰਡਤਾਂ ਤੇ ਨੀਤੀਵਾਨਾਂ ਨੇ ਹੱਥ ਖੜ੍ਹੇ ਕਰ ਦਿੱਤੇ ਹਨ। ਤੂੜੀ ਦੀ ਪੰਡ ਖੁੱਲ੍ਹ ਚੁੱਕੀ ਹੈ। ਹੁਣ ਇਹ ਨਹੀਂ ਬੱਝਦੀ। ਪਰਹੇਜ਼ਗਾਰਾਂ ਵਿਚੋਂ ਕਈਆਂ ਨੂੰ ਤਾਂ ਪਹਿਲੀ ਵਾਰ ਪਤਾ ਲੱਗਾ ਹੈ ਕਿ ਦਾਰੂ ਤਾਂ ਕੋਈ ਅੰਮ੍ਰਿਤ ਹੈ। ਉਹ ਸੋਚਦੇ ਹਨ ਕਿ ਉਨ੍ਹਾਂ ਦੇ ਵੱਡੇ ਵਡੇਰਿਆਂ ਨੇ ਇਸ ਨੂੰ ਤਿਆਗ ਜਾਂ ਨਿੰਦ ਕੇ ਗੁਸਤਾਖੀ ਕੀਤੀ ਹੈ। ਉਹ ਸੋਚਦੇ ਹਨ ਕਿ ਦਾਰੂ ਨਾਲ ਨਫਰਤ ਦੀ ਜਗ੍ਹਾ ਮੁਹੱਬਤ ਹੋਣੀ ਚਾਹੀਦੀ ਹੈ। ਪਹਿਲਾਂ ਦਾਰੂ ਇਕ ਸਮਾਜਿਕ ਕਲੰਕ ਸੀ, ਅੱਜ ਇਕ ਸਮਾਜਿਕ ਪਹਿਚਾਣ ਹੈ। ਉਲਟੀ ਗੰਗਾ ਵੀ ਵਗ ਤੁਰੀ ਹੈ। ਜਿਹੜੇ ਪੀਣ ਦੇ ਸ਼ੌਕੀਨ ਸਨ, ਉਹ ਪੀਣ ਨੂੰ ਛੱਡਣ ਬਾਰੇ ਸੋਚ ਰਹੇ ਹਨ। ਜਦੋਂ ਕਿ ਨਾ ਪੀਣ ਵਾਲੇ ਇਸ ਨਾਲ ਯਾਰੀਆਂ ਲਾਉਣ ਬਾਰੇ ਤਿਆਰ-ਬਰ-ਤਿਆਰ ਖੜੇ ਹਨ। ਉਨ੍ਹਾਂ ਨੂੰ ਨਾ ਪੀਣ ਵਾਲਿਆਂ ਉਪਰ ਤਰਸ ਆ ਰਿਹਾ ਹੈ। ਉਹ ਸੋਚਦੇ ਹਨ ਕਿ ਇਨ੍ਹਾਂ ਦੀ ਵੀ ਕੋਈ ਜ਼ਿੰਦਗੀ ਹੈ ? ਨਿਰੀ ਲਾਹਨਤ।

ਕੌਣ ਪਾਪੀ ਹੈ ਤੇ ਕੌਣ ਪੁਨੀਤ ? ਇਸਦਾ ਫ਼ੈਸਲਾ ਮਾਤ ਲੋਕ ਵਿਚ ਹੀ ਹੋ ਜਾਵੇਗਾ। ਸਵਰਗ ਨਰਕ ਧਰਤੀ ਉਪਰ ਹੀ ਹਨ। ਆਪੇ ਪਤਾ ਲੱਗ ਜਾਣਾ ਹੈ ਕਿ ਕਿਹੜਾ ਮਜ਼ੇ ਵਿਚ ਹੈ, ਕਿਹੜਾ ਨਹੀਂ ? ਇਹ ਕੌੜਾ ਸੱਚ ਹੈ ਕਿ ਦਾਰੂ ਦੀ ਵਿਰੋਧਤਾ ਅਤੇ ਪਾਬੰਦੀਆਂ ਨੇ ਹੀ ਇਸ ਨੂੰ ਹਰਮਨ ਪਿਆਰਾ ਬਣਾ ਦਿੱਤਾ ਹੈ। ਜਿਵੇਂ ਜੇਲ੍ਹ ਵਿਚ ਜਾਣ ਬਾਅਦ ਸਿਆਸੀ ਲੋਕ ਨੇਤਾ ਤੇ ਨਾਇਕ ਬਣ ਜਾਂਦੇ ਹਨ, ਇਸੇ ਤਰ੍ਹਾਂ ਸਦੀਆਂ ਤੋਂ ਦੁਰਕਾਰੀ ਤੇ ਫਿਟਕਾਰੀ ਸ਼ਰਾਬ ਅੱਜ ਸਾਡੇ ਸਾਹਮਣੇ 'ਰਾਤ ਦੀ ਰਾਣੀ' ਬਣ ਬੈਠੀ ਹੈ। ਕਰੋ ਦਰਸ਼ਨ।

ਗੰਗਾ ਕਾਸ਼ੀ ਕਾਅਬੇ ਮੱਕੇ, ਮੈਂ ਕਿਥੇ ਨਹੀਂ ਖਾਧੇ ਧੱਕੇ
ਕਿਤੇ ਨਹੀਂ ਉਹ ਨਜ਼ਰੀਂ ਆਏ, ਜੋ ਜਲਵੇ ਮਹਿਖਾਨੇ ਤੱਕੇ।

• •

ਦਾਰੂ ਤੇ ਸਮਾਜਕ ਜੀਵਨ

ਕੋਈ ਵੇਲਾ ਸੀ ਜਦੋਂ ਸਾਡੇ ਸਮਾਜ ਵਿਚ ਦਾਰੂ ਪੀਣ ਵਾਲੇ ਨੂੰ ਬੜਾ ਘਟੀਆ ਤੇ ਨਖਿੱਧ ਇਨਸਾਨ ਗਿਣਿਆ ਜਾਂਦਾ ਸੀ, ਨਿਰੇ ਲਾਹਨਤੀ। ਜੋ ਜਹਾਨ ਦੇ ਔਗੁਣ ਤੇ ਖਾਮੀਆਂ ਉਸ ਉਪਰ ਉਲੱਦ ਦਿੱਤੀਆਂ ਜਾਂਦੀਆਂ ਸਨ। ਉਸਦਾ ਤਕਰੀਬਨ ਸਮਾਜਿਕ ਬਾਈਕਾਟ ਕਰਕੇ ਹੁੱਕਾ ਪਾਣੀ ਬੰਦ ਕੀਤਾ ਜਾਂਦਾ ਸੀ। ਸਾਊ ਤੇ ਨੇਕ ਬੰਦੇ ਉਸਦੀ ਸੰਗਤ ਅਛੂਤ ਸਮਝ ਕੇ ਦੁਰਕਾਰਦੇ ਸਨ। ਜਦੋਂ ਵੀ ਕਿਸੇ ਬੁਰੇ ਬੰਦੇ ਦਾ ਜ਼ਿਕਰ ਕਰਨਾ ਹੁੰਦਾ ਸੀ ਤਾਂ ਉਸਦਾ ਕਿੱਸਾ ਛੇੜਿਆ ਜਾਂਦਾ ਸੀ। ਸਾਰਾ ਨਗਰ ਇਕ ਪਾਸੇ ਤੇ ਸ਼ਰਾਬੀ ਦੂਜੇ ਪਾਸੇ। ਹੌਲੀ-ਹੌਲੀ ਆਪਣੇ ਇਲਾਕੇ ਵਿਚ ਅਜਿਹੇ ਬੰਦਿਆਂ ਦੀ ਜੋ ਸਭਾ ਬਣਦੀ ਸੀ, ਉਸ ਨੂੰ ਨਫ਼ਰਤ ਨਾਲ ਚੰਡਾਲ ਚੌਂਕੜੀ ਕਿਹਾ ਜਾਂਦਾ ਸੀ। ਇਸ ਤਰ੍ਹਾਂ ਹਰੇਕ ਪਿੰਡ ਜਾਂ ਮੁਹੱਲੇ ਵਿਚ ਸ਼ਰਾਬੀਆਂ ਦੀ ਇਕ ਟੋਲੀ ਬਣ ਜਾਂਦੀ ਸੀ। ਇਨ੍ਹਾਂ ਲੋਕਾਂ ਨੂੰ ਦਾਰੂ ਦੇ ਨਾਲ-ਨਾਲ ਹੋਰ ਵੀ ਛੱਤੀ 'ਐਬ' ਹੁੰਦੇ ਸਨ। ਇਸੇ ਲਈ ਉਨ੍ਹਾਂ ਨੂੰ ਵੈਲੀ ਜਾਂ ਅਮਲੀ ਕਿਹਾ ਜਾਂਦਾ ਸੀ। ਇਹ ਲੋਕ ਆਪਸ ਵਿਚ ਮਿਲਦੇ ਗਿਲਦੇ ਤੇ ਇਕ ਦੂਜੇ ਨਾਲ ਆਪਣੇ ਦੁਖੜੇ ਸੁਖੜੇ ਫੋਲਦੇ ਸਨ। ਹਿੰਮਤੀ ਬੰਦੇ।

ਜਗੀਰਦਾਰੀ ਯੁੱਗ ਵਿਚ ਅਜਿਹੇ ਬੰਦਿਆਂ ਦੀ ਚੌਂਕੜੀ ਹੋਣੀ ਲਾਜ਼ਮੀ ਸੀ। ਇਹ ਲੋਕ ਜ਼ਿਆਦਾਤਰ ਸਮਾਜ ਦੇ ਸਤਾਏ ਲੋਕ ਹੁੰਦੇ ਸਨ। ਕਿਸੇ ਦਾ ਵਿਆਹ ਨਹੀਂ ਸੀ ਹੁੰਦਾ। ਕਿਸੇ ਦਾ ਹੁੰਦਾ ਤਾਂ ਡੋਰੀ ਰਾਹ ਵਿਚ ਹੀ ਟੁੱਟ ਜਾਂਦੀ। ਕਿਸੇ ਦਾ ਤੋੜ ਵਿਛੋੜਾ ਹੋ ਜਾਂਦਾ ਸੀ। ਕਿਸੇ ਨੇ ਚੋਰੀ ਡਾਕਾ ਜਾਂ ਕੋਈ ਹੋਰ ਸੰਗੀਨ ਜੁਰਮ ਕੀਤਾ ਹੁੰਦਾ ਸੀ। ਕਿਸੇ ਨੇ ਕੈਦ ਕੱਟੀ ਹੁੰਦੀ, ਕਿਸੇ ਨੇ ਕੋਈ ਕਾਲੀ ਕਰਤੂਤ ਜਾਂ ਕੋਈ ਘਿਣਾਉਣਾ ਜੁਰਮ ਕੀਤਾ ਹੁੰਦਾ ਸੀ। ਇਹ ਲੋਕ ਆਪਣੇ ਆਪਣੇ ਢੰਗ ਨਾਲ ਦੁਖੀ ਸਨ ਪਰ ਇਨ੍ਹਾਂ ਵਿਚ ਇਕ ਚੀਜ਼ ਸਾਂਝੀ ਸੀ ਕਿ ਸਮਾਜ ਇਨ੍ਹਾਂ ਨੂੰ ਨਫਰਤ ਕਰਦਾ ਸੀ। ਦੁੱਖਾਂ ਦਰਦਾਂ ਦੇ ਆਲਮ ਵਿਚ ਇਹ ਲੋਕ ਦਾਰੂ ਪੀਣ ਲੱਗ ਪੈਂਦੇ ਸਨ। ਗ਼ਮਾਂ ਨੂੰ ਗ਼ਲਤ ਕਰਨ ਦਾ ਇਹੀ ਇਕ ਤਰੀਕਾ ਸੀ ਜੋ ਉਨ੍ਹਾਂ ਦਾ ਦਾਮਨ ਥੰਮ੍ਹਦਾ ਸੀ। ਇਹ ਲੋਕ ਹੋਰ ਵੀ ਨਸ਼ੇ ਕਰਦੇ ਸਨ। ਇਹ ਲੋਕ ਆਪਣੀ ਦੁਨੀਆ ਵਿਚ ਖ਼ੁਸ਼ ਤੇ ਸੰਤੁਸ਼ਟ ਸਨ। ਇਨ੍ਹਾਂ ਦਾ ਬਾਕੀ ਸਮਾਜ ਨਾਲ ਕੋਈ ਇੱਜ਼ਤਦਾਰ ਰਿਸ਼ਤਾ ਨਹੀਂ ਸੀ। ਸਾਰੇ ਇਨ੍ਹਾਂ ਨੂੰ ਥੂਹ ਥੂਹ ਕਰਦੇ ਸਨ। ਕਾਵਾਂ ਦੇ ਆਖਿਆਂ ਢੋਰ ਮਰ ਤਾਂ ਨਹੀਂ ਜਾਂਦੇ।

ਪਰੰਤੂ ਇਹ ਵਰਗ ਨਜਾਇਜ਼ ਤੇ ਗ਼ੈਰ ਕੁਦਰਤੀ ਸੀ। ਇਨ੍ਹਾਂ ਬੰਦਿਆਂ ਨਾਲ ਤਾਂ ਸਾਡੇ ਸਮਾਜ ਨੂੰ ਹਮਦਰਦੀ ਤੇ ਸਹਿਯੋਗ ਹੋਣਾ ਚਾਹੀਦਾ ਸੀ ਪਰ ਇਹ ਲੋਕ 'ਭੱਦਰ

ਪੁਰਸ਼ਾਂ' ਦੀ ਕਰੋਪੀ ਦਾ ਸ਼ਿਕਾਰ ਹੋ ਚੁੱਕੇ ਸਨ। ਨਵੇਂ ਯੁੱਗ ਨੇ ਸਮਾਜ ਨੂੰ ਨਵੀਆਂ ਦ੍ਰਿਸ਼ਟੀਆਂ ਭੇਂਟ ਕੀਤੀਆਂ। ਇਨ੍ਹਾਂ ਵੈਲੀਆਂ ਤੇ ਸ਼ਰਾਬੀਆਂ ਬਾਰੇ ਪੁਨਰ ਵਿਚਾਰ ਕੀਤੀ ਗਈ ਤੇ ਇਨ੍ਹਾਂ ਨਾਲ ਜੁੜੇ ਭਰਮ ਭੁਲੇਖੇ ਹੌਲੀ ਹੌਲੀ ਤਿਆਗ ਦਿੱਤੇ ਗਏ। ਇਨ੍ਹਾਂ ਨਾਮ ਨਿਹਾਦ ਵੈਲੀਆਂ ਨੂੰ ਸਮਾਜ ਦੀ ਮੁੱਖ ਧਾਰਾ ਵਿਚ ਦੋਬਾਰਾ ਸ਼ਾਮਲ ਕੀਤਾ ਗਿਆ। ਇਹ ਛੱਟੇ ਫੂਕੇ ਤੇ ਦੁਰਕਾਰੇ ਲੋਕ ਸਮਾਜ ਦੀਆਂ ਨਜ਼ਰਾਂ ਵਿਚ ਦੋਬਾਰਾ ਮਕਬੂਲ ਹੋਣ ਲੱਗੇ। ਇਨ੍ਹਾਂ ਪ੍ਰਤੀ ਗ਼ੈਰ ਭਾਵਨਾ ਨੇ ਨਫ਼ਰਤ ਖ਼ਤਮ ਹੁੰਦੀ ਗਈ। ਹੁਣ ਸੂਰਤੇ ਹਾਲ ਇਹ ਹੈ ਕਿ ਸਾਡੇ ਸਮਾਜ ਵਿਚ ਪੀਣ ਪਿਲਾਉਣ ਵਾਲੇ ਸ਼ਖ਼ਸ ਨੂੰ ਸਮਾਜ ਦਾ ਭਰੋਸੇਯੋਗ ਤੇ ਜ਼ੁੰਮੇਵਾਰ ਮੈਂਬਰ ਸਮਝਿਆ ਜਾਣ ਲੱਗ ਪਿਆ ਹੈ। ਦਾਰੂ ਪੀਣ ਵਾਲੇ ਅਕਸਰ ਫਿਰਾਖਦਿਲੀ, ਕੋਮਲ ਦਿਲ ਤੇ ਰਹਿਮ ਦਿਲ ਹੁੰਦੇ ਹਨ। ਇਸੇ ਲਈ ਸਮਾਜ ਨੇ ਇਨ੍ਹਾਂ ਦੀ ਪੁਨਰ ਬਹਾਲੀ ਕਰਕੇ ਆਪਣਾ ਸਦੀਆਂ ਪੁਰਾਣਾ ਕਲੰਕ ਲਾਹਿਆ ਹੈ। ਦਾਰੂ ਨੂੰ ਅੱਜ ਕੱਲ੍ਹ ਸਮਾਜਿਕ ਪ੍ਰਵਾਨਗੀ ਮਿਲ ਚੁੱਕੀ ਹੈ। ਜਿਹੜਾ ਦੋਸ਼ ਜਣਾ-ਖਣਾ ਭਾਈ ਤੇ ਪੰਡਤ ਇਸ ਉਪਰ ਮੜ੍ਹਦੇ ਸਨ, ਉਹ ਹੁਣ ਖਾਮੀ ਤੋਂ ਖ਼ੂਬੀ ਵਿਚ ਬਦਲ ਚੁੱਕਾ ਹੈ। ਅੱਜ ਕੱਲ੍ਹ ਜਿਸ ਬੰਦੇ ਬਾਰੇ ਕਿਹਾ ਜਾਵੇ ਕਿ ਉਹ ਪੀਣ ਪਿਲਾਉਣ ਵਾਲਾ ਹੈ, ਉਸ ਬਾਰੇ ਲੋਕਾਂ ਦੀ ਰਾਏ ਬੜੀ ਸਪਸ਼ਟ ਹੋ ਜਾਂਦੀ ਹੈ। ਉਸ ਬਾਰੇ ਉਸ ਨੂੰ ਜਾਨਣ ਵਾਲਿਆਂ ਨੂੰ ਕੋਈ ਭਰਮ ਭੁਲੇਖਾ ਨਹੀਂ ਰਹਿੰਦਾ। ਇਸ ਦਾਰੂ ਦੀ ਆਦਤ ਨਾਲ ਕਈਆਂ ਦਾ ਸਮਾਜਿਕ ਰੁਤਬਾ ਵਧ ਜਾਂਦਾ ਹੈ। ਪਹਿਲਾਂ ਇਹ ਘਟ ਜਾਂਦਾ ਸੀ। ਦਾਰੂ ਦੀ ਦੁਨੀਆ ਵਿਚ ਇਹ ਕ੍ਰਾਂਤੀ ਭਰਿਆ ਦੌਰ ਆਇਆ ਹੈ। ਦਾਰੂ ਦਾ ਦੌਰ।

ਦਾਰੂ ਪੀਣ ਨਾਲ ਬੰਦੇ ਦਾ ਸਮਾਜਕ ਦਾਇਰਾ ਬਣਦਾ ਹੈ। ਪਹਿਲਾਂ ਘਟਦਾ ਸੀ। ਇਹ ਦਾਇਰਾ ਹਮੇਸ਼ਾ ਨਾ ਪੀਣ ਪਿਲਾਣ ਵਾਲਿਆਂ ਨਾਲੋਂ ਮੋਕਲਾ ਹੁੰਦਾ ਹੈ। ਆਮ ਤੌਰ 'ਤੇ ਦਾਰੂ ਪੀਣ ਵਾਲਿਆਂ ਦੇ ਯਰਾਨੇ ਪਕੇਰੇ ਹੁੰਦੇ ਹਨ। ਇਹ ਯਾਰੀਆਂ ਭਰੋਸੇਯੋਗ ਤੇ ਟਿਕਾਊ ਹੁੰਦੀਆਂ ਹਨ। ਦਾਰੂ ਦੀ ਯਾਰੀ ਚਾਹ ਤੇ ਪੈਪਸੀਆਂ ਨਾਲੋਂ ਪਕੇਰੀ ਤੇ ਪੁਖਤਾ ਹੁੰਦੀ ਹੈ। ਜਿੰਨਾ ਵਡੇਰਾ ਕਿਸੇ ਦਾ ਸਮਾਜਿਕ ਮੇਲ ਮਿਲਾਪ ਹੋਵੇਗਾ, ਓਨਾ ਹੀ ਉਹ ਉਪਯੋਗੀ, ਚਲਦਾ ਪੁਰਜਾ, ਰਸੂਖਵਾਨ ਤੇ ਬਲਵਾਨ ਹੋਵੇਗਾ। ਕਾਰੋਬਾਰੀ ਲੋਕ ਤਾਂ ਜੀਊਂਦੇ ਹੀ ਇਨ੍ਹਾਂ ਕਾਕਟੇਲਾਂ ਦੇ ਸਿਰ 'ਤੇ ਹਨ। ਆਪਣਾ ਕਾਰੋਬਾਰ ਵਧਾਉਣ ਫੈਲਾਉਣ ਲਈ ਉਹ ਉਚੇਚੇ ਤੌਰ 'ਤੇ ਉੱਚ ਅਫ਼ਸਰਾਂ, ਨੇਤਾਵਾਂ ਤੇ ਸਿਆਸੀ ਚੌਧਰੀਆਂ ਨੂੰ ਦਾਰੂ ਪਾਰਟੀਆਂ ਦੀਆਂ ਦਾਅਵਤਾਂ ਦਿੰਦੇ ਹਨ। ਇਨ੍ਹਾਂ ਪਾਰਟੀਆਂ ਤੇ ਦਾਅਵਤਾਂ ਨਾਲ ਉਨ੍ਹਾਂ ਦੀਆਂ ਸਾਂਝਾਂ ਹੋਰ ਪੀਡੀਆਂ ਹੁੰਦੀਆਂ ਹਨ ਤੇ ਕਾਰੋਬਾਰ ਵਿਸ਼ਾਲ ਤੇ ਖ਼ੁਸ਼ਹਾਲ। ਸਰਕਾਰੀ ਮਹਿਕਮੇ ਇਨ੍ਹਾਂ ਤਾਜਰਾਂ ਉਪਰ ਅਕਸਰ ਮਿਹਰਬਾਨ ਹੁੰਦੇ ਹਨ। ਕਿਸੇ ਵੀ ਦਫ਼ਤਰ ਜਾਂ ਸਰਕਾਰੇ ਦਰਬਾਰੇ ਉਨ੍ਹਾਂ ਦੇ ਕੰਮ ਨੂੰ ਹਰੀ ਝੰਡੀ ਦਿੱਤੀ ਜਾਂਦੀ ਹੈ। ਸਲਾਮ ਮਾਰੋ ਤੇ ਕੰਮ ਸਾਰੋ। ਬਸ ਫਿਰ ਸਭੇ ਕਾਜ ਸੁਹੇਲੜੇ।

ਜਿਹੜੇ ਲੋਕ ਸਿਆਸਤ ਨਾਲ ਸੰਬੰਧ ਰੱਖਦੇ ਹਨ, ਉਹ ਤਾਂ ਆਪਣਾ ਵੋਟ ਬੈਂਕ ਵਧਾਉਣ ਲਈ ਰਾਤ ਦਿਨ ਮਨਸੂਬੇ ਘੜਦੇ ਰਹਿੰਦੇ ਹਨ। ਜਿਨ੍ਹਾਂ ਅਫ਼ਸਰਾਂ ਨਾਲ ਪਹਿਲਾਂ ਉਨ੍ਹਾਂ ਦੀ ਕੋਈ ਸਾਂਝ ਸੁਰ ਨਹੀਂ ਹੁੰਦੀ, ਉਹ ਦੋ-ਚਾਰ 'ਬੈਠਕਾਂ' ਬਾਅਦ ਹੀ

ਮੋਰਚਾ ਫਤਿਹ ਕਰ ਲੈਂਦੇ ਹਨ। ਇਨ੍ਹਾਂ ਦਾਰੂ ਮਿਲਣੀਆਂ ਬਾਅਦ ਉਨ੍ਹਾਂ ਦੇ ਸੰਬੰਧਾਂ ਵਿਚੋਂ ਸੂਈ ਤਕ ਨਹੀਂ ਲੰਘਦੀ। ਇੰਨੇ ਘਨਿਸ਼ਟ! ਚੋਣਾਂ ਆਉਂਦੀਆਂ ਹਨ ਤੇ ਤੁਸੀਂ ਨੇਤਾ ਬਣ ਜਾਂਦੇ ਹੋ। ਜੈ ਹੋ, ਜੈ ਹੋ ਹੁੰਦੀ ਸੁਣਾਈ ਦਿੰਦੀ ਹੈ। ਇਸ ਚਮਤਕਾਰੀ ਸਫ਼ਲਤਾ ਦਾ ਸਿਹਰਾ ਦਾਰੂ ਪਾਰਟੀਆਂ ਸਿਰ ਬੱਝਦਾ ਹੈ। ਇਨ੍ਹਾਂ ਪਾਰਟੀਆਂ ਨੇ ਹੀ ਤੁਹਾਡੀ ਸਾਂਝ ਦੀ ਆਧਾਰਸ਼ਿਲਾ ਰੱਖੀ ਸੀ। ਜਿਹੜੇ ਲੋਕ ਦਾਰੂ ਪੀਂਦੇ ਪਿਲਾਉਂਦੇ ਨਹੀਂ, ਉਨ੍ਹਾਂ ਨੂੰ ਅੱਵਲ ਤਾਂ ਸਿਆਸਤ ਵਿਚ ਪ੍ਰਵੇਸ਼ ਨਹੀਂ ਕਰਨਾ ਚਾਹੀਦਾ। ਜੇਕਰ ਉਹ ਕਰ ਚੁੱਕੇ ਹਨ ਤਾਂ ਉਹ ਜਲਦੀ ਹੀ ਬਾਹਰ ਆਉਣ ਬਾਰੇ ਸੋਚਣਗੇ। ਦਾਰੂ ਸਿਆਸਤ ਦੀ ਪਹਿਲੀ ਪੌੜੀ ਹੈ। ਸਿਆਸਤ ਖ਼ਾਸ ਕਰਕੇ ਭਾਰਤ ਵਿਚ ਇਨ੍ਹੀਂ ਉਲਝਣਾਂ ਤੇ ਅਟਕਣਾਂ ਭਰੀ ਹੈ ਕਿ ਰਾਤ ਨੂੰ ਜੇਕਰ ਦੋ ਘੁੱਟ ਪੀਂਦੇ ਨਹੀਂ ਤਾਂ ਤੁਸੀਂ ਆਪਣਾ ਤੁਆਜ਼ਨ ਕਾਇਮ ਨਹੀਂ ਰੱਖ ਸਕਦੇ।

ਇਹ ਵੀ ਵੇਖਿਆ ਗਿਆ ਹੈ ਕਿ ਜਿਹੜਾ ਬੰਦਾ ਸਭਾ ਵਿਚ ਪੀਣ ਪਿਲਾਉਣ ਵਿਚ ਯਕੀਨ ਰੱਖਦਾ ਹੈ ਉਹ ਦੂਜਿਆਂ ਨਾਲੋਂ ਬਦੋਬਦੀ ਅੱਗੇ ਨਿਕਲ ਜਾਂਦਾ ਹੈ। ਪੈਸੇ ਨੂੰ ਪੈਸਾ ਕਮਾਉਂਦਾ ਹੈ। ਦਿਲ ਨੂੰ ਦਿਲ ਖਿੱਚਦਾ ਹੈ। ਪੈਸੇ ਨਾਲ ਹੀ ਖ਼ੁਸ਼ਹਾਲੀ ਤੇ ਸਫ਼ਲਤਾ ਆਉਂਦੀ ਹੈ। ਅਜਿਹਾ ਜੀਵਨ ਹੀ ਸਾਡਾ ਸਭਨਾਂ ਦਾ ਉਦੇਸ਼ ਹੁੰਦਾ ਹੈ। ਦਾਰੂ ਇਸ ਉਦੇਸ਼ ਦਾ ਮੁੱਢ ਬੰਨਦਾ ਹੈ। ਦੂਜੀ ਤਰਫ਼ ਸੰਕੀਰਨ ਹਿਰਦਿਆਂ ਵਾਲੇ ਲੋਕ ਅਮੂਮਨ ਕੰਜੂਸ ਤੇ ਹੱਥ ਘੁੱਟ ਹੁੰਦੇ ਹਨ। ਪਰੰਤੂ ਦਾਰੂ ਛਕਣ ਵਾਲੇ ਲੋਕ ਅਕਸਰ ਸਾਹਸੀ ਤੇ ਉਦਮੀ ਹੁੰਦੇ ਹਨ। ਇਹੀ ਲੋਕ ਅਖ਼ੀਰ ਬਾਜੀ ਮਾਰ ਜਾਂਦੇ ਹਨ। ਇਹ ਦੁਨੀਆ ਹੀ ਦਿਲ ਵਾਲਿਆਂ ਦੀ ਹੈ। ਦਾਰੂ ਦਿਲ ਤੇ ਜਿਗਰ ਗੁਰਦੇ ਦੀ ਮੰਗ ਕਰਦਾ ਹੈ। ਜਿਸਦਾ ਵੀ ਜਿਗਰਾ ਬਲਵਾਨ ਹੋਵੇਗਾ, ਵੱਡਾ ਤੇ ਵਿਸ਼ਾਲ ਹੋਵੇਗਾ, ਉਹ ਕਿਸੇ ਨੱਥੂ ਖੈਰੇ ਨੂੰ ਨਾਲ ਨਹੀਂ ਮਿਲਣ ਦਿੰਦਾ। ਉਹ ਨਾ ਪੀਣ ਵਾਲੇ ਦੱਬੂਆਂ ਮੰਜਨੂੰਆਂ ਕੋਲੋਂ ਕਿਤੇ ਅੱਗੇ ਜਾ ਨਿਕਲਦਾ ਹੈ। ਪਰਹੇਜ਼ਗਾਰ ਲੋਕਾਂ ਨੂੰ ਬਹੁਤ ਘੱਟ ਲੋਕ ਜਾਣਦੇ ਹੁੰਦੇ ਹਨ। ਉਨ੍ਹਾਂ ਦਾ ਸੌਂਹ ਖਾਣ ਨੂੰ ਕੋਈ ਟਾਵਾਂ ਹੀ ਯਾਰ ਹੁੰਦਾ ਹੈ ਤੇ ਯਾਰਾਂ ਨਾਲ ਹੀ ਬਹਾਰਾਂ ਹੁੰਦੀਆਂ ਹਨ। ਇਹੀ ਯਾਰ ਬੇਲੀ ਬੰਦੇ ਦੇ ਸਮਾਜਿਕ ਜੀਵਨ ਨੂੰ ਸਿਖ਼ਰਾਂ ਤੀਕ ਲੈ ਜਾਂਦੇ ਹਨ।

ਜਿਨ੍ਹਾਂ ਹਾ ਕੋਈ ਸਮਾਜਿਕ ਦਾਇਰਾ ਨਹੀਂ ਹੁੰਦਾ, ਉਨ੍ਹਾਂ ਦੇ ਵਿਆਹ ਸਮਾਗਮਾਂ ਵਿਚੋਂ ਰੌਣਕਾਂ ਖੰਭ ਲਾ ਕੇ ਉੱਡ ਪੁੱਡ ਜਾਂਦੀਆਂ ਹਨ। ਉਬਾਸੀਆਂ ਤੇ ਆਕੜਾਂ ਲੈਣ ਵਾਲੇ ਹੀ ਨਜ਼ਰੀਂ ਪੈਂਦੇ ਹਨ। ਬਸ ਮਾਵਾਂ ਧੀਆਂ ਗਾਉਣ ਵਾਲੀਆਂ ਤੇ ਪਿਉ ਪੁੱਤਰ ਬਰਾਤੀ। ਮੇਲ ਦੀ ਘਾਟ ਕਾਰਨ ਵਿਆਹ ਦਾ ਮਾਹੌਲ ਹੀ ਨਹੀਂ ਬਣਦਾ। ਅਜਿਹੇ ਘਰਾਂ ਵਿਚ ਜੇਕਰ ਕੋਈ ਮਰਗ ਹੋ ਜਾਵੇ ਤਾਂ ਮੋਢਾ ਦੇਣ ਵਾਲਾ ਨਹੀਂ ਲੱਭਦਾ। ਕੋਈ ਮੁਸੀਬਤ ਬਣ ਜਾਵੇ ਤਾਂ ਕੋਈ ਜ਼ਮਾਨਤੀ ਨਹੀਂ ਟੱਕਰਦਾ। ਪਰੰਤੂ ਖਾਣ ਪੀਣ ਪਿਲਾਉਣ ਵਾਲਿਆਂ ਦੇ ਘਰ ਅਜਿਹੇ ਸਮਿਆਂ 'ਤੇ ਮੇਲੇ ਲੱਗ ਜਾਂਦੇ ਹਨ। ਭੀੜਾਂ ਉਮੜ ਪੈਂਦੀਆਂ ਹਨ। ਤਿਲ ਸੁੱਟਿਆਂ ਭੁੰਜੇ ਨਹੀਂ ਡਿੱਗਦਾ। ਸਭ ਪਾਸੇ ਚਹਿਲ ਪਹਿਲ, ਧੂਮ ਧੜੱਕਾ ਤੇ ਫੜ ਲਓ ਫੜ ਲਓ ਹੁੰਦੀ ਫਿਰਦੀ ਹੈ। ਦਾਰੂ ਦੇ ਦੋਖੀਆਂ ਦੇ ਘਰੀਂ ਭੰਗ ਭੁੱਜਦੀ ਹੈ ਤੇ ਉੱਲੂ ਬੋਲਦੇ ਹਨ। ਮਾਯੂਸੀਆਂ ਉਦਾਸੀਆਂ ਤੇ ਮੁਰਦੇਹਾਣਾਂ ਤੁਹਾਡੇ ਮੱਥੇ ਲੱਗਦੀਆਂ ਹਨ।

ਜੇਕਰ ਤੁਸੀਂ ਕਿਸੇ ਨਗਰ ਜਾਂ ਮੁਹੱਲੇ ਵਿਚ ਰਹਿੰਦੇ ਹੋ ਤੇ ਖਾਣ ਪੀਣ ਵਾਲੇ ਹੋ ਤਾਂ ਯਕੀਨ ਜਾਣੋ ਤੁਹਾਨੂੰ ਸੱਭੇ ਜਾਣ ਦੇ ਬੁਝਦੇ ਹੋਣਗੇ। ਤੁਹਾਨੂੰ ਲੱਭਣਾ ਤੇ ਢੂੰਡਣਾ ਸੁਖੇਰਾ ਹੋ ਜਾਵੇਗਾ। ਲੋਕੀ ਤੁਹਾਡੀ ਮਹਿਮਾਨ ਨੂੰ ਘਰ ਤਕ ਛੱਡਣ ਆਉਣਗੇ ਤੇ ਇਸ ਕੰਮ ਵਿਚ ਫਖ਼ਰ ਮਹਿਸੂਸ ਕਰਨਗੇ। ਜੇਕਰ ਤੁਸੀਂ ਪੀਣ ਪਿਲਾਉਣ ਵਾਲੇ ਨਹੀਂ ਤਾਂ ਤੁਹਾਨੂੰ ਮੁਸ਼ਕਲ ਨਾਲ ਗਵਾਂਢੀ ਹੀ ਜਾਣਦੇ ਪਹਿਚਾਣਦੇ ਹੋਣਗੇ ਅਤੇ ਹੋਰ ਕੋਈ ਤੁਹਾਡਾ ਅਤਾ ਪਤਾ ਨਹੀਂ ਜਾਣਦਾ ਹੋਵੇਗਾ। ਜੇਕਰ ਕੋਈ ਜਾਣਦਾ ਵੀ ਹੋਵੇਗਾ ਤਾਂ ਉਥੋਂ ਹੀ ਤੁਹਾਡੇ ਘਰ ਬਾਰੇ ਦੱਸ ਦੇਵੇਗਾ। ਛੱਡਣ ਨਹੀਂ ਆਵੇਗਾ।

ਕਹਿੰਦੇ ਨੇ ਦੋ ਪੈਰ ਘੱਟ ਤੁਰਨਾ, ਪਰ ਤੁਰਨਾ ਮੜਕ ਦੇ ਨਾਲ। ਇਹ ਵੀ ਕਹਿਣਾ ਦਰੁਸਤ ਹੋਵੇਗਾ ਕਿ ਦੋ ਦਿਨ ਘੱਟ ਜੀਣਾ ਪਰ ਜੀਣਾ ਮੜਕ ਦੇ ਨਾਲ। ਜਿਹੜੇ ਲੋਕ ਮੜਕ ਨਾਲ ਜਿਊਂਦੇ ਹਨ, ਉਨ੍ਹਾਂ ਦਾ ਰੰਗ ਢੰਗ ਹੀ ਨਿਰਾਲਾ ਹੁੰਦਾ ਹੈ। ਅਸਲੀ ਜੀਵਨ ਨੂੰ ਕਦੇ ਦਿਨਾਂ ਨਾਲ ਨਹੀਂ ਸਗੋਂ ਖ਼ੁਸ਼ੀਆਂ ਨਾਲ ਤੋਲਣਾਂ ਚਾਹੀਦਾ ਹੈ। ਜੇਕਰ ਤੁਸੀਂ ਆਪਣੀ ਉਮਰ ਦੇ ਨੱਬੇ ਸਾਲ ਉਬਾਸੀਆਂ ਲੈ ਕੇ ਨੁੱਕਰੇ ਲੱਗ ਕੇ ਬਿਤਾਉਣੇ ਹਨ ਤਾਂ ਇਹਦੇ ਨਾਲ ਦਸ ਸਾਲ ਘੱਟ ਹੀ ਹਿਰਨਾਂ ਵਾਂਗ ਚੁੰਗੀਆਂ, ਟਪੋਸੀਆਂ ਤੇ ਛਾਲਾਂ ਮਾਰ ਕੇ ਗੁਜ਼ਾਰੋ ਤਾਂ ਘਾਟੇਵੰਦਾ ਸੌਦਾ ਨਹੀਂ। ਬੰਦੇ ਦੀ ਜੂਨ ਭੋਗੋ।

ਬੰਦਾ ਬੁਨਿਆਦੀ ਤੌਰ 'ਤੇ ਤਾਂ ਇਕ ਜਾਨਵਰ ਹੀ ਹੈ। ਪਰ ਇਹ ਸਮਾਜੀ ਜਾਨਵਰ ਹੈ। ਇਕੱਲੇ ਰਹਿਣਾ ਇਹਦੇ ਲਈ ਮੁਸੀਬਤ ਹੈ। ਸ਼ੁਰੂ ਤੋਂ ਹੀ ਮਨੁੱਖ ਜਾਨਵਰ ਨੂੰ ਸਾਡੇ ਧਰਮ ਤੇ ਵਿਦਿਆ ਸਮਾਜੀ ਬਣਾਉਣ ਲਈ ਯਤਨਸ਼ੀਲ ਹਨ। ਜਿੰਨਾ ਉਹ ਵਧੇਰੇ ਸਮਾਜਕ ਹੋਵੇਗਾ, ਓਨੀ ਹੀ ਉਸਦੀ ਸ਼ਖ਼ਸੀਅਤ ਪ੍ਰਫੁਲਤ ਹੋਵੇਗੀ। ਵਿਦਿਆ ਤੇ ਧਰਮ ਦੇ ਨਾਲ ਨਾਲ ਦਾਰੂ ਵੀ ਮਨੁੱਖ ਦਾ ਸਮਾਜੀਕਰਨ ਕਰਨ ਵਿਚ ਅਹਿਮ ਯੋਗਦਾਨ ਪਾ ਸਕਦਾ ਹੈ। ਇਸਨੇ ਪਾਇਆ ਵੀ ਹੈ। ਕਹਿੰਦੇ ਹਨ ਜੇਕਰ ਦਾਰੂ ਇਕੱਲੇ ਪੀਤੀ ਜਾਵੇ ਤਾਂ ਸਰੂਰ ਨਹੀਂ ਆਉਂਦਾ। ਐਵੇਂ ਅੰਦਰ ਸਾੜਨ ਵਾਲੀ ਗੱਲ ਹੁੰਦੀ ਹੈ। ਸਰੂਰ ਦੀ ਲਹਿਰ ਯਾਰਾਂ ਦੀ ਮਹਿਫ਼ਲ ਵਿਚ ਹੀ ਆ ਸਕਦੀ ਹੈ। ਖ਼ਰਬੂਜ਼ੇ ਨੂੰ ਵੇਖ ਕੇ ਖਰਬੂਜਾ ਰੰਗ ਫੜਦਾ ਹੈ। ਦਾਰੂ ਦੀਆਂ ਮਹਿਫ਼ਲਾਂ ਮਨੁੱਖ ਵਿਚ ਭਾਵਕ ਏਕਤਾ ਦੀ ਭਾਵਨਾ ਉਜਾਗਰ ਕਰਦੀਆਂ ਹਨ। ਇਹ ਕੰਮ ਹੋਰ ਕੋਈ ਪਦਾਰਥ ਨਹੀਂ ਕਰ ਸਕਦਾ। ਜਦੋਂ ਸਮਝੌਤੇ ਹੁੰਦੇ ਹਨ ਤਾਂ ਦਾਰੂ ਵਿਚੋਲਗੀ ਕਰਦਾ ਹੈ। ਗਲਵੱਕੜੀਆਂ ਤੇ ਹਾਸਿਆਂ ਦੀ ਛਹਿਬਰ ਲੱਗ ਜਾਂਦੀ ਹੈ। ਮਨੁੱਖੀ ਜੀਵਨ ਵਿਚ ਦਾਰੂ ਦੇ ਇਸ ਮਹਾਨ ਯੋਗਦਾਨ ਨੂੰ ਨਜ਼ਰ ਅੰਦਾਜ਼ ਕਰਨਾ, ਇਕ ਭਾਰੀ ਭੁੱਲ ਹੋਵੇਗੀ। ਦਾਰੂ ਹੈ ਈ ਤਾਂ ਰੁਕ, ਨਹੀਂ ਤਾਂ ਡੰਡਾ ਡੋਲੀ ਚੁੱਕ।

ਸਾਕੀ ਕੋਈ ਨਹੀਂ ਤੇਰਾ ਸਾਹਵਾਂ, ਭੇਤ ਤੇਰਾ ਮੈਂ ਕਿੱਦਾਂ ਪਾਵਾਂ ?
ਲੋਕੀਂ ਪੀ ਕੇ ਹੋਸ਼ ਭੁਲਾਂਦੇ, ਮੈਂ ਪੀਵਾਂ ਤਾਂ ਹੋਸ਼ 'ਚ ਆਵਾਂ।

• •

ਮਾਹੀ ਵੇ ! ਇਕ ਤੇਰਾ ਸਹਾਰਾ

ਮੈਂ ਇਕ ਸਾਧਾਰਨ ਸ਼ਹਿਰੀ ਹਾਂ। ਮੈਨੂੰ ਸ਼ਹਿਰ ਦੀ ਕਾਲੀ ਕੁੱਤੀ ਵੀ ਨਹੀਂ ਜਾਣਦੀ। ਮੇਰੇ ਹਮਾਤੜ ਕੋਲੋਂ ਕਿਸੇ ਕੀ ਲੈਣਾ ? ਝਾਵਾਂ ? ਨਾ ਮੇਰੇ ਕੋਲ ਕੋਈ ਅਹੁਦਾ ਹੈ, ਨਾ ਕੋਈ ਅਫ਼ਸਰੀ, ਨਾ ਦੌਲਤ ਤੇ ਨਾ ਵਾਕਫ਼ੀਅਤ। ਬਸ ਉਪਰ ਵਾਲੇ ਉਪਰ ਹੀ ਡੋਰਾਂ ਹਨ। ਵਾਕਫ਼ੀਅਤ ਤਾਂ ਪੈਸੇ ਵਾਲਿਆਂ ਦੀ ਹੁੰਦੀ ਹੈ। ਮੇਰੇ ਕੋਲ ਕਿਸੇ ਨੇ ਕੀ ਲੈਣਾ ? ਜੂੰਆਂ, ਮੇਰੇ ਨਾਲ ਜੇਕਰ ਕੋਈ ਵਧੀਕੀ ਕਰਦਾ ਹੈ ਜਾਂ ਮੈਨੂੰ ਜ਼ਲੀਲ ਕਰਨ ਲਈ ਮਨਸੂਬੇ ਬਣਾ ਰਿਹਾ ਹੈ ਤਾਂ ਉਹ ਮੈਨੂੰ ਬਿਨਾਂ ਰੋਕ ਟੋਕ ਦੇ ਮੇਰੇ ਖੰਭ ਖੋਹ ਸਕਦਾ ਹੈ। ਮੇਰੀ ਤਾਂ ਜਮਾਨਤ ਦੇਣ ਲਈ ਵੀ ਕੋਈ ਵਿਰਲਾ ਹੀ ਨਿਤਰੇਗਾ। ਏਥੇ ਤਾਂ ਸਭਨਾਂ ਨੂੰ ਬਸ ਆਪੋ ਆਪਣੀ ਪਈ ਹੋਈ ਹੈ। ਇਸ ਸੂਰਤੇਹਾਲ ਵਿਚ ਮੈਂ ਅਸੁਰੱਖਿਆ ਅਤੇ ਬੇਯਕੀਨੀ ਨਾਲ ਗ੍ਰਿਫ਼ਤਾਰ ਹਾਂ। ਇਸ ਵੇਲੇ ਦਾਰੂ ਦੀ ਸ਼ਰਨ ਲੈਣੀ ਹਲਾਲ ਹੈ। ਘੱਟੋ ਘੱਟ ਮੈਨੂੰ ਹੁਣ ਆਤਮਘਾਤ ਨਹੀਂ ਕਰਨਾ ਪਵੇਗਾ। ਜਿੰਨਾ ਚਿਰ ਮੈਂ ਇਸ ਘੁੰਮਣਘੇਰੀ ਵਿਚੋਂ ਕਿਨਾਰੇ ਨਹੀਂ ਲੱਗਦਾ, ਦਾਰੂ ਮਹਿਬੂਬਾ ਵਾਂਗ ਮੇਰੇ ਹਮਦਮ ਹੋਵੇਗੀ। ਮੈਂ ਚੜ੍ਹਦੀਆਂ ਕਲਾਂ ਵਿਚ ਪ੍ਰਵੇਸ਼ ਕਰਕੇ, ਕਲੀਆਂ ਵਾਂਗ ਮੁਸਕਰਾ ਰਿਹਾ ਹੋਵਾਂਗਾ। ਹੈ ਨਾ ਦੁਖ ਦਾਰੂ ?

ਮੈਂ ਇਕ ਸਿਆਸਤਦਾਨ ਹਾਂ। ਮੇਰੀ ਪਾਰਟੀ ਵਿਚੋਂ ਹੀ ਮੇਰੀਆਂ ਲੱਤਾਂ ਖਿੱਚਣ ਵਾਲੇ ਬਥੇਰੇ ਹਨ। ਪਹਿਲਾਂ ਹੀ ਮੈਨੂੰ ਬੜੇ ਯੁੱਧਾਂ ਨਾਲ ਪਾਰਟੀ ਟਿਕਟ ਮਿਲੀ ਹੈ। ਹੁਣ ਮੈਨੂੰ ਹਰਾਉਣ ਦੀਆਂ ਸਕੀਮਾਂ ਬਣ ਰਹੀਆਂ ਹਨ। ਇਕ ਪਾਸੇ ਮੈਂ ਆਪਣੀ ਵਿਰੋਧੀ ਪਾਰਟੀ ਦੀਆਂ ਕੋਝੀਆਂ ਤੇ ਕਮੀਨੀਆਂ ਚਾਲਾਂ ਦੀ ਬੁਛਾੜ ਸਹਿਣ ਕਰ ਰਿਹਾ ਹਾਂ। ਦੂਜੇ ਪਾਸੇ ਮੇਰੀ ਆਪਣੀ ਹੀ ਪਾਰਟੀ ਦੇ ਲੋਕ ਮੇਰੇ ਜੋੜਾਂ ਵਿਚ ਬੈਠਣ ਲਈ ਬੇਤਾਬ ਹਨ। 'ਵੜ ਜੀਆ ਨਿਕਲ ਜੀਆ'। ਇਧਰ ਜਾਵਾਂ ਕਿ ਉਧਰ ਜਾਵਾਂ। ਮੇਰੀ ਜਾਨ ਕੜਿੱਕੀ ਵਿਚ ਫਸੀ ਹੋਈ ਹੈ। ਮੈਨੂੰ ਅੰਦਰੋਂ ਬਾਹਰੋਂ ਕੋਈ ਵੀ ਮਹਿਰਮ ਨਜ਼ਰ ਨਹੀਂ ਆਉਂਦਾ। ਉੱਤੋਂ ਉੱਤੋਂ ਸਾਰੇ ਹੀ ਮੇਰੇ ਹਨ ਪਰ ਵਿਚੋਂ ਕੋਈ ਵੀ ਨਹੀਂ। ਮੇਰੀ ਜਾਨ ਕੜਿੱਕੀ ਵਿਚ ਫਸੀ ਹੋਈ ਹੈ। ਇਸ ਆਲਮ ਵਿਚ ਮੈਂ ਹਾਰ ਹੰਭ ਕੇ ਦਾਰੂ ਦਾ ਸਹਾਰਾ ਲੈਂਦਾ ਹਾਂ। ਪੀਂਦਿਆਂ ਪਿਲਾਂਦਿਆਂ ਰਾਤਾਂ ਗੁਜ਼ਰਦੀਆਂ ਹਨ ਪਰ ਦਿਨ ਚੜ੍ਹਦੇ ਹੀ ਮੇਰਾ ਦਾਮਨ ਥੰਮ੍ਹਣ ਵਾਲੇ ਤਿਆਰ ਹੁੰਦੇ ਹਨ। ਇਸ ਤਰ੍ਹਾਂ ਮੇਰੀ ਸਿਆਸਤ ਦੀ ਕਿਸ਼ਤੀ ਘੁੰਮਣਘੇਰੀਆਂ ਵਿਚੋਂ ਨਿਕਲਣ ਦਾ ਰਾਹ ਢੂੰਡਦੀ ਹੈ ਤੇ ਆਖ਼ਰ ਕਿਨਾਰੇ ਜਾ ਲੱਗਦੀ ਹੈ। ਸਾਹ ਵਿਚ ਸਾਹ ਆਉਂਦਾ ਹੈ। ਦੁਖ ਦਾਰੂ ਜੁ ਹੋਇਆ।

ਮੈਂ ਇਕ ਡਾਕਟਰ ਹਾਂ। ਚੰਗਾ ਭਲਾ। ਕਦੇ ਕਦਾਈਂ ਮੇਰੇ ਕੋਲੋਂ ਗ਼ਲਤ ਪਰਚਾ

ਕੱਟਿਆ ਜਾਂਦਾ ਹੈ ਜਾਂ ਕਟਾਇਆ ਜਾਂਦਾ ਹੈ। ਮੇਰੇ ਕੋਲੋਂ ਸੁਭੈਕੀ ਗ਼ਲਤ ਦਵਾਈ ਦਿੱਤੀ ਜਾਂਦੀ ਹੈ ਜਾਂ ਚੀਰ ਫਾੜ ਗ਼ਲਤ ਹੋ ਜਾਂਦਾ ਹੈ। ਮੇਰੇ ਵਿਰੁੱਧ ਕੇਸ ਦਰਜ ਕਰਾਇਆ ਜਾਂਦਾ ਹੈ ਜਾਂ ਮੈਨੂੰ ਨਿਲੰਬਧਤ ਕੀਤਾ ਜਾਂਦਾ ਹੈ। ਮੇਰੇ ਸਹਿਮਤੀ ਅਤੇ ਅਫ਼ਸਰ ਵੀ ਮੇਰਾ ਸਾਥ ਛੱਡ ਦੇਂਦੇ ਹਨ। ਮੈਨੂੰ ਉਹ ਵੀ ਦੋਸ਼ੀ ਸਮਝਣ ਲੱਗ ਪੈਂਦੇ ਹਨ। ਉਹ ਮੇਰੇ ਵਿਰੁੱਧ ਭੁਗਤਦੇ ਹਨ। ਮੈਨੂੰ ਭੱਜਣ ਲਈ ਕੋਈ ਰਾਹ-ਰਸਤਾ ਨਹੀਂ ਮਿਲਦਾ। ਮੇਰੀ ਬਾਂਹ ਫੜਨ ਲਈ ਕੋਈ ਨਹੀਂ ਬੌਹੜਦਾ। ਯਾਰ ਦੋਸਤ ਵੀ ਮੇਰੇ ਤੋਂ ਕੰਨੀਂ ਕਤਰਾਉਣ ਲੱਗਦੇ ਹਨ। ਉਸ ਸੁਲੱਖਣੀ ਘੜੀ ਦਾਰੂ ਆ ਕੇ ਮੇਰੀ ਬਾਂਹ ਫੜ ਲੈਂਦਾ ਹੈ। ਮੈਂ ਫਿਰ ਜਿਊਣ ਬਾਰੇ ਸੋਚਣ ਲੱਗਦਾ ਹਾਂ। ਮੇਰੀ ਸੋਚਣੀ ਸਾਰਥਕ ਹੋਣ ਲੱਗਦੀ ਹੈ। ਮੇਰੇ ਦੁਸ਼ਮਣ ਦੋਸਤਾਂ ਵਿਚ ਬਦਲਣ ਲੱਗਦੇ ਹਨ। ਗੁੱਥੀਆਂ ਸੁਲਝਣ ਲੱਗਦੀਆਂ ਹਨ। ਢੋਅ ਢੁਕਣ ਲੱਗਦੇ ਹਨ। ਪੁੱਠੀਆਂ ਸਿੱਧੀਆਂ ਪੈਣ ਲੱਗਦੀਆਂ ਹਨ। ਅਖ਼ੀਰ ਮੈਂ ਸਹੀ ਸਲਾਮਤ ਕੰਢੇ ਲੱਗ ਜਾਂਦਾ ਹਾਂ। ਵਾਹਿਗੁਰੂ ਵਾਹਿਗੁਰੂ ਕਰਦਾ।

ਮੈਂ ਇਕ ਵਪਾਰੀ ਹਾਂ। ਮੇਰਾ ਧੰਦਾ ਬਹੁਤ ਫਲ ਰਿਹਾ ਹੈ। ਆਲੇ ਦੁਆਲੇ ਦੇ ਵਪਾਰੀਆਂ ਨੂੰ ਢਿੱਡ ਪੀੜ ਹੋ ਰਹੀ ਹੈ। ਕੁੱਤੇ ਬਿੱਲੇ ਮੈਨੂੰ ਕਹਿਰੀ ਤੇ ਜ਼ਹਿਰੀ ਨਜ਼ਰਾਂ ਨਾਲ ਵੇਖ ਰਹੇ ਹਨ। ਮੇਰਾ ਮੱਕੂ ਠੱਪਣ ਦੇ ਮਨਸੂਬੇ ਬਣ ਰਹੇ ਹਨ। ਮੇਰੇ ਕੜਾਹ ਵਿਚ ਪਾਣੀ ਪਾਉਣ ਦੀਆਂ ਸਾਜ਼ਸ਼ਾਂ ਹੋ ਰਹੀਆਂ ਹਨ। ਟੈਕਸ, ਆਮਦਨ ਟੈਕਸ ਤੇ ਪੁਲਿਸ ਵਾਲੇ ਮੇਰਾ ਘੇਰਾ ਘੱਤਣ ਦੀ ਤਿਆਰੀ ਵਿਚ ਹਨ। ਮੈਂ ਇਨ੍ਹਾਂ ਤੋਂ ਸਹੀ ਸਲਾਮਤ ਰਹਿਣ ਲਈ ਅਤੇ ਹੋਰ ਕਈ ਆਧੀਆਂ ਪਵਾਧੀਆਂ ਤੋਂ ਮਹਿਫ਼ੂਜ਼ ਰਹਿਣ ਲਈ ਕਈ ਕਈ ਸੁੱਖਣਾ ਸੁਖਦਾ ਹਾਂ। ਅਖ਼ੀਰ ਇਕ ਦਿਨ ਇਨ੍ਹਾਂ ਦੀ ਦਾੜ੍ਹ ਹੇਠ ਆ ਹੀ ਜਾਂਦਾ ਹਾਂ। ਮੈਂ ਬਚ ਬਚਾਅ ਲਈ ਸਿਆਸੀ ਆਗੂਆਂ ਕੋਲੋ ਦੌੜਦਾ ਹਾਂ। ਉਹ ਵਿਚੋਲਗੀ ਕਰਕੇ ਮੇਰੀ ਬੇੜੀ ਤਾਂ ਮੰਝਧਾਰ ਵਿਚੋਂ ਕੱਢ ਦਿੰਦੇ ਹਨ ਪਰ ਇਸ ਸ਼ੁਭ ਕਾਰਜ ਵਿਚ ਮੇਰਾ ਭੁੱਗਾ ਉੱਜੜ ਜਾਂਦਾ ਹੈ। ਜਿੱਤਿਆ ਵੀ ਹਾਰਿਆਂ ਵਰਗਾ। ਮੈਨੂੰ ਦਿਨੇ ਹੀ ਤਾਰੇ ਦਿਸਣ ਲੱਗਦੇ ਹਨ। ਮੇਰੇ ਸ਼ਰੀਕਾਂ ਦੇ ਪੈਰ ਭੁੰਜੇ ਨਹੀਂ ਲੱਗਦੇ। ਉਹ ਮੇਰੀ ਮੰਦਹਾਲੀ ਦੀ ਦਾਸਤਾਂ ਰੋ ਰੋ ਕੇ ਸੁਣਦੇ ਹਨ ਤੇ ਲੋਕਾਂ ਨੂੰ ਹੱਸ ਹੱਸ ਕੇ ਸੁਣਾਉਂਦੇ ਹਨ। ਮੈਂ ਆਪਣੇ ਕਰਮਾਂ ਨੂੰ ਕੋਸਣ ਲੱਗਦਾ ਹਾਂ। ਮੇਰਾ ਕੋਈ ਦਿਲਦਾਰ ਮੇਰੇ ਹੰਭੇ ਹੋਏ ਹੱਥਾਂ ਵਿਚ ਜਾਮ ਫੜਾਉਂਦਾ ਹੈ। ਮੇਰਾ ਸ੍ਵੈ-ਵਿਸ਼ਵਾਸ ਤੇ ਹੌਂਸਲਾ ਵਾਪਸ ਪਰਤਣ ਲੱਗਦਾ ਹੈ। ਜੀਵਨ ਰੌਅ ਹਰਕਤ ਵਿਚ ਆਉਣ ਲੱਗਦੀ ਹੈ। ਜੇਕਰ ਮੇਰਾ ਹੱਥ ਖ਼ਾਲੀ ਰਹਿੰਦਾ ਤਾਂ ਖੌਰਿਆ ਮੇਰਾ ਕੀ ਬਣਦਾ ? ਮੈਂ ਹੁੰਦਾ ਕਿ ਨਾ ਹੁੰਦਾ। ਸੋਚਣਾ ਦੁਸ਼ਵਾਰ ਹੈ। ਦੁਖ ਦਾਰੂ।

ਮੈਂ ਇਕ ਈਮਾਨਦਾਰ ਅਫ਼ਸਰ ਹਾਂ। ਮੈਂ ਦੋ ਨੰਬਰ ਦੀ ਕਮਾਈ ਜਾਂ ਧੰਦਾ ਨਹੀਂ ਕਰਦਾ। ਮੈਂ ਆਮ ਅਫ਼ਸਰਾਂ ਵਾਂਗ ਉੱਚ ਅਫ਼ਸਰਾਂ ਜਾਂ ਮੰਤਰੀਆਂ ਦੀ ਚਾਪਲੂਸੀ ਨਹੀਂ ਕਰਦਾ। ਬੇਈਮਾਨੀ ਮੇਰੇ ਜ਼ਿਹਨ ਵਿਚ ਫਿਟ ਨਹੀਂ ਹੁੰਦੀ। ਮੈਂ ਨਾ ਕਿਸੇ ਦੀ ਕੋਈ ਵਗਾਰ ਪੂਰੀ ਕਰਦਾ ਹਾਂ ਤੇ ਨਾ ਹੀ ਤੋਹਫ਼ੇ ਡਾਲੀਆਂ ਵਿਚ ਯਕੀਨ ਰੱਖਦਾ ਹਾਂ। ਦੀਵਾਲੀ ਨੂੰ ਮੇਰੇ ਘਰ ਡੱਬਿਆਂ ਦਾ ਦਾਨ ਪ੍ਰਦਾਨ ਨਹੀਂ ਹੁੰਦਾ। ਮੈਂ ਆਪਣੇ ਅਫ਼ਸਰਾਂ ਦੀਆਂ ਸਿਫਾਰਸ਼ਾਂ ਨਹੀਂ ਮੰਨਦਾ। ਮੈਂ ਇਨਸਾਫ਼ ਪਸੰਦ ਹਾਂ। ਮੇਰੇ 'ਖ਼ੈਰ ਖਾਹਾਂ' ਦੀ ਚੰਡਾਲ ਚੌਕੜੀ

ਮੈਨੂੰ ਫਸਾਉਣ ਲਈ ਬੇਤਾਬ ਫਿਰਦੀ ਹੈ। ਮੇਰੇ ਵਿਰੁੱਧ ਸ਼ਿਕਾਇਤਾਂ ਤੇ ਵਿਭਾਗੀ ਪੜਤਾਲਾਂ ਦੀ ਝੜੀ ਲੱਗੀ ਰਹਿੰਦੀ ਹੈ। ਹਰ ਰੋਜ਼ ਮੈਨੂੰ ਨੌਕਰੀਓਂ ਬਰਖਾਸਤ ਕਰਨ ਅਤੇ ਜੇਲ੍ਹ ਯਾਤਰਾ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਮੈਂ ਕਈ ਵਾਰ ਨੌਕਰੀ ਤਿਆਗਣ ਲਈ ਸੋਚਦਾ ਹਾਂ ਪਰ ਘਰੇਲੂ ਮਜਬੂਰੀਆਂ ਅਜਿਹਾ ਕਦਮ ਚੁੱਕਣ ਨਹੀਂ ਦਿੰਦੀਆਂ। ਮੇਰੇ ਘਰ ਵਾਲੇ ਤੇ ਸ਼ਰੀਕ ਇਕੋ ਬੋਲੀ ਬੋਲਦੇ ਹਨ। ਮੇਰਾ ਬੱਸ ਅੱਲਾ ਹੀ ਬੇਲੀ ਹੈ। ਉਹ ਵੀ ਅੱਜ ਕੱਲ੍ਹ ਮੇਰੀ ਸਾਰ ਨਹੀਂ ਲੈ ਰਿਹਾ। ਪਰ ਉਸਨੇ ਜਾਮ ਦੇ ਰੂਪ ਵਿਚ ਮੈਨੂੰ ਸਾਖਸ਼ਾਤ ਦਰਸ਼ਨ ਦਿੱਤੇ ਹਨ। ਮੈਂ ਜਾਮ ਦੀ ਕ੍ਰਿਪਾ ਨਾਲ ਆਪਣੇ ਪੈਰਾਂ ਤੋਂ ਮੁੜ ਖੜੋ ਗਿਆ ਹਾਂ। ਮੈਨੂੰ ਹੁਣ ਦੁਸ਼ਮਣਾਂ ਤੋਂ ਰਤੀ ਡਰ ਨਹੀਂ ਲੱਗਦਾ। ਮੈਂ ਦਾਰੂ ਦੀ ਇਸ ਵਕਤੀ ਤੇ ਵਿਆਪਕ ਇਮਦਾਦ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ। ਦੁਖ ਦਾਰੂ।

ਮੈਂ ਇਕ ਗ੍ਰਹਿਸਥੀ ਹਾਂ। ਮੇਰੀ ਘਰ ਵਾਲੀ ਬਦਚਲਣ, ਹੋਛੀ ਤੇ ਲੜਾਕੀ ਹੈ। ਉਹ ਨਿੱਕੀ ਮੋਟੀ ਗੱਲ ਤੇ ਦਿਹਾੜੀ ਵਿਚ ਮੇਰੇ ਨਾਲ ਵੀਹ ਵਾਰੀ ਲੜਦੀ ਭਿੜਦੀ ਹੈ। ਮੈਂ ਉਸ ਨੂੰ ਕਈ ਵਾਸਤੇ ਦੇ ਕੇ ਸਮਝਾਉਣ ਦੀ ਕੋਸ਼ਿਸ਼ ਕਰਦਾ ਹਾਂ ਪਰ ਉਸਦੇ ਖਾਨੇ ਵਿਚ ਕੋਈ ਨਸੀਹਤ ਨਹੀਂ ਬੈਠਦੀ। ਉਸ ਨੂੰ ਆਪਣੇ ਬੱਚਿਆਂ ਕੋਈ ਚਿੰਤਾ ਨਹੀਂ। ਉਸਨੇ ਮੇਰੀ ਵੱਡੀ ਬੇਟੀ ਨੂੰ ਵੀ ਆਪਣੇ ਮਗਰ ਲਾ ਲਿਆ ਹੈ ਤੇ ਉਸ ਨਾਲ ਬੇਫ਼ਿਕਰ ਬਾਹਰ ਅੰਦਰ ਜਾਂਦੀ ਆਉਂਦੀ ਹੈ। ਉਸ ਨੂੰ ਰੋਕਣ ਟੋਕਣ ਵਾਲੇ ਉਸ ਨਾਲ ਇੱਟ-ਖੜਿੱਕਾ ਲੈਂਦੇ ਹਨ ਪਰ ਉਸਦੇ ਜਾਣੇ ਬਲਾਈਂ। ਮੇਰੇ ਵੱਡੇ ਲੜਕੇ ਨੇ ਆਪਣੀ ਭੈਣ ਨੂੰ ਸੁਧਰਨ ਲਈ ਤਾੜਿਆ ਹੈ ਪਰ ਉਹ ਨਹੀਂ ਟਲੀ। ਉਸਨੇ ਤੈਸ਼ ਵਿਚ ਆ ਕੇ ਉਸਦਾ ਗਲਾ ਦਬਾ ਦਿੱਤਾ ਹੈ। ਇਕ ਹੋਰ ਸਿਆਪਾ ਮੇਰੇ ਗਲ ਪੈ ਗਿਆ। ਮੇਰੇ ਘਰ ਵਾਲੀ ਨੇ ਆਪਣੇ ਹੀ ਲੜਕੇ ਵਿਰੁੱਧ ਕੇਸ ਦਰਜ ਕਰਵਾ ਦਿੱਤਾ ਹੈ। ਉਹ ਅੱਜ ਕੱਲ੍ਹ ਅੰਦਰ ਹੈ। ਮੇਰੀ ਘਰ ਵਾਲੀ ਆਪਣੇ ਕੰਮ ਧੰਦੇ ਵਿਚ ਪਹਿਲਾਂ ਵਾਂਗ ਹੀ ਮਸਰੂਫ਼ ਹੈ। ਮੈਂ ਬੈਠਾ ਝੂਰੀ ਜਾ ਰਿਹਾ ਹਾਂ। ਆਖ਼ਿਰ ਮੇਰਾ ਕਸੂਰ ਕੀ ਹੈ ? ਇੱਜ਼ਤ ਨਾਲ ਜੀਣਾ ਕੋਈ ਗੁਨਾਹ ਤਾਂ ਨਹੀਂ। ਮੇਰੀ ਝੋਲੀ ਗ਼ਮਾਂ ਨਾਲ ਭਰ ਗਈ ਹੈ। ਮੇਰੇ ਅੰਗ ਸਾਕ ਤੇ ਯਾਰ ਬੇਲੀ ਵੀ ਮੈਥੋਂ ਕੰਨੀਂ ਵੱਟਣ ਲੱਗ ਪਏ ਹਨ। ਅਖ਼ੀਰ ਮੇਰਾ ਧਿਆਨ ਜਾਮ ਵੱਲ ਗਿਆ ਹੈ। ਇਹ ਹੀ ਮੇਰਾ ਯਾਰ ਬੇਲੀ ਤੇ ਰਿਸ਼ਤੇਦਾਰ ਹੈ। ਇਹ ਹੀ ਮੇਰੀ ਆਸਥਾ ਤੇ ਇਸ਼ਟ ਹੈ। ਮੇਰਾ ਦੁਖ ਨਿਵਾਰਣ। ਮੇਰਾ ਦੁਖ ਦਾਰੂ। ਮੇਰਾ ਸੰਕਟ ਮੋਚਨ। ਇਸੇ ਲਈ ਤਾਂ ਕਿਸੇ ਭਲੇਮਾਣਸ ਨੇ ਠੀਕ ਹੀ ਆਖਿਆ ਹੋਵੇਗਾ ਇਸ ਦੁਖ ਦਾਰੂ ਬਾਰੇ—

ਇਕ ਨਾਮ ਸਹਾਰਾ ਹੈ, ਇਕ ਜਾਮ ਸਹਾਰਾ ਹੈ
ਇਕ ਸੁਬ੍ਹਾ ਸਹਾਰਾ ਹੈ, ਇਕ ਸ਼ਾਮ ਸਹਾਰਾ ਹੈ।

• •



ਸਾਡੀ ਪੇਂਡੂ ਰਹਿਤਲ ਕਈ ਰੰਗਾਂ ਵਿਚ ਵਿਚਰਦੀ ਹੈ। ਹਰ ਰੰਗ ਦੀ ਆਪਣੀ ਊਰਜਾ ਤੇ ਨੁਹਾਰ ਹੈ। ਪਰ ਕਈ ਰੰਗ ਸਾਡੀ ਨਜ਼ਰ ਤੋਂ ਓਹਲੇ ਵੀ ਰਹਿ ਜਾਂਦੇ ਹਨ। ਸਾਡੇ ਪੇਂਡੂ ਸਮਾਜ ਵਿਚ ਵਿਚਰਦੇ ਕਈ ਚਿਹਰੇ ਅਕਸਰ ਅਣਗੌਲੇ ਤੇ ਵਿਸਰੇ ਵਿਸਾਰੇ ਹੀ ਰਹਿ ਜਾਂਦੇ ਹਨ। ਬਲਵਿੰਦਰ ਸਿੰਘ ਫ਼ਤਹਿਪੁਰੀ ਨੇ ਇਨ੍ਹਾਂ ਅਣਗੌਲੇ ਕਿਰਦਾਰਾਂ ਦੀ ਨਿਸ਼ਾਨਦੇਹੀ ਬੜੀ ਬਾਰੀਕਬੀਨੀ ਨਾਲ ਆਪਣੀਆਂ ਲਿਖਤਾਂ ਵਿਚ ਕੀਤੀ ਹੈ। ਲੀਹ ਤੋਂ ਹਟ ਕੇ ਕੁਝ ਨਵਾਂ ਕਰਨ ਦੀ ਪਹਿਲ ਕਦੇ ਕਦਾਈਂ ਹੀ ਹੁੰਦੀ ਹੈ।

ਫ਼ਤਹਿਪੁਰੀ ਦੀ ਇਹ ਨਵੀਂ ਪੁਸਤਕ 'ਦੁੱਖ ਤੇ ਦਾਰੂ' ਆਪਣੇ ਵਿਸ਼ੇ ਤੇ ਅਨੁਭਵ ਦੀ ਨਵੀਨਤਾ ਦੇ ਪ੍ਰਗਟਾ ਵਾਲੀ ਹੈ। ਇਸ ਵਿਚ ਨਸ਼ਿਆਂ ਦੀ ਪ੍ਰੋੜਤਾ ਤਾਂ ਨਹੀਂ ਕੀਤੀ ਗਈ ਪਰ ਇਸ ਦੀ ਨਿਖੇਧੀ ਕਰਦੇ ਅਖੌਤੀ ਵਰਤਾਰਿਆਂ ਦੀ ਗੱਲ ਜ਼ਰੂਰ ਕੀਤੀ ਗਈ ਹੈ। ਨਸ਼ਿਆਂ ਦੀ ਵਰਤੋਂ ਬਾਰੇ ਜਗਿਆਸਾ ਪ੍ਰਗਟਾਉਣੀ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਹੈ, ਪਰ ਇਸ ਦੀ ਹੋ ਰਹੀ ਵਰਤੋਂ ਦੇ ਪਿਛੋਕੜ ਨੂੰ ਤਾਂ ਘੋਖਿਆ ਜਾ ਹੀ ਸਕਦਾ ਹੈ। ਫ਼ਤਹਿਪੁਰੀ ਨੇ ਅਜੇਹੀ ਹੀ ਕੋਸ਼ਿਸ਼ ਕੀਤੀ ਹੈ। ਕੁਝ ਨਵਾਂ ਕਰਨ ਦੇ ਜੋਖ਼ਮ ਜ਼ਰੂਰ ਹੁੰਦੇ ਹਨ। ਫ਼ਤਹਿਪੁਰੀ ਨੇ ਇਹ ਜੋਖ਼ਮ ਆਪਣੇ ਸਿਰ ਲਿਆ ਹੈ।

—ਪਰਮਿੰਦਰਜੀਤ

ਲੋਕ ਸਾਹਿਤ ਪ੍ਰਕਾਸ਼ਨ
ਅੰਮ੍ਰਿਤਸਰ

ISBN-81-7168-052-6
9 788171 680528